ਜੂਨ 2024

# ਗੁਰਮਤਿ ਵਿਰਸਾ

# GURMAT VIRSA गुरमति विरसा

Year-5, Issue-11, June 2024, Ludhiana gurmatvirsa@gmail.com Multilingual Price 25/-



## ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਅਤੇ ਪਾਦਰੀ ਜੇਰੋਮ ਜ਼ੈਵੀਅਰ

## ਜੂਨ ਚੌਰਾਸੀ ਦੀ ਸਦੀਵੀ ਪੀੜ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਪਿਛਲੇ ਦਿਨੀਂ ਅਕਾਲ ਪੁਰਖ ਕੀ ਫੌਜ ਅੰਮ੍ਰਿਤਸਰ ਵਲੋਂ ਸ. ਅਰਸ਼ਦੀਪ ਸਿੰਘ ਪਾਇਨੀਰ ਇੰਡਸਟ੍ਰੀਜ਼ ਨੂੰ ਸਨਮਾਨਤ ਕੀਤਾ ਗਿਆ



ਸ. ਮਨਪ੍ਰੀਤ ਸਿੰਘ (ਪੋਸਟ ਆਫਿਸ ਭਾਰਤ ਨਗਰ ਚੌਂਕ) ਸਟਾਫ ਸਮੇਤ ਕਾਲਜ ਆਉਣ 'ਤੇ ਸਨਮਾਨਤ ਕੀਤੇ ਗਏ।




ਕੇਂਦਰ ਪਰਿੰਗੜੀ ਵਿਖੇ ਗੁਰਮਤਿ ਕਲਾਸ ਲਗਾਈ ਗਈ।



ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਬਿਨਾਹੇੜੀ (ਨਾਭਾ) ਵਿਖੇ ਗੁਰਮਤਿ ਕੈਂਪ ਲਗਾਇਆ ਗਿਆ



ਸਾਹਿਬ ਪਬਲਿਕ ਸਕੂਲ (ਲੁਧਿਆਣਾ) ਦੇ ਬੱਚੇ ਗੁਰਮਤਿ ਕੈਂਪ ਵਿਚ ਹਾਜ਼ਰੀ ਭਰਦੇ ਹੋਏ।



ਕੇਂਦਰ ਚੱਕ ਸਿੰਘਾ ਦੇ ਓਰੀਐਂਟ ਪਬਲਿਕ ਸਕੂਲ, ਸਮੁੰਦੜਾ ਵਿਖੇ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ ਗਿਆ।



ਜੇ.ਐਸ.ਐਫ.ਐਚ ਖਾਲਸਾ ਸਕੂਲ, ਨਵਾਂਸ਼ਹਿਰ ਵਿਖੇ ਗੁਰਮਤਿ ਕੈਂਪ ਵਿਚ ਹਾਜ਼ਰੀ ਭਰਦੇ ਹੋਏ ਬੱਚੇ।



ਕੇਂਦਰ ਵਜੀਦ-ਕੇ ਖੁਰਦ (ਬਰਨਾਲਾ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਪਿੰਡ ਰੂੜੇਆਸਲ (ਤਰਨਤਾਰਨ) ਵਿਖੇ ਕੈਪਟਨ ਅਵਤਾਰ ਸਿੰਘ ਬੱਚਿਆਂ ਦੀ ਗੁਰਮਤਿ ਕਲਾਸ ਲਗਾਉਂਦਿਆਂ।



ਕੇਂਦਰ ਜੰਮੂ ਦੇ ਪਿੰਡ ਫਿੰਦਰ (ਆਰ.ਐਸ. ਪੁਰਾ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

# ਗੁਰਮਤਿ ਵਿਰਸਾ

**ਜੂਨ 2024** **(ਮਾਸਿਕ ਮੈਗਜ਼ੀਨ)**



**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


### ਜੇਠ-ਹਾੜ੍ਹ ਮਹੀਨੇ ਦੇ ਖਾਸ ਦਿਹਾੜੇ

| | |
|---|---|
| - ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ 1984 | 21 ਜੇਠ (4 ਜੂਨ) |
| - ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 28 ਜੇਠ (11 ਜੂਨ) |
| - ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਸਾਹਿਬ ਜੀ | 2 ਹਾੜ੍ਹ (16 ਜੂਨ) |
| - ਸ਼ਹੀਦੀ ਬਾਬਾ ਬੰਦਾ ਸਿੰਘ ਜੀ ਬਹਾਦਰ | 10 ਹਾੜ੍ਹ (24 ਜੂਨ) |


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**

**PUNMUL/2019/78309**


### ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਜੂਨ ਚੌਰਾਸੀ ਦੀ ਸਦੀਵੀ ਪੀੜ | 10 |
| ਗੁਰੁ ਅਰਜੁਨੁ ਪਰਤਖੁ ਹਰਿ | 13 |
| ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਅਤੇ ਪਾਦਰੀ ਜੇਰੋਮ... | 16 |
| ਧਰਮ ਦੇ ਨਾਂ 'ਤੇ ਹੋ ਰਹੀ ਲੁੱਟ | 17 |
| ਪੰਜਾਬ ਵਿਧਾਨ ਸਭਾ ਵਿਚ ਪੋਸਤ ਖੇਤੀ ਦੀ ਮੰਗ ਨਸ਼ਾ ਪ੍ਰਚਲਨ... | 19 |
| ਸਿੱਖ ਕੌਮ ਖੋਜੀ ਕਲਮਕਾਰ ਪੈਦਾ ਕਰਨ ਬਾਰੇ ਨਿਰਨਾ ਲਵੇ | 20 |
| ਨੰਨੇ ਵਾਰਸ | 22 |
| ਸਾਡਾ ਇਤਿਹਾਸ ਨੰ. 1 | 24 |
| ਖਾਲਸੇ ਦੀ ਚੜ੍ਹਦੀ ਕਲਾ ਦੀ ਗਾਥਾ | 28 |
| ਕਾਵਿ ਕਿਆਰੀ | 30 |
| ਇਨਸਾਨ ਦੀ ਸੋਚ ਅਤੇ ਵਿਸ਼ਵਾਸ | 31 |
| ਆਰਕਟਿਕ ਦੀ ਬਰਫ਼ ਅਤੇ ਪੁਰਾਣੇ ਵਾਇਰਸ | 32 |
| **प्रोफेसर पूरन सिंह विज्ञान और आध्यातम का मिश्रण** | **33** |
| Bhagat Jaidev Ji | 34 |
| ਸਿਹਤ ਸੰਭਾਲ | 37 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਅਪ੍ਰੈਲ ਮਹੀਨੇ ਦੀਆਂ ਸਰਗਰਮੀਆਂ | 41 |





### ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਦਲ ਬਦਲੀ, ਇਖਲਾਕੀ ਗਿਰਾਵਟ ਤੇ ਲੋਕ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

2024 ਦੀਆਂ ਲੋਕ ਸਭਾ ਚੋਣਾਂ ਵਿਚ ਦਲ-ਬਦਲੀ ਦੀ ਜੇ ਹੋਵੇ--

ਜਦੋਂ ਤਕ ਗੁਰਮਤਿ ਵਿਰਸਾ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਹੋਏਗਾ ਓਦੋਂ ਤਕ ਲੋਕ ਸਭਾ ਦੀਆਂ ਚੋਣਾਂ ਦੇ ਨਤੀਜੇ ਆ ਗਏ ਹੋਣਗੇ। ਫਿਰ ਵੀ ਹਾਲਾਤਾਂ ਨੂੰ ਮੁੱਖ ਰੱਖਦਿਆਂ ਦਲ-ਬਦਲੂਆਂ ਦੇ ਕਿਰਦਾਰ ਵਿਚ ਆਈ ਗਿਰਾਵਟ ਸਬੰਧੀ ਕੁਝ ਕਹਿਣ ਦਾ ਯਤਨ ਕੀਤਾ ਹੈ। 2024 ਦੀਆਂ ਪਾਰਲੀਮੈਂਟਰੀ ਚੋਣਾਂ ਵਿਚ ਦਲ-ਬਦਲੀਆਂ ਦਾ ਹਨੇਰ ਆਇਆ ਰਿਹਾ ਹੈ। ਕੋਈ ਦੀਨ ਮਜ਼ਬ ਵਾਲੀ ਗੱਲ ਨਹੀਂ ਰਹੀ। ਵਰਤਮਾਨ ਸਮੇਂ ਵਿਚ ਬਹੁਤੇ ਲੀਡਰ ਚੁਫੇਰ ਗੜ੍ਹੀਏ ਹੋ ਗਏ ਹਨ। ਵੋਟਰਾਂ ਦਾ ਕੋਈ ਪਤਾ ਨਹੀਂ ਕਿ ਇਸ ਵਾਰੀ ਸ਼ਾਇਦ ਦਲ ਬਦਲੂਆਂ ਨੂੰ ਸਬਕ ਸਿਖਾ ਦੇਣ। ਇਹ ਚੋਣਾਂ ਵੋਟਰਾਂ ਲਈ ਵੀ ਪਰਖ ਦੀ ਘੜੀ ਹੋਏਗੀ। ਜੇ ਵੋਟਰਾਂ ਨੇ ਦਲ ਬਦਲੀ ਕਰਨ ਵਾਲਿਆਂ ਨੂੰ ਸਬਕ ਨਾ ਸਿਖਾਇਆ ਤਾਂ ਇਹ ਸਵਾਲ ਸਦਾ ਚੁੱਭਦੇ ਰਹਿਣਗੇ। ਦਲ ਬਦਲੀ ਕਰਨ ਵਾਲਿਆਂ ਨੇ ਸ਼ਰਮ ਹਯਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਅਜੇਹੇ ਲੀਡਰਾਂ ਨੂੰ ਦੇਖ ਕੇ ਕਚਿਆਣ ਆਉਂਦੀ ਹੈ। ਏਦਾਂ ਦੇ ਕਿਰਦਾਰਾਂ ਸਬੰਧੀ ਉਸਤਾਦ ਦਾਮਨ ਸਾਹਿਬ ਦੇ ਬੋਲ ਬਹੁਤ ਪਿਆਰੇ ਹਨ—

ਇਹਨਾਂ ਹਾਕਮਾਂ ਦਾ ਯਾਰੋ ਕੀ ਕਰੀਏ,
ਜਿਹੜੀ ਥਾਂ ਬੈਠੇ ਉਹ ਥਾਂ ਖਾ ਗਏ।
ਇਹਨਾਂ ਕੋਲੋਂ ਬਚਾ ਲਓ ਬੱਚਿਆਂ ਨੂੰ,
ਕੁਕੜ ਖਾਣ ਲੱਗੇ ਸਾਰੇ ਕਾਂ ਖਾ ਗਏ।
ਕਲ੍ਹ ਨੂੰ ਇਹ ਨਾ ਕਹਿਣ ਜਹਾਨ ਵਾਲੇ,
ਪੁੱਤਰ ਇਹ ਕਾਹਦੇ ਆਪਣੀ ਮਾਂ ਖਾ ਗਏ।

ਰੂਹ ਨੂੰ ਚੀਰਨ ਵਾਲੇ ਲਾਲਚੀ, ਦੰਭੀਆਂ ਰਾਜਨੀਤਿਕਾਂ ਨੂੰ ਕੁਝ ਸਵਾਲ—ਜਿਹੜੇ ਸਦਾ ਸੋਚਣ ਲਈ ਮਜਬੂਰ ਕਰਦੇ ਰਹਿੰਦੇ ਹਨ--

ਕੀ ਇਕੋ ਨੇਤਾ ਨੂੰ ਹੀ ਵਾਰ ਵਾਰ ਟਿਕਟ ਲੈਣ ਦਾ ਹੱਕ ਹੈ?

ਕੀ ਇਕੋ ਪਰਵਾਰ ਦੇ ਜੀਆਂ ਨੂੰ ਹੀ ਟਿਕਟ ਮਿਲਣੀ ਚਾਹੀਦੀ ਹੈ?

ਕੀ ਵਰਕਰਾਂ ਵਿਚ ਕੋਈ ਵੀ ਕਾਬਲ ਨੇਤਾ ਨਹੀਂ ਹੁੰਦਾ ਜੋ ਟਿਕਟ ਦਾ ਹੱਕਦਾਰ ਹੋਵੇ?

ਕੀ ਜੇ ਟਿਕਟ ਨਹੀਂ ਮਿਲੀ ਤਾਂ ਪਾਰਟੀ ਛੱਡ ਦੇਣੀ ਚਾਹੀਦੀ ਹੈ?

ਕੀ ਸਰਕਾਰੀ ਦਮਨ ਕਰਕੇ ਪਾਰਟੀ ਨਾਲੋਂ ਨਾਤਾ ਤੋੜ ਲੈਣਾ ਚਾਹੀਦਾ ਹੈ?

ਜਿਹੜੀ ਪਾਰਟੀ ਨੇ ਸਾਰੀ ਜ਼ਿੰਦਗੀ ਮਾਣ ਸਨਮਾਨ ਦਿੱਤਾ ਹੋਵੇ ਉਸ ਦੀ ਪਿੱਠ ਵਿਚ ਛੁਰਾ ਮਾਰਨਾ ਚਾਹੀਦਾ ਹੈ?

ਕੀ ਪਾਰਟੀ ਬਦਲਣ ਲੱਗਿਆਂ ਕਦੇ ਜ਼ਮੀਰ ਦੀ ਅਵਾਜ਼ ਵੀ ਸੁਣੀ ਹੈ?

ਜਿਹੜੀ ਪਾਰਟੀ ਨੂੰ ਪਾਣੀ ਪੀ ਪੀ ਕੇ ਕੋਸਦੇ ਰਹੇ ਹੋ ਉਹ ਰਾਤੋ ਰਾਤ ਕਿਦਾਂ ਵਧੀਆਂ ਬਣ ਗਈ?

ਕੀ ਪਾਰਟੀ ਵਿਚ ਸੇਵਾ ਕਰਨ ਵਾਲੇ ਨੇਤਾ ਨੂੰ ਛੱਡ ਕੇ ਪਾਰਟੀ ਬਦਲਣ ਵਾਲੇ ਨੂੰ ਟਿਕਟ ਦੇਣੀ ਜ਼ਰੂਰੀ ਹੈ?

ਕੀ ਸਾਰੀਆਂ ਪਾਰਟੀਆਂ ਵਿਚੋਂ ਲੋਕਰਾਜ ਖਤਮ ਹੋ ਗਿਆ ਹੈ?

ਪਾਰਟੀਆਂ ਸਥਾਨਿਕ ਨੇਤਾਵਾਂ ਨੂੰ ਪਹਿਲ ਕਿਉਂ ਨਹੀਂ ਦਿੰਦੀਆਂ?

ਕੀ ਜਨਤਾ ਕਸੂਰਵਾਰ ਨਹੀਂ ਹੈ, ਜਿਹੜੀ ਬਿਨਾ ਦੇਖੇ ਸਮਝੇ ਸਨੀ ਦਿਉਲ ਵਰਗਿਆਂ ਨੂੰ ਜਿਤਾ ਕਿ ਪਾਰਲੀਮੈਂਟ ਵਿਚ ਭੇਜਦੀ ਹੈ? ਕੀ ਆਮ ਆਦਮੀ ਪਾਰਟੀ ਵਲੋਂ ਪੰਜਾਬ ਦੀ ਨੁਮਾਇੰਦਗੀ ਕਰਨ ਲਈ ਰਾਜ ਸਭਾ ਵਿਚ ਜਿਹੜੇ ਸੱਜਣ ਭੇਜੇ ਹਨ ਉਨ੍ਹਾਂ ਨੇ ਪੰਜਾਬ ਦਾ ਕਦੇ ਕੋਈ ਮਸਲਾ ਵੀ ਉਠਾਇਆ ਹੈ? ਪੰਜਾਬ ਵਾਸਤੇ ਕਿਸੇ ਪ੍ਰਜੇਕਟ ਦੀ ਮੰਗ ਵੀ ਕੀਤੀ ਹੈ?

ਆਮ ਆਦਮੀ ਪਾਰਟੀ ਵਾਲੇ ਇਹ ਵੀ ਕਹਿੰਦੇ ਹਨ ਕਿ ਪਹਿਲੇ ਰਾਜ ਸਭਾ ਮੈਂਬਰਾਂ ਨੇ ਕਦੇ ਕੋਈ ਪੰਜਾਬ ਦਾ ਮੁੱਦਾ ਨਹੀਂ ਚੁੱਕਿਆ। ਇਹ ਬਿਲਕੁਲ ਠੀਕ ਹੈ ਜੇ ਪਹਿਲਿਆਂ ਕਦੇ ਕੋਈ ਮਸਲਾ ਨਹੀਂ ਚੁੱਕਿਆ ਤਾਂ ਫਿਰ ਇਨ੍ਹਾਂ ਨੂੰ ਕੀ ਜ਼ਰੂਰਤ ਹੈ ਮੁਫਤ ਵਿਚ ਪੰਗਾ ਲੈਣ ਦੀ। ਉਂਝ ਵੀ ਇਹ ਸਾਰੇ ਖਿਚੜੀ ਮੈਂਬਰ ਹਨ।

ਇੰਝ ਲਗਦਾ ਹੈ ਜਿਵੇਂ ਪੰਜਾਬ ਦਾ ਕੋਈ ਬੇਲੀ ਨਹੀਂ ਰਿਹਾ। ਸਾਰੇ ਇਕ ਦੂਜੇ ਨੂੰ ਨੀਵਾਂ ਦਿਖਾਉਣ ਤੇ ਜਾਤੀ ਮਿਹਣੇ ਮਾਰਨ ਵਿਚ ਲੱਗੇ ਹੋਏ ਹਨ। ਮੌਜੂਦਾ ਦੌਰ ਵਿਚ ਰਾਜਨੀਤੀ ਬਹੁਤ ਨੀਵੇਂ ਪੱਧਰ 'ਤੇ ਚਲੀ ਗਈ ਹੈ। ਭਾਸ਼ਨਾਂ ਦਾ ਕੋਈ ਮਿਆਰ ਨਹੀਂ ਰਿਹਾ। ਪੰਜਾਬ ਦੇ ਕਿਸੇ ਬੁਨਿਆਦੀ ਮੁੱਦੇ ਦੀ ਗੱਲ ਨਹੀਂ ਸਗੋਂ ਇਕ ਦੂਜੇ ਨੂੰ ਨੀਵਾਂ ਦਿਖਾਉਣ ਵਿਚ ਲੱਗੇ ਰਹੇ ਹਨ।

ਪੰਜਾਬ ਦੇ ਨੇਤਾਵਾਂ ਕੋਲ ਪੰਜਾਬ ਦਾ ਕੋਈ ਏਜੰਡਾ ਨਹੀਂ ਹੈ। ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਪਰਵਾਰਵਾਦ ਦੀ ਗਸ਼ ਖਾ ਕੇ ਡਿੱਗੀ ਹੋਈ ਹੈ ਤੇ ਆਮ ਲੋਕ ਪਾਰਟੀ ਤੇ ਕਾਂਗਰਸ ਪਾਰਟੀ ਕੌਮੀ ਪਾਰਟੀਆਂ ਹੋਣ ਕਰਕੇ ਉਨ੍ਹਾਂ ਕੋਲ ਵੀ ਪੰਜਾਬ ਲਈ ਕੋਈ ਸੁਹਿਰਦਤਾ ਨਹੀਂ ਹੈ। ਕੀ ਕਰਜ਼ਾ ਚੁੱਕ ਕੇ ਨਿਗੂਣੀਆਂ ਸਹੂਲਤਾਂ ਦੇਣ ਨੂੰ ਪੰਜਾਬ ਦਾ ਵਿਕਾਸ ਕਿਹਾ ਜਾ ਸਕਦਾ ਹੈ?

ਰਾਜਨੀਤਿਕ ਨੇਤਾਵਾਂ ਨੇ ਲਾਲਚ ਦੀਆਂ ਹੱਦਾਂ ਬੰਨੇ ਤੋੜਦਿਆਂ ਨੈਤਿਕਤਾ ਦੀਆਂ ਕਦਰਾਂ ਕੀਮਤਾਂ ਨੂੰ ਮਿੱਟੀ ਵਿਚ ਮਿਲਾ ਦਿੱਤਾ ਹੈ। ਕੌਣ ਇਨ੍ਹਾਂ 'ਤੇ ਯਕੀਨ ਕਰੇ, ਇਨ੍ਹਾਂ ਸਿਆਸਤਦਾਨਾਂ ਨੇ ਆਪਣੀਆਂ ਤਿਜੋਰੀਆਂ ਭਰਨ ਲਈ ਸਭ ਕੁਝ ਦਾਅ 'ਤੇ ਲਾ ਦਿੱਤਾ ਹੈ—ਸ਼ਾਇਰ ਦੇ ਬੋਲ ਹਨ—

ਹਵਸ ਕੇ ਮਾਰੇ ਬੰਦੇ ਵਫ਼ਾ ਕੋ ਬੇਚ ਦੇਤੇ ਹੈਂ,
ਖ਼ੁਦਾ ਕੇ ਘਰ ਕੀ ਕਿਆ ਕਹੀਏ ਖ਼ੁਦਾ ਕੋ ਬੇਚ ਦੇਤੇ ਹੈਂ।

ਦਲ ਦਬਲੂਆਂ ਦੇ ਹੱਥ ਖ਼ੁਦਾ ਆ ਜਾਏ ਤਾਂ ਇਹ ਉਸ ਨੂੰ ਵੀ ਵੇਚ ਸਕਦੇ ਹਨ।

ਦਲ ਬਦਲੂ ਸਿਆਸਦਾਨਾਂ ਨੇ ਨੈਤਿਕਤਾ ਦਾ ਜਲੂਸ ਕੱਢ ਦਿੱਤਾ ਹੈ—

ਕਿਥੋਂ ਕਿੱਥੇ, ਆ ਗਈ ਸਿਆਸਤ।
ਸਭ ਕੁਝ ਸਾਡਾ ਖਾ ਗਈ ਸਿਆਸਤ।
ਬਚਪਨ ਪੁੱਠੇ ਰਾਹ ਪਾ ਗਈ ਸਿਆਸਤ।
ਜਵਾਨੀ ਨਸ਼ਿਆਂ ਉੱਤੇ ਲਾ ਗਈ ਸਿਆਸਤ।
ਰਿਸ਼ਤੇ ਨਾਤੇ ਖਾ ਗਈ ਸਿਆਸਤ।
ਭਾਈ ਨਾਲ ਭਾਈ ਲੜਾ ਗਈ ਸਿਆਸਤ।
ਸਭਿਆਚਾਰ ਭੁਲਾ ਗਈ ਸਿਆਸਤ। (ਅਵਤਾਰ ਸਿੰਘ ਮਾਨ)

2024 ਦੀਆਂ ਲੋਕ ਸਭਾ ਚੋਣਾਂ ਵਿਚ ਰਾਜਸੀ ਲੋਕਾਂ ਨੇ ਦਲ ਬਦਲੀਆਂ ਦਾ ਇਕ ਨਵਾਂ ਕੀਰਤੀ ਮਾਨ ਕਾਇਮ ਕੀਤਾ ਹੈ। ਸਮੁੱਚੇ ਭਾਰਤ ਵਿਚ ਰਾਜਨੀਤਿਕਾਂ ਨੇ ਰਾਜਨੀਤੀ ਦਾ ਮਖੌਲ ਉਡਾਇਆ ਹੈ। ਅਜੇਹੀ ਦਸ਼ਾ ਵਿਚ ਲੋਕ ਵਿਚਾਰੇ ਕੀ ਕਰਨ? ਦੁਪਹਿਰੇ ਆਮ ਲੋਕ ਪਾਰਟੀ ਜ਼ਿੰਦਾਬਾਦ, ਸ਼ਾਮ ਪੈਣ ਤੱਕ ਭਾਰਤੀ ਜਨਤਾ ਪਾਰਟੀ ਜ਼ਿੰਦਾਬਾਦ। ਕਲ੍ਹ ਤਕ ਜਿਸ ਪਾਰਟੀ ਨੂੰ ਪਾਣੀ ਪੀ ਪੀ ਕੇ ਕੋਸਿਆ ਜਾਂਦਾ ਸੀ ਅੱਜ ਉਹ ਦੇਸ਼ ਦੀ ਇਮਾਨਦਾਰ ਪਾਰਟੀ ਬਣ ਜਾਂਦੀ ਹੈ। ਸਿਆਸਤ ਕਰਨਾ ਹਰ ਲੀਡਰ ਦਾ ਕਰਮ ਹੈ, ਜਿਹੜੀ ਮਰਜ਼ੀ ਪਾਰਟੀ ਵਿਚ ਜਾਵੇ, ਕੋਈ ਰੋਕ ਥੋੜਾ ਸਕਦਾ ਹੈ। ਘੱਟੋ-ਘੱਟ ਐਨਾ ਕੁ ਖ਼ਿਆਲ ਤਾਂ ਜ਼ਰੂਰ ਰੱਖਿਆ ਜਾਏ ਕਿ ਜਿਸ ਪਾਰਟੀ ਨੇ ਤੁਰਨ ਦੀ ਜਾਚ ਸਿਖਾਈ ਹੋਵੇ ਜਿਸ ਪਾਰਟੀ ਨੂੰ ਤੁਸੀਂ ਮਾਂ ਪਾਰਟੀ ਆਖਦੇ ਰਹੇ ਹੋ ਉਸੇ ਪਾਰਟੀ ਦਾ ਚੀਰ ਹਰਨ ਕਰੋ, ਪੂਰਾ

ਜਲੂਸ ਕੱਢੋ ਇਹ ਕੋਈ ਨੈਤਿਕਤਾ ਵਾਲੀ ਵਡਿਆਈ ਨਹੀਂ ਹੈ। ਜਿਸ ਦਾ ਲੂਣ ਖਾ ਕੇ ਹਰਾਮ ਕੀਤਾ ਜਾਏ ਉਸ ਨੂੰ ਗੁਰਬਾਣੀ ਅਕ੍ਰਿਤਘਣ ਆਖਦੀ ਹੈ–

**ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥ (706)**

ਭਾਈ ਗੁਰਦਾਸ ਜੀ ਦਾ ਸੋਹਣਾ ਵਾਕ ਹੈ—

**ਭਾਰੇ ਭੁਈਂ ਅਕਿਰਤਘਣ ਮੰਦੀ ਹੂੰ ਮੰਦੇ॥ (ਵਾਰ-35, ਪਉੜੀ-8)**

ਨੈਤਿਕਤਾ ਕੀ ਹੈ? ਨੈਤਿਕਤਾ-- ਨੈਤਿਕ ਕਦਰਾਂ ਕੀਮਤਾਂ ਦੀ ਇੱਕ ਉਹ ਪ੍ਰਣਾਲੀ ਹੈ ਜੋ ਸਾਡੇ ਵਿਵਹਾਰ ਨੂੰ ਖੁਸ਼ਹਾਲ ਜ਼ਿੰਦਗੀ ਦਾ ਰੂਪ ਦਿੰਦੀ ਹੈ। ਨੈਤਿਕਤਾ ਦੇ ਅਸਲ ਵੱਡੇ ਗੁਣ ਇਮਾਨਦਾਰੀ, ਵਫ਼ਾਦਾਰੀ, ਸੰਤੋਖ, ਉਦਮ, ਮਿਹਨਤ ਹੁੰਦੇ ਹਨ। ਅਜੇਹੇ ਗੁਣਾਂ ਨਾਲ ਹੀ ਸਮਾਜ ਜਿਉਂਦਾ ਰਹਿੰਦਾ ਹੈ। ਨੈਤਿਕਤਾ ਸਾਨੂੰ ਆਲੇ-ਦੁਆਲੇ ਦੇ ਲੋਕਾਂ ਨਾਲ ਵਿਸ਼ਵਾਸ ਅਤੇ ਦੋਸਤੀ ਵੱਲ ਲਿਜਾਂਦੀ ਹੈ। ਨੈਤਿਕਤਾ ਜਾਂ ਇਖ਼ਲਾਕ ਖੁਸ਼ੀ ਦੀ ਕੁੰਜੀ ਹੈ। ਕਿਸੇ ਇਨਸਾਨ ਨੂੰ ਅਸੀਂ ਉਸ ਦੇ ਕਿਰਦਾਰ ਤੋਂ ਪਰਖਦੇ ਹਾਂ। ਕਿਰਦਾਰ ਵਿਚ ਬੋਲ ਬਾਣੀ ਤੇ ਵਿਹਾਰਕ ਪੱਖ ਨੂੰ ਦੇਖਿਆ ਜਾਂਦਾ ਹੈ। ਨੈਤਿਕਤਾ, ਬੋਲੇ ਬੋਲਾਂ 'ਤੇ ਪਹਿਰਾ ਦੇਣਾ ਸਿਖਾਉਂਦੀ ਹੈ। ਗੁਰਬਾਣੀ ਦਾ ਵਾਕ ਹੈ—

**ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ॥ (1099)**

2024 ਦੀਆਂ ਚੋਣਾਂ ਨਵਾਂ ਤੂਫ਼ਾਨ ਬਣ ਕੇ ਆਈਆਂ ਹਨ। ਲਾਲਚੀ, ਮੌਕਾ ਪ੍ਰਸਤ ਨੇਤਾਵਾਂ ਨੂੰ ਜੇ ਕਿਸੇ ਪਾਰਟੀ ਨੇ ਟਿਕਟ ਨਹੀਂ ਦਿੱਤੀ ਤਾਂ ਦਿਨ ਚੜ੍ਹਦੇ ਸਾਰ ਹੀ ਦੂਜੀ ਪਾਰਟੀ ਦੇ ਕਸੀਦੇ ਕੱਢਣੇ ਸ਼ੁਰੂ ਕਰ ਦਿੱਤੇ। ਨੇਤਾਵਾਂ ਦਾ ਇਕੋ ਰਾਗ ਰਹਿ ਗਿਆ ਹੈ ਕਿ ਮੈਨੂੰ ਪਹਿਲਾਂ ਟਿਕਟ ਦਿਓ ਨਹੀਂ ਤਾਂ ਮੈਨੂੰ ਹੋਰ ਬਥੇਰੇ। ਰਾਜਨੀਤੀ ਵਿਚ ਕਿਹੋ ਜਿਹੀ ਹਵਾ ਚੱਲ ਪਈ ਹੈ-ਸਰਕਾਰ ਬਣਾਉਣ ਲਈ ਸਾਰੇ ਮਾਪ ਦੰਡ ਵਰਤਦਿਆਂ, ਅਜ਼ਾਦ ਤੇ ਵਿਕਣ ਵਾਲੇ ਵਿਧਾਇਕਾਂ ਦੇ ਭਾਅ ਲੱਗਦੇ ਹਨ। ਹਨੇਰ ਸਾਈਂ ਦਾ ਵਧਾਇਗੀ ਦੀ ਟਿਕਟ ਹਾਸਲ ਕਰਨ ਲਈ ਥੈਲੀਆਂ ਦੇਣ ਦੀਆਂ ਖ਼ਬਰਾਂ ਛਪ ਜਾਂਦੀਆਂ ਹਨ। ਜਿਸ ਦੀ ਟਿਕਟ ਕੱਟੀ ਜਾਂਦੀ ਹੈ ਉਹ ਸਹਿਜੇ ਹੀ ਕਹਿ ਦਿੰਦਾ ਹੈ ਕਿ ਮੇਰੀ ਟਿਕਟ ਵਿਕ ਗਈ।

ਏਥੇ ਬੰਦੇ ਵਿਕਦੇ ਦੇਖੇ ਨੇ,
ਏਥੇ ਹਾੜੇ ਵਿਕਦੇ ਦੇਖੇ ਨੇ।
ਇਸ ਜੱਗ ਦੀ ਉਲਟੀ ਗੰਗਾ ਵਿਚ,
ਫੁੱਲ ਡੁੱਬਦਾ ਪੱਥਰ ਤਰਦੇ ਦੇਖੇ ਨੇ।
(ਉਸਤਾਦ ਦਾਮਨ)

ਇਹ ਇਖ਼ਲਾਕੀ ਪੱਧਰ ਦੀ ਸਭ ਤੋਂ ਵੱਡੀ ਗਿਰਾਵਟ ਹੈ। ਕੀ ਕੋਈ ਪਾਰਟੀ ਦਾ ਹੋਰ ਵਰਕਰ ਟਿਕਟ ਦਾ ਹੱਕਦਾਰ ਨਹੀਂ ਹੋ ਸਕਦਾ?

ਯੂ. ਐਸ. ਏ. ਪ੍ਰਿੰਸੀਪਲ ਪ੍ਰੀਤਮ ਸਿੰਘ ਜੀ ਦੇ ਘਰ ਦੁਪਹਿਰੇ ਬੈਠਿਆਂ ਸ੍ਰ. ਮੋਹਨ ਸਿੰਘ ਸਠਿਆਲਾ ਸਾਬਕਾ ਐਮ. ਐਲ. ਏ. ਨੇ ਗੱਲਬਾਤ ਕਰਦਿਆਂ ਅਕਾਲੀਆਂ ਵਿਚ ਟਿਕਟ ਵੰਡ ਦੀ ਗੱਲ ਸੁਣਾਈ ਕਿ ਪਹਿਲਾਂ ਬਕਾਇਦਾ ਰਾਜਸੀ ਪਾਰਟੀ ਦਾ ਚੋਣ ਬੋਰਡ ਬੈਠਦਾ ਹੁੰਦਾ ਸੀ, ਜੋ ਰਜ਼ਾਮੰਦੀ ਨਾਲ ਟਿਕਟ ਦਾ ਫੈਸਲਾ ਕਰ ਦਿੰਦਾ ਸੀ। ਜੇ ਅੱਠ ਨੇਤਾਵਾਂ ਨੇ ਐਮ. ਐਲ. ਏ. ਦੀ ਟਿਕਟ ਲੈਣ ਲਈ ਅਰਜ਼ੀ ਦਿੱਤੀ ਹੁੰਦੀ ਸੀ ਤਾਂ ਉਹ ਅੱਠਾਂ ਨਾਲ ਗੱਲਬਾਤ ਕਰਦੇ ਸਨ। ਕਈ ਵਾਰੀ ਭਾਈਚਾਰਕ ਸਾਂਝ ਕਰਕੇ ਬੋਰਡ ਕਹਿ ਦਿੰਦਾ ਸੀ, ਕਿ ਭਾਈ ਤੁਹਾਡੇ ਪ੍ਰਵਾਰਾਂ ਦੀਆਂ ਪੰਥ ਲਈ ਕੁਰਬਾਨੀਆਂ ਬਹੁਤ ਵੱਡੀਆਂ ਹਨ, ਤੁਹਾਡਾ ਪਾਰਟੀ ਪ੍ਰਤੀ ਬਹੁਤ ਯੋਗਦਾਨ ਰਿਹਾ ਹੈ, ਤੁਸੀਂ ਸਾਰੇ ਹੀ ਟਿਕਟ ਦੇ ਹੱਕਦਾਰ ਹੋ ਪਰ ਹੁਣ ਆਪਸ ਵਿਚ ਫੈਸਲਾ ਕਰ ਲਓ ਕਿ ਟਿਕਟ ਕਿਸ ਨੇ ਲੈਣੀ ਹੈ। ਟਿਕਟ ਲੈਣ ਦੇ ਚਾਹਵਾਨਾਂ ਵਿਚ ਆਪਣੀ ਪਾਰਟੀ ਦਾ ਦਰਦ ਹੁੰਦਾ ਸੀ ਆਪਸੀ ਸਲਾਹ ਮਸ਼ਵਰਾ ਕਰਕੇ ਇਕ ਨੇਤਾ ਨੂੰ ਟਿਕਟ ਦਿੱਤੀ ਜਾਂਦੀ ਸੀ। ਬਾਕੀ ਸਹਿਮਤ ਹੋ ਜਾਂਦੇ ਸਨ ਤੇ ਉਹ ਤਨਦੇਹੀ ਨਾਲ ਆਪਣੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਲਈ ਪੂਰਾ ਜ਼ੋਰ ਲਗਾ ਦਿੰਦੇ ਸਨ। ਹਾਂ ਜੇ ਫਿਰ ਵੀ ਕੋਈ ਆਪਣਾ ਬਹੁਤਾ ਹੱਕ ਸਮਝਦਾ ਸੀ ਤਾਂ ਉਹ ਅਜ਼ਾਦ ਉਮੀਦਵਾਰ ਵਜੋਂ ਚੋਣ ਲੜ ਲੈਂਦਾ ਸੀ। ਜੇ ਅਜ਼ਾਦ ਚੋਣ ਜਿੱਤ ਜਾਂਦਾ ਸੀ ਤਾਂ ਉਹ ਬਿਨਾ ਸ਼ਰਤ ਆਪਣੀ ਮਾਂ ਪਾਰਟੀ ਨੂੰ ਹਮਾਇਤ ਦਿੰਦਾ ਸੀ। ਅਜ਼ਾਦ ਚੋਣ ਜਿੱਤਣ ਦੇ ਬਾਵਜੂਦ ਵੀ ਪਾਰਟੀ ਦੀ ਵਫ਼ਾਦਾਰੀ ਨੂੰ ਨਹੀਂ ਭੁਲਾਉਂਦੇ ਸਨ। ਹੁਣ ਚੋਣ ਕਮੇਟੀ ਕੋਲੋਂ ਇਹ ਮਤਾ ਪਵਾ ਲਿਆ ਜਾਂਦਾ ਹੈ ਕਿ ਪ੍ਰਧਾਨ ਜੀ ਤੁਸੀਂ ਹੀ ਟਿਕਟਾਂ ਦੀ ਵੰਡ ਕਰ ਦਿਓ। ਪ੍ਰਧਾਨ ਫਿਰ ਆਪਣੀ ਮਨ ਮਰਜ਼ੀ ਕਰਦਾ ਹੈ। ਲੋਕਰਾਜ ਤਾਂ ਇਥੋਂ ਹੀ ਖ਼ਤਮ ਹੋ ਜਾਂਦਾ ਹੈ।

ਅਸਲ ਸਮੱਸਿਆਵਾਂ ਪਾਰਟੀ ਆਗੂਆਂ ਨੇ ਆਪ ਖੜੀਆਂ ਕੀਤੀਆਂ ਹਨ ਜਦੋਂ ਕੁਰਬਾਨੀ ਵਾਲੇ ਪਰਵਾਰਾਂ ਨੂੰ ਛੱਡ ਕਿ ਮੁੜ ਮੁੜ ਆਪਣਿਆਂ ਨੂੰ ਹੀ ਟਿਕਟਾਂ ਦਈ ਜਾਣੀਆਂ ਹਨ ਤਾਂ ਦਰੀਆਂ ਵਿਛਾਉਣ ਵਾਲੇ ਨੇਤਾਵਾਂ ਦੇ ਮਨ ਵਿਚ ਕੁਦਰਤੀ ਬਦਲਾ ਲੈਣ ਦੀ ਭਾਵਨਾ ਜਾਗ ਪੈਂਦੀ ਹੈ। ਆਪਣਾ ਹੱਕ ਨਾ ਮਿਲਦਾ ਦੇਖ ਕੇ ਦੂਜੀ ਪਾਰਟੀ ਵਿਚ ਚਲੇ ਜਾਣ ਨੂੰ ਤਰਜੀਹ ਦੇਣਗੇ। ਅਕਾਲੀ ਦਲ ਆਪਣੇ ਆਪ ਨੂੰ ਕੁਰਬਾਨੀ ਵਾਲੀ ਪਾਰਟੀ ਗਿਣਦਾ ਹੈ ਪਰ ਇਸ ਨੇ ਆਪਣੇ ਵਫ਼ਾਦਾਰ ਲੀਡਰਾਂ ਨੂੰ ਛੱਡ ਕੇ ਸਾਲੇ, ਭਣਵੱਈਏ ਤੇ ਅਗਾਂਹ ਉਨ੍ਹਾਂ ਦੇ ਪਰਵਾਰਾਂ ਨੂੰ ਟਿਕਟਾਂ ਦਿੱਤੀਆਂ। ਪਰਵਾਰਵਾਦ ਦੀ ਪਕੜ ਵਿਚੋਂ ਬਾਗੀ ਉਮੀਦਵਾਰ ਪਾਰਟੀ ਤੋਂ ਬਾਗੀ ਹੋਣੇ ਕੁਦਰਤੀ ਹਨ। ਹੁਣ ਤਾਂ ਅਕਾਲੀ ਲੀਡਰ ਬਹੁਤ ਹੀ ਨੀਵੇਂ ਪੱਧਰ ਦੀ ਰਾਜਨੀਤੀ ਵਿਚ ਉਤਰ ਗਏ ਹਨ। ਅਸੂਲ ਪ੍ਰਸਤ ਅਕਾਲੀ ਦਲ ਦੇ ਨੇਤਾਵਾਂ ਨੇ ਪੰਥਕ ਅਸੂਲ ਹੀ ਵੇਚ ਦਿੱਤੇ ਹਨ- ਕਿਸੇ ਅਦੀਬ ਦੇ ਬੋਲ ਹਨ—

ਯਿਹ ਮੰਡੀ ਹੈ ਪੰਥ ਫ਼ਰੋਸ਼ੋਂ ਕੀ,
ਯਹਾਂ ਅਕਾਲੀ ਲੀਡਰ ਬਿਕਤੇ ਹੈਂ।
ਗ਼ਰ ਯਕਮੁਸ਼ਤ ਨਾ ਲੇਨਾ ਚਾਹੋ ਤੋ,
ਕਿਸ਼ਤੋਂ ਪਰ ਭੀ ਮਿਲਤੇ ਹੈਂ।

ਅਕਾਲੀ ਦਲ ਕੋਲ ਕੋਈ ਜੁਆਬ ਨਹੀਂ ਹੈ ਕਿ "ਸੜਕਾਂ 'ਤੇ ਅੱਗ ਤੁਰੀ ਜਾਂਦੀ ਐ" ਗਾਉਣ ਵਾਲੇ ਨੂੰ ਆਪਣਾ ਉਮੀਦਵਾਰ ਬਣਾਇਆ ਗਿਆ ਸੀ। ਉਂਝ ਕਹਿੰਦੇ ਹਨ ਕਿ ਸਾਡੀ ਪਾਰਟੀ ਸ਼ਹੀਦਾਂ ਦੀ ਜਥੇਬੰਦੀ ਹੈ। ਅਕਾਲੀ ਦਲ ਪਿਛਲੇ 75 ਸਾਲਾਂ ਤੋਂ ਕਾਂਗਰਸ ਨੂੰ ਆਪਣਾ ਰਵਾਇਤੀ ਦੁਸ਼ਮਣ ਪ੍ਰਚਾਰ ਕੇ ਵੋਟਾਂ ਬਟੋਰਦਾ ਰਿਹਾ ਹੈ। ਕੀ ਅਕਾਲੀ ਦਲ ਦੱਸ ਸਕਦਾ ਹੈ ਕਿ ਹੁਣ ਇਸ ਦੀ ਕੀ ਮਜਬੂਰੀ ਹੈ ਪੱਕੇ ਕਾਂਗਰਸੀ ਨੂੰ ਰਾਤੋ ਰਾਤ ਅਕਾਲੀ ਦਲ ਦਾ ਵਫ਼ਾਦਾਰ ਬਣਾ ਦਿੱਤਾ।

ਸਾਡੇ ਮੁਲਕ ਵਿਚ ਕਹਿਣ ਨੂੰ ਲੋਕ ਰਾਜ ਹੈ ਪਰ ਹੇਠਲੇ ਪੱਧਰ ਤੋਂ ਲੈ ਕੇ ਉੱਚ ਪੱਧਰ ਤਕ ਕਿਤੇ ਵੀ ਲੋਕ ਰਾਜ ਦਾ ਕਿਣਕਾ ਵੀ ਦਿਖਾਈ ਨਹੀਂ ਦਿੰਦਾ। ਨਿੱਕੀਆਂ ਸੰਸਥਾਵਾਂ ਵਿਚ ਜੇ ਕੋਈ ਇਕ ਵਾਰ ਮੁਖੀਆ ਬਣ ਜਾਂਦਾ ਹੈ ਤਾਂ ਅਗਾਂਹ ਉਹ ਹੋਰ ਕਿਸੇ ਨੂੰ ਵੀ ਅੱਗੇ ਨਹੀਂ ਆਉਣ ਦਿੰਦਾ। ਜਿਹੜਾ ਇਕ ਵਾਰ ਪ੍ਰਧਾਨ ਬਣ ਗਿਆ ਉਹ ਸਾਰੀ ਜ਼ਿੰਦਗੀ ਪ੍ਰਧਾਨਗੀ ਦਾ ਪੱਟਾ ਕਰ ਲੈਂਦਾ ਹੈ। ਰਾਜਨੀਤਿਕ ਪਾਰਟੀਆਂ ਪਰਿਵਾਰ ਭੇਟ ਜਾਂ ਲੀਡਰ ਭੇਟ ਚੜ੍ਹ ਗਈਆਂ ਹਨ। ਪਾਰਟੀਆਂ ਵਿਚ ਨਾ ਮਾਤਰ ਲੋਕ ਰਾਜ ਰਹਿ ਗਿਆ ਹੈ।

ਪੜਚੋਲ ਕੀਤੀ ਜਾਏ ਤਾਂ ਸਮਝ ਆਉਂਦੀ ਹੈ ਕਿ ਦਲ ਬਦਲੀਆਂ ਤਾਂ ਹੁਣ ਰਾਜਸੀ ਪਾਰਟੀਆਂ ਦੇ ਜੀਵਨ ਦਾ ਇਕ ਹਿੱਸਾ ਬਣ ਚੁੱਕਾ ਹੈ। ਦਲ ਬਦਲੀਆਂ ਦੀ ਭੈੜੀ ਖੇਡ ਵਿਚ ਅਨੁਸ਼ਾਸਨ ਤੇ ਸੰਵਿਧਾਨਿਕ ਕਦਰਾਂ ਕੀਮਤਾਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ।

ਦਲ ਬਦਲੀ ਦੇ ਇਤਿਹਾਸ ਵਲ ਝਾਤੀ ਮਾਰਦੇ ਹਾਂ ਤਾਂ ਦਲ ਬਦਲੀ ਕਰਨ ਵਾਲਾ ਦੋ ਤਰਕ ਦਿੰਦਾ ਹੈ ਕਿ ਹੁਣ ਪਾਰਟੀ ਮੈਨੂੰ ਸਨਮਾਨ ਨਹੀਂ ਦਿੰਦੀ ਦੂਜਾ ਹੁਣ ਮੈਂ ਆਪਣੀ ਜ਼ਮੀਰ ਦੀ ਅਵਾਜ਼ ਸੁਣੀ ਹੈ। ਫਿਰ ਦਲ ਬਦਲੀ ਦਾ ਪੂਰਾ ਡਰਾਮਾ ਕੀਤਾ ਜਾਂਦਾ ਹੈ। ਪਹਿਲਾਂ ਹਲਕੇ ਦੇ ਚਾਰ ਪੰਜ ਸੌ ਲੋਕਾਂ ਨੂੰ ਇਕੱਠੇ ਕੀਤਾ ਜਾਂਦਾ ਹੈ ਜਿਹੜੇ ਲੀਡਰ ਦੇ ਖ਼ਾਸਮ-ਖ਼ਾਸ ਹੁੰਦੇ ਹਨ। ਰੋਣ ਵਾਲਾ ਮੂੰਹ ਬਣਾ ਕਿ ਧੂੰਆਂ ਧਾਰ, ਭਾਸ਼ਣ ਦਿੱਤਾ ਜਾਂਦਾ ਹੈ ਕਿ ਮੇਰਾ ਹੁਣ ਪਾਰਟੀ ਵਿਚ ਦਮ ਘੁੱਟਦਾ ਜਾ ਰਿਹਾ ਸੀ। ਹਲਕੇ ਦੇ ਵਿਕਾਸ ਲਈ ਮੈਂ ਪਾਰਟੀ ਬਦਲ ਰਿਹਾ ਹਾਂ। ਅੱਗੇ ਬੈਠੇ ਜਨ ਸਧਾਰਨ ਲੋਕ ਅਵਾਜ਼ ਦਿੰਦੇ ਹਨ—"ਪਾਰਟੀ ਬਦਲਣ ਵਾਲਿਆ ਤੇਰੀ ਸੋਚ

'ਤੇ ਪਹਿਰਾ ਦਿਆਂਗੇ ਠੋਕ ਕੇ"। ਜੇ ਨੇਤਾ ਵੱਡਾ ਹੁੰਦਾ ਹੈ ਤਾਂ ਦੂਜੀ ਪਾਰਟੀ ਦੇ ਮੋਹਤਬਰ ਉਸ ਦੇ ਘਰ ਜਾਂਦੇ ਹਨ ਜੇ ਸਧਾਰਨ ਜੇਹਾ ਹੋਵੇ ਤਾਂ ਉਸ ਨੂੰ ਪਾਰਟੀ ਦਫਤਰ ਸੱਦ ਕਿ ਗਲ ਵਿਚ ਪਾਰਟੀ ਦੇ ਨਿਸ਼ਾਨ ਵਾਲੀ ਲੀਰ ਪਾ ਦਿੱਤੀ ਜਾਂਦੀ ਹੈ। ਏਦਾਂ ਵੀ ਕਿਹਾ ਜਾ ਸਕਦਾ ਹੈ ਕਿ ਪਾਰਟੀ ਬਦਲਣ ਦਾ ਪੱਕਾ ਪੱਟਾ ਗਲ਼ ਪਾ ਦਿੱਤਾ ਜਾਂਦਾ ਹੈ। ਪ੍ਰੈਸ ਵਿਚ ਬਿਆਨ ਦਿੱਤਾ ਜਾਂਦਾ ਹੈ, ਜਿਸ ਪਾਰਟੀ ਵਿਚ ਮੈਂ ਸ਼ਾਮਿਲ ਹੋਇਆ ਹਾਂ ਇਹ ਦੁੱਧ ਧੋਤੀ ਨਹੀਂ, ਸਗੋਂ ਰੋਜ਼ ਸਵੇਰੇ ਉੱਠ ਕੇ ਦੁੱਧ ਵਿਚ ਨਹਾਉਂਦੀ ਹੈ।

**ਦਲ ਬਦਲੂਆਂ ਦਾ ਇਤਿਹਾਸ**

ਇਕ ਅਜਿਹਾ ਸਮਾਂ ਸੀ ਜਦੋਂ ਅੰਗਰੇਜ਼ਾਂ ਵਾਂਗ ਭਾਰਤ ਵਿਚ ਕਾਂਗਰਸ ਦਾ ਵੀ ਸੂਰਜ ਨਹੀਂ ਡੁਬਦਾ ਸੀ। ਮੁਲਕ ਨੂੰ ਅਜੇ ਅਜ਼ਾਦ ਹੋਇਆ ਦਸ ਸਾਲ ਹੀ ਹੋਏ ਸਨ ਜਦੋਂ ਕਾਂਗਰਸ ਵਲੋਂ ਦਲ ਬਦਲੂਆਂ ਦਾ ਯੁੱਗ ਆਰੰਭ ਕੀਤਾ ਗਿਆ। 1957 ਤੋਂ ਲੈ ਕੇ 1967 ਦਰਮਿਆਨ 419 ਵਿਧਾਇਕ ਕਾਂਗਰਸ ਵਿਚ ਸ਼ਾਮਿਲ ਹੋਏ। ਦਲ ਬਦਲੀ ਦੀ ਸ਼ੁਰੂਆਤ ਕਾਂਗਰਸ ਵਲੋਂ ਕੀਤੀ ਗਈ ਸੀ ਤਾਂ ਅੱਜ ਸਭ ਤੋਂ ਵੱਧ ਖ਼ਮਿਆਜ਼ਾ ਕਾਂਗਰਸ ਹੀ ਭੁਗਤ ਰਹੀ ਹੈ।

7 ਮਾਰਚ 1978 ਨੂੰ ਬਸੰਤ ਦਾਦਾ ਪਾਟਿਲ ਦੀ ਅਗਵਾਈ ਵਿਚ ਸਰਕਾਰ ਬਣੀ ਤੇ 18 ਜੁਲਾਈ 1978 ਨੂੰ ਸ਼ਰਦ ਪਵਾਰ ਪਾਟਿਲ ਦੀ ਸਰਕਾਰ ਦੇ ਦੁਪਹਿਰ ਤੱਕ ਗੀਤ ਗਾਉਂਦੇ ਰਹੇ ਤੇ ਸ਼ਾਮ ਪੈਂਦਿਆਂ ਬਗਾਵਤ ਕਰਕੇ ਆਪ ਮੁੱਖ ਮੰਤ੍ਰੀ ਬਣ ਗਏ। ਹਰਿਆਣੇ ਦੇ ਭਜਨ ਲਾਲ ਨੇ ਕਾਂਗਰਸ ਵਜੋਂ ਸਿਆਸਤ ਸ਼ੁਰੂ ਕੀਤੀ ਤੇ 1977 ਵਿਚ ਸ਼ਾਮਿਲ ਹੋ ਕੇ ਦੇਵੀ ਲਾਲ ਦੇ ਮੰਤ੍ਰੀ ਮੰਡਲ ਵਿਚ ਸ਼ਾਮਿਲ ਹੋ ਗਿਆ। ਹਨੇਰ ਸਾਂਈ ਦਾ 1980 ਵਿਚ ਇੰਦਰਾ ਗਾਂਧੀ ਦੀ ਕੇਂਦਰ ਵਿਚ ਵਾਪਸੀ ਹੋਈ ਤਾਂ ਸਭ ਤੋਂ ਪਹਿਲਾਂ ਭਜਨ ਲਾਲ ਪੂਰੇ ਮੰਤ੍ਰੀ ਮੰਡਲ ਸਮੇਤ ਕਾਂਗਰਸ ਵਿਚ ਸ਼ਾਮਿਲ ਹੋ ਗਿਆ। ਰਾਜ ਸੱਤਾ ਦੀ ਸਭ ਤੋਂ ਵੱਡੀ ਭੁੱਖ ਨਜ਼ਰ ਆਉਂਦੀ ਹੈ। ਹਰਿਆਣੇ ਦੇ ਇਕ ਐਮ. ਐਲ. ਏ. ਨੇ 15 ਦਿਨ ਵਿਚ ਚਾਰ ਵਾਰ ਪਾਰਟੀ ਬਦਲ ਕੇ ਕੀਰਤੀਮਾਨ ਸਥਾਪਿਤ ਕੀਤਾ। ਐਸੇ ਲੀਡਰ ਨੂੰ 21 ਤੋਪਾਂ ਦੀ ਸਲਾਮੀ ਦੇਣੀ ਚਾਹੀਦੀ ਹੈ। ਕਾਂਗਰਸ ਪਾਰਟੀ ਦੀ ਜਦੋਂ ਤੂਤੀ ਬੋਲਦੀ ਸੀ ਤਾਂ 1967 ਤੋਂ ਲੈ ਕੇ 1973 ਤੱਕ ਇਸ ਨੇ ਕਈ ਵਾਰ ਸੂਬਾ ਸਰਕਾਰਾਂ ਡੇਗੀਆਂ ਜਾਂ ਡਿੱਗੀਆਂ ਪਈਆਂ। 1960 ਵਿਚ ਕਾਂਗਰਸ ਨੇ ਦਲ ਬਦਲੀਆਂ ਨੂੰ ਪੂਰੀ ਹਵਾ ਦਿੱਤੀ ਜਿਸ ਦਾ ਸਿਖਰ ਅੱਜ ਦੇਖਿਆ ਜਾ ਸਕਦਾ ਹੈ।

ਕਾਂਗਰਸ ਨੇ ਪੰਜਾਬ ਵਿਚ ਵੀ ਸਰਕਾਰਾਂ ਤੋੜਨ ਦਾ ਰਿਕਾਰਡ ਬਣਾਇਆ। 1962 ਅਤੇ 1966 ਵਿਚ ਅਕਾਲੀ ਦਲ ਅਤੇ ਅਜ਼ਾਦ ਵਿਧਾਇਕ ਪੁੱਟ ਕੇ ਸਰਕਾਰਾਂ ਤੋੜੀਆਂ। ਹਰਿਆਣੇ ਵਿਚ ਭਜਨ ਲਾਲ, ਪੰਜਾਬ ਵਿਚ ਜਸਟਿਸ ਗੁਰਨਾਮ ਸਿੰਘ ਤੇ ਲਛਮਣ ਸਿੰਘ ਗਿੱਲ ਦੀਆਂ ਸਰਕਾਰਾਂ ਤੋੜ ਕੇ ਨਵਾਂ ਮੀਲ ਪੱਥਰ ਗੱਡਿਆ। ਇਤਿਹਾਸ ਵਿਚ ਸਦਾ ਅੰਕਤ ਰਹੇਗਾ ਕਿ 1967 ਵਿਚ ਲਛਮਣ ਸਿੰਘ ਗਿੱਲ ਅਤੇ ਹੋਰ 16 ਵਿਧਾਇਕਾਂ ਦੀ ਦਲ ਬਦਲੀ ਕਰਾ ਕੇ ਗੁਰਨਾਮ ਸਿੰਘ ਦੀ ਸਰਕਾਰ ਤੋੜੀ ਗਈ। ਅਜਿਹੇ ਘਟਨਾ ਕਰਮ ਨੂੰ ਲਾਹਨਤ ਵੀ ਕਿਹਾ ਜਾਏ ਤਾਂ ਕੋਈ ਮਾੜੀ ਗੱਲ ਨਹੀਂ ਹੈ। 1967 ਤੇ 1971 ਵਿਚ ਜਸਟਿਸ ਗੁਰਨਾਮ ਸਿੰਘ ਦੀ ਦੋ ਵਾਰ ਸਰਕਾਰ ਤੋੜੀ। ਇਸ ਸਮੇਂ ਦਰਮਿਆਨ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਤੇ ਕੁਝ ਮਹੀਨਿਆਂ ਵਿਚ ਹੀ ਤੋੜ ਦਿੱਤੀ ਗਈ।

ਸਿਆਸਤਦਾਨਾਂ ਨੇ ਹਮੇਸ਼ਾਂ ਕਾਨੂੰਨ ਏਦਾਂ ਦੇ ਬਣਾਏ ਹਨ ਕਿ ਹਰ ਕਾਨੂੰਨ ਉਨ੍ਹਾਂ ਦੇ ਹੱਕ ਵਿਚ ਭੁਗਤਦਾ ਨਜ਼ਰ ਆਉਂਦਾ ਹੈ। ਦਲ ਬਦਲੀ ਰੋਕਣ ਲਈ 1985 ਨੂੰ ਸੰਵਿਧਾਨ ਦੀ 52 ਵੀਂ ਸੋਧ ਕਰਕੇ ਕਾਨੂੰਨ ਬਣਾਇਆ ਗਿਆ। ਇਸ ਕਾਨੂੰਨ ਤਹਿਤ ਜੇ ਕੋਈ ਵਿਧਾਇਕ ਵਿੱਪ ਜਾਰੀ ਹੋਣ ਦੇ ਉਲਟ ਵੋਟ ਪਾਉਂਦਾ ਹੈ ਤਾਂ ਉਸ ਦੀ ਮੈਂਬਰਸ਼ਿੱਪ ਖਤਮ ਕੀਤੀ ਜਾ ਸਕਦੀ ਹੈ। ਕਾਨੂੰਨ ਤਾਂ ਜ਼ਰੂਰ ਬਣਿਆ ਪਰ ਇਕ ਮਦ ਇਹ ਵੀ ਰੱਖ ਲਈ ਕਿ ਜੇਕਰ ਦੋ ਤਿਹਾਈ ਜਾਂ ਇਸ ਤੋਂ ਵੱਧ ਸਾਂਸਦ ਜਾਂ ਵਿਧਾਇਕਾਂ ਦਾ ਸਮੂਹ ਕਿਸੇ ਦੂਜੀ ਪਾਰਟੀ ਵਿਚ ਜਾਣਾ ਚਾਹੁੰਣ ਤਾਂ ਉਹ ਜਾ ਸਕਦੇ ਹਨ। ਫਿਰ ਦਲ ਬਦਲੀ ਕਾਨੂੰਨ ਲਾਗੂ ਨਹੀਂ ਹੁੰਦਾ। ਇਕ ਬਰੀਕੀ ਹੋਰ ਵੀ ਰੱਖੀ ਗਈ ਹੈ ਕਿ ਕਿਸ ਵਿਧਾਇਕ ਤੇ ਕਾਨੂੰਨ ਲਾਗੂ ਹੋਏਗਾ ਜਾਂ ਨਹੀਂ ਹੋਏਗਾ ਇਹ ਸਪੀਕਰ 'ਤੇ ਛੱਡਿਆ ਗਿਆ ਹੈ। ਦਲ ਬਦਲੀ ਕਾਨੂੰਨ ਹੋਣ ਦੇ ਬਾਵਜੂਦ ਵੀ ਨੇਤਾਜਨ ਆਪਣੇ ਹੱਕ ਵਿਚ ਭਗਤਾਉਣ ਲਈ ਕਾਨੂੰਨ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਰਹਿੰਦੇ ਹਨ।

ਪਿਛਲੇ ਪੰਜ ਸਾਲਾਂ ਵਿਚ ਸਾਂਸਦਾਂ ਅਤੇ ਵਿਧਾਇਕਾਂ ਨੇ ਜਿਹੜਾ ਸਿਆਸੀ ਤੋੜ ਵਿਛੋੜਾ ਕੀਤਾ, ਦੁਬਾਰਾ ਚੋਣ ਲੜੀ, ਇਸ ਸਬੰਧੀ ਇਕ ਵਿਸ਼ੇਸ਼ ਰਿਪੋਰਟ ਛਪੀ ਜਿਸ ਅਨੁਸਾਰ 443 ਸਾਂਸਦਾਂ ਤੇ ਵਿਧਾਇਕਾਂ ਨੇ ਦਲ ਬਦਲੀ ਕਾਨੂੰਨ ਤੋੜਿਆ। 170 ਵਿਚੋਂ 42 ਫੀਸਦੀ ਨੇ ਕਾਂਗਰਸ ਛੱਡੀ ਤੇ ਦੂਜੀਆਂ ਪਾਰਟੀਆਂ ਵਿਚ ਸ਼ਾਮਿਲ ਹੋਏ। ਵਰਤਮਾਨ ਸਮੇਂ ਵਿਚ ਭਾਜਪਾ ਨੇ ਦੂਜੀਆਂ ਪਾਰਟੀਆਂ ਦੇ ਲੀਡਰਾਂ ਨੂੰ ਜਮ੍ਹਾਂ ਕਰਨ ਲਈ ਪਿਛਲੇ ਸਾਰੇ ਰਿਕਾਰਡ ਤੋੜੇ ਹਨ। ਭਾਜਪਾ ਪਾਰਟੀ ਕਾਂਗਰਸ ਵਲੋਂ ਦੋ ਪੈਰ ਅਗਾਂਹ ਪੁਟਦਿਆਂ ਜਿਹੜੇ ਮਰਜ਼ੀ ਲੀਡਰ ਨੂੰ ਈ. ਡੀ. ਦਾ ਡਰਾਵਾ ਦੇ ਕੇ ਆਪਣੇ ਖੇਮੇ ਵਿਚ ਕਰ ਰਹੀ ਹੈ। ਅਜੇਹੇ ਡਰ ਨਾਲ ਸਾਰੀਆਂ ਪਾਰਟੀਆਂ ਦੇ ਉੱਚ ਨੇਤਾ ਆਪਣੀਆਂ ਜਮਾਂਦਰੂ ਪਾਰਟੀਆਂ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋ ਰਹੇ ਹਨ। ਇਹ ਯਕੀਨਨ ਹੈ ਕਿ ਜ਼ਿੰਮੇਵਾਰ ਆਗੂਆਂ ਵਲੋਂ ਪਾਰਟੀ ਛੱਡਣ ਨਾਲ ਪਾਰਟੀ ਧੁਰ ਅੰਦਰ ਤੱਕ ਹਿੱਲ ਜਾਂਦੀ ਹੈ।

ਪਿੱਛਲੇ ਪੰਜ ਸਾਲਾਂ ਵਿਚ ਭਾਰਤੀ ਜਨਤਾ ਪਾਰਟੀ ਵਲੋਂ ਕਾਂਗਰਸ ਪਾਰਟੀ ਦਾ ਪਿਛਲਾ ਰਿਕਾਰਡ ਤੋੜਦਿਆਂ ਦਲ ਬਦਲੀ ਨੂੰ ਪੂਰੇ ਜ਼ੋਰ ਸ਼ੋਰ ਨਾਲ ਉਤਸ਼ਾਹਤ ਕੀਤਾ ਗਿਆ। ਮੱਧ ਪ੍ਰਦੇਸ, ਮਣੀਪੁਰ, ਅਰੁਣਾਚਲ ਪ੍ਰਦੇਸ਼, ਪਾਂਡੀਚਿਰੀ ਅਤੇ ਕਰਨਾਟਕਾ ਵਿਚ ਪੁਰਾਣੀਆਂ ਸਰਕਾਰਾਂ ਟੁੱਟ ਗਈਆਂ ਜਾਂ ਤੋੜ ਦਿੱਤੀਆਂ ਗਈਆਂ। 43 ਫੀਸਦੀ ਸਾਂਸਦਾਂ ਵਿਰੁੱਧ ਅਦਾਲਤਾਂ ਵਿਚ ਅਪਰਾਧਿਕ ਮਾਮਲੇ ਚਲਦੇ ਹੋਣ ਤਾਂ ਕੀ ਓਥੋਂ ਨੈਤਿਕਤਾ ਦੀ ਆਸ ਰੱਖੀ ਜਾ ਸਕਦੀ ਹੈ?

ਸਾਰੀਆਂ ਹੀ ਪਾਰਟੀਆਂ ਵਿਚੋਂ ਲੋਕ ਤੰਤਰ ਮਰ ਚੁੱਕਿਆ ਹੈ। ਪਾਰਟੀਆਂ ਕੇਵਲ ਇਕ ਆਗੂ ਜਾਂ ਇੱਕ ਪਰਿਵਾਰ ਦੀ ਭੇਟ ਚੜ੍ਹ ਚੁੱਕੀਆਂ ਹਨ। ਜੇ 2014 ਤੋਂ ਦਲ ਬਦਲੀ ਦਾ ਰੁਝਾਨ ਦੇਖਿਆ ਜਾਏ ਤਾਂ ਕਾਂਗਰਸ ਦੇ 50 ਤੋਂ ਵੀ ਜ਼ਿਆਦਾ ਸਿਰ ਕੱਢ ਨੇਤਾ, 15 ਮੁੱਖ ਮੰਤ੍ਰੀ, ਐਨੇ ਹੀ ਕੇਂਦਰੀ ਮੰਤ੍ਰੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਆਲ੍ਹਾ ਮੈਂਬਰ ਜਾਂ ਅਹੁਦੇਦਾਰ ਵੱਖ ਵੱਖ ਪਾਰਟੀਆਂ ਵਿਚ ਚਲੇ ਗਏ ਜਾਂ ਵੱਖਰੇ ਹੋ ਕੇ ਪਾਰਟੀ ਬਣਾ ਲਈ। ਐਸ. ਐਮ. ਕ੍ਰਿਸ਼ਨਨ, ਗੁਲਾਮ ਨਬੀ ਅਜ਼ਾਦ ਕੈਪਟਨ ਅਮਰਿੰਦਰ ਸਿੰਘ, ਨਰਾਇਣ ਦੱਤ ਤਿਵਾੜੀ, ਅਸ਼ੋਕ ਚੌਹਾਨ, ਕਿਰਣ ਰੈਡੀ, ਵਿਜੇ ਬਹੁਗੁਣਾ, ਨਰਾਇਣ ਰਾਏ, ਮੁਕਲ ਸੰਗਮਾ, ਪ੍ਰਨੀਤ ਕੌਰ ਅਤੇ ਹੋਰ ਨਾਮੀ ਨੇਤਾਵਾਂ ਨੇ ਕਾਂਗਰਸ ਨੂੰ ਅੰਗੂਠਾ ਦਿਖਾ ਕੇ ਦੂਜੀਆਂ ਪਾਰਟੀਆਂ ਦਾ ਪਟਾ ਗਲ ਪਵਾ ਲਿਆ ਹੈ।

ਹੈਰਾਨਗੀ ਦੇਖੋ ਕੈਪਟਨ ਅਮਰਿੰਦਰ ਸਿੰਘ ਦਾ ਪਰਿਵਾਰ ਪਿਛਲੇ ਕਈ ਸਾਲ ਤੋਂ ਕਾਂਗਰਸ ਪਾਰਟੀ ਵਿਚ ਤੁਰਿਆ ਆ ਰਿਹਾ ਹੈ। ਗੁਰਬੰਤਾ ਸਿੰਘ ਦਾ ਚੌਧਰੀ ਪਰਿਵਾਰ, ਧੁਰੰਤਰ ਕਾਂਗਰਸੀ ਨੇਤਾ ਬਲਰਾਮ ਜਾਖੜ ਦਾ ਪੁੱਤਰ ਸੁਨੀਲ ਜਾਖੜ ਸੂਬਾ ਪ੍ਰਧਾਨ ਵੀ ਰਿਹਾ ਹੈ, ਬੇਅੰਤ ਸਿੰਘ ਦਾ ਪੋਤਰਾ ਰਵਨੀਤ ਸਿੰਘ ਬਿੱਟੂ ਜਿਸ ਨੂੰ ਰਾਹੁਲ ਗਾਂਧੀ ਦਾ ਥਾਪੜਾ ਰਿਹਾ ਹੋਵੇ, ਛੋਟੀ ਉਮਰ ਵਿਚ ਐਮ. ਪੀ. ਭਰਾ ਸਿੱਧਾ ਡੀ ਐਸ ਪੀ ਭਰਤੀ ਹੋਇਆ ਹੋਵੇ ਉਹ ਵੀ ਕਾਂਗਰਸ ਛੱਡ ਗਏ। ਰਵਨੀਤ ਬਿੱਟੂ ਦਾ ਕਾਂਗਰਸ ਛੱਡ ਜਾਣਾ ਇਤਿਹਾਸ ਵਿਚ ਸਭ ਤੋਂ ਵੱਧ ਕਲੰਕਤ ਕਰਮ ਗਿਣਿਆ ਜਾਏਗਾ। ਹਾਲਾਂ ਕਿ ਰਵਨੀਤ ਬਿੱਟੂ ਦੇ ਕਾਂਗਰਸ ਵਿਚ ਅੱਗੇ ਵੱਧਣ ਦੇ ਬਹੁਤ ਮੌਕੇ ਸਨ।

ਦਲ ਬਦਲੀਆਂ ਨਾਲ ਪਾਰਟੀਆਂ ਦਾ ਢਾਂਚਾ ਤਹਿਸ਼ ਨਹਿਸ਼ ਹੁੰਦਾ ਹੈ ਪਰ ਏਥੇ ਇਕ ਇਹ ਵੀ ਪਹਿਲੂ ਵਿਚਾਰਨ ਵਾਲਾ ਹੈ ਕਿ ਪਾਰਟੀਆਂ ਦੇ ਨਿਸ਼ਕਾਮ ਸੇਵਕ ਜਿਹੜੇ ਵਰ੍ਹਿਆਂ ਬੱਧੀ ਪਾਰਟੀ ਲਈ ਕੰਮ ਕਰਦੇ ਹੋਣ ਉਨ੍ਹਾਂ ਦੀ ਕੋਈ ਸਾਰ ਨਾ ਲਏ, ਹੱਕ ਮਾਰਿਆ ਜਾਏ ਜਾਂ ਜ਼ਲੀਲ ਕੀਤਾ ਜਾਏ ਉਹ ਪਾਰਟੀ ਛੱਡਣ ਲਈ ਮਜਬੂਰ ਹੋ ਜਾਂਦਾ ਹੈ। ਹਾਂ ਜੇ ਪਾਰਟੀ ਮੈਰਿਟ ਦੇ ਅਧਾਰਿਤ ਫੈਸਲੇ ਲਵੇ ਤਾਂ ਪਾਰਟੀ ਦਾ ਨੁਕਸਾਨ ਨਹੀਂ ਹੋ ਸਕਦਾ।

1947 ਵਿੱਚ ਪੰਜਾਬ ਤੇ ਬੰਗਾਲ ਦੀ ਗੈਰ-ਕੁਦਰਤੀ ਵੰਡ ਹੋਈ ਹੈ। ਸਿਤਮ ਜ਼ਰੀਫੀ ਦੀ ਗੱਲ ਦੇਖੋ ਬੰਗਾਲ ਦੀਆਂ ਚੋਣਾਂ ਵਿਚ ਆਪਣਾ ਅਕਾਰ ਵੱਡਾ ਕਰਨ ਲਈ ਭਾਜਪਾ ਨੇ ਥੋਕ ਰੂਪ ਵਿਚ ਦਲ ਬਦਲੀ

**ਬਾਕੀ ਸਫਾ 9 'ਤੇ**

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ
ਬਿਊਰੋ

**ਸਵਾਲ -ਕੀ ਗੁਰੂ ਨਾਨਕ ਸਾਹਿਬ ਜੀ 'ਤੇ ਸੱਪ ਨੇ ਛਾਂ ਕੀਤੀ ਸੀ?**

**ਜਵਾਬ-** ਨਹੀਂ ਜੀ ਏਦਾਂ ਕੋਈ ਸੱਪ ਛਾਂ ਨਹੀਂ ਕਰਦਾ। ਅਸਲ ਵਿਚ ਕੁਝ ਮਿੱਥਾਂ ਪੁਰਾਣੀਆਂ ਤੁਰੀਆਂ ਆਉਂਦੀਆਂ ਹਨ ਜਿਸ ਨਾਲ ਜਨ ਸਧਾਰਨ ਮਨੁੱਖ ਨੂੰ ਇਹ ਪ੍ਰਭਾਵ ਦਿੱਤਾ ਜਾਂਦਾ ਸੀ ਕਿ ਇਸ ਮਨੁੱਖ ਵਿਚ ਬਹੁਤ ਕਰਾਮਾਤਾਂ ਹੁੰਦੀਆਂ ਹਨ ਉਨ੍ਹਾਂ ਨੂੰ ਫਨੀਅਰ-ਸੱਪ ਵੀ ਛਾਂਵਾਂ ਕਰਦੇ ਹਨ। ਕੁਝ ਪੁਰਾਣੀਆਂ ਮਿੱਥਾਂ ਵੀ ਗੁਰੂ ਸਾਹਿਬ ਜੀ ਦੇ ਜੀਵਨ ਨਾਲ ਜੋੜੀਆਂ ਹੋਈਆਂ ਹਨ। ਜਿਸ ਤਰ੍ਹਾਂ ਸ਼ਿਵ ਦੇ ਗਲ ਵਿਚ ਪਾਏ ਹੋਏ ਸੱਪ ਦੀਆਂ ਫੋਟੋਆਂ ਆਮ ਦਿਖਾਈਆਂ ਜਾਂਦੀਆਂ ਹਨ, ਹਿੰਦੀ ਦੀ ਪੁਸਤਕ ਜਾਤਕ ਕਥਾਵਾਂ ਵਿਚ ਮਹਾਤਮਾ ਬੁੱਧ ਦੇ ਚਿਹਰੇ 'ਤੇ ਧੁੱਪ ਆਉਣ ਨਾਲ ਸੱਪ ਨੇ ਛਾਂ ਕੀਤੀ ਤੇ ਬਾਹਰਵੀਂ ਸਦੀ ਵਿਚ ਇਕ ਮੁਸਲਮਾਨ ਫਕੀਰ 'ਤੇ ਸੱਪ ਨੇ ਛਾਂ ਕੀਤੀ ਦੀ ਕਹਾਣੀ ਤੁਰੀ ਆਉਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਲਿਖਣ ਵਾਲੇ ਲਿਖਾਰੀ ਨੇ ਵੀ ਇਹ ਸੋਚਿਆ ਕਿ ਗੁਰੂ ਸਾਹਿਬ ਦੀ ਵੱਡੀ ਤੋਂ ਵੱਡੀ ਵਡਿਆਈ ਤਾਂ ਹੀ ਹੋ ਸਕਦੀ ਹੈ ਜੇ ਇਹਨਾਂ ਦੇ ਚਿਹਰੇ 'ਤੇ ਵੀ ਸੱਪ ਦੀ ਛਾਂ ਕਰਾਈ ਜਾਏ। ਸੋ ਇੰਜ ਏਦਾਂ ਦੀਆਂ ਕਹਾਣੀਆਂ ਇਤਿਹਾਸ ਬਣ ਜਾਂਦੀਆਂ ਹਨ। ਅਸਲ ਵਿਚ ਸਮਾਜ ਵਿਚ ਜ਼ਹਿਰੀ ਮਨੁੱਖਾਂ ਦੇ ਸੁਭਾਵਾਂ ਨੂੰ ਗੁਰੂ ਸਾਹਿਬ ਨੇ ਗਿਆਨ ਦੁਆਰਾ ਮੋੜਾ ਦੇ ਕੇ ਉਹਨਾਂ ਨੂੰ ਦੁਨੀਆਂ ਦੀ ਸੇਵਾ ਵਲ ਮੋੜਿਆ। ਜਿਹੜੇ ਸਮਾਜ ਦੀ ਸੇਵਾ ਤੋਂ ਭੱਜਦੇ ਸਨ ਉਹ ਹੱਥੀਂ ਛਾਵਾਂ ਕਰਨ ਲੱਗ ਗਏ।

**ਸਵਾਲ—ਕੀ ਗੁਰੂ ਸਾਹਿਬ ਜੀ ਨੇ ਪੱਥਰ ਵਿਚ ਪੰਜਾ ਲਗਾਇਆ ਸੀ?**

**ਜਵਾਬ-** ਵਰਤਮਾਨ ਜਿਹੜਾ ਪੰਜਾ ਸਾਨੂੰ ਦਿਸਦਾ ਹੈ ਉਹ ਪਹਾੜੀ ਦੀ ਚਟਾਨ ਵਿਚ ਹਥੋੜੇ 'ਤੇ ਛੈਣੀ ਨਾਲ ਉਕਰਿਆ ਹੋਇਆ ਹੈ। ਅਸਲ ਮੁੱਦਾ ਹੈ ਕਿ ਗੁਰੂ ਸਾਹਿਬ ਜੀ ਨੇ ਵਲੀ ਕੰਧਾਰੀ ਦੇ ਏਕਾ ਅਧਿਕਾਰ ਨੂੰ ਖਤਮ ਕਰਕੇ ਨਵਾਂ ਚਸ਼ਮਾ ਖੁਦਵਾਇਆ ਤੇ ਪਾਣੀ ਦੀ ਕਿਲਤ ਵਾਲੀ ਸਮੱਸਿਆ ਦਾ ਹੱਲ ਕਰਾਇਆ। ਹੰਕਾਰੀ ਵਲੀ ਕੰਧਾਰੀ ਦੇ ਪੱਥਰ ਰੂਪੀ ਚਿੱਤ ਵਿਚ ਗਿਆਨ ਦਾ ਪੰਜਾ ਲਗਾਇਆ। ਪ੍ਰਿੰ. ਸੁਜਾਨ ਸਿੰਘ ਦੇ ਕਥਨ ਅਨੁਸਾਰ ਇਸ ਇਲਾਕੇ ਦੀ ਪ੍ਰੰਪਰਾ ਰਹੀ ਹੈ ਕਿ ਅਸਨ ਅਬਦਾਲ ਦੇ ਲੋਕ ਆਪਣੇ ਬਜ਼ੁਰਗਾਂ ਦੀ ਯਾਦ ਸੰਭਾਲਣ ਲਈ ਪੰਜੇ ਲਵਾ ਕੇ ਰੱਖ ਲੈਂਦੇ ਸਨ। ਸੁ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਨੂੰ ਸਦਾ ਤਾਜ਼ਾ ਰੱਖਣ ਲਈ ਇਹ ਪੰਜੇ ਦਾ ਨਿਸ਼ਨ ਸੰਭਾਲ ਕੇ ਰੱਖਿਆ ਹੋਇਆ ਹੈ। 27 ਦਿੰਸਬਰ 1835 ਦੇ ਦਿਨ ਜਰਮਨ ਦਾ ਇਕ ਯਾਤਰੀ ਬੈਰਨ ਚਾਰਲਸ ਹਿਊਗਲ ਇਸ ਜਗ੍ਹਾ ਤੋਂ ਲੰਘਿਆ ਸੀ ਤਾਂ ਓਦੋਂ ਪੰਜੇ ਵਾਲਾ ਪੱਥਰ ਗੁਰੂ ਗ੍ਰੰਥ ਸਾਹਿਬ ਜੀ ਕੋਲ ਪਿਆ ਹੋਇਆ ਸੀ। ਪੱਥਰ 'ਤੇ ਮਹਾਰਾਜਾ ਰਣਜੀਤ ਸਿੰਘ ਵਲੋਂ ਪੰਜਾ ਉਕਰਾਏ ਜਾਣ ਦਾ ਜ਼ਿਕਰ ਹਿਊਗਲ ਨੇ ਆਪਣੀ ਪੁਸਤਕ ਵਿਚ ਕੀਤਾ ਹੈ।

**ਸਵਾਲ- ਕੀ ਗੁਰੂ ਨਾਨਕ ਸਾਹਿਬ ਜੀ ਵੇਈਂ ਨਦੀ ਵਿਚ ਅਲੋਪ ਹੋ ਗਏ ਸਨ?**

**ਜਵਾਬ-** ਕੁਝ ਜਨਮ ਸਾਖੀਆਂ ਨੇ ਏਥੋਂ ਤਕ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਜੀ ਤਿੰਨ ਦਿਨ ਵੇਈਂ ਨਦੀ ਵਿਚ ਰਹੇ ਤੇ ਰੱਬ ਜੀ ਨਾਲ ਮਿਲ ਕੇ ਗੱਲਾਂ ਕੀਤੀਆਂ ਜੋ ਗੁਰਬਾਣੀ ਦੇ ਤੱਤ ਗਿਆਨ ਦੀ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ। ਅਸਲ ਵਿਚ ਗੁਰੂ ਨਾਨਕ ਸਾਹਿਬ ਜੀ ਦਿਮਾਗ ਦੀ ਵੇਈਂ ਨਦੀ ਵਿਚ ਉੱਤਰੇ ਸਨ, ਇਹ ਫੈਸਲਾ ਲੈਣ ਲਈ ਕਿ ਇਕ ਪਾਸੇ ਮੇਰਾ ਘਰ-ਬਾਰ ਹੈ ਦੂਜੇ ਪਾਸੇ ਸੰਸਾਰ ਵਿਚ ਹਫੜਾ ਦਫੜੀ ਮੱਚੀ ਹੋਈ ਹੈ। ਰਾਜਿਆਂ ਤੋਂ ਲੈ ਕੇ ਅਹਿਲਕਾਰਾਂ ਤਕ, ਜਨ ਸਧਾਰਨ ਲੋਕਾਂ ਤੋਂ ਲੈ ਕੇ ਪੁਜਾਰੀ ਤਕ, ਸਭ ਲੋਕ ਖੁਦਗਰਜ਼ੀ ਦੀ ਅੱਗ ਵਿਚ ਝੁਲਸੇ ਪਏ ਹਨ। ਵੇਈਂ ਨਦੀ ਦੇ ਪਾਰਲੇ ਕੰਢੇ ਸੰਘਣੇ ਰੁੱਖਾਂ ਥੱਲੇ ਬੈਠ ਕੇ ਗੁਰੂ ਸਾਹਿਬ ਜੀ ਨੇ ਇਹ ਦ੍ਰਿੜ ਫੈਸਲਾ ਲਿਆ ਕਿ ਸਰੀਰਕ ਸੁੱਖ ਦੀ ਥਾਂ 'ਤੇ ਆਤਮਿਕ ਸੁਖ ਨਾਲ ਹੀ ਚੰਗੇ ਜੀਵਨ ਅਤੇ ਸਮਾਜ ਦਾ ਨਿਰਮਾਣ ਹੋ ਸਕਦਾ ਹੈ। ਗੁਰੂ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਇਕ ਕ੍ਰਾਂਤੀਕਾਰੀ ਫੈਸਲਾ ਲਿਆ ਕਿ ਲੁਕਾਈ ਨੂੰ ਸੱਚ ਹੱਕ ਲਈ ਲਾਮ ਬੰਦ ਕਰਨਾ ਚਾਹੀਦਾ ਹੈ। ਵੇਈਂ ਨਦੀ ਵਿਚ ਉਤਰਨ ਦਾ ਭਾਵ ਅਰਥ ਹੈ ਆਤਮ ਚਿੰਤਨ ਕਰਕੇ ਖੁਦ-ਮੁਖਤਿਆਰੀ ਵਾਲੇ ਫੈਸਲੇ ਲੈਣ ਤੋਂ ਹੈ।

**ਸਵਾਲ—ਕੀ ਸੱਚੀਂ ਮੁਚੀਂ ਰੋਟੀਆਂ ਵਿਚੋਂ ਲਹੂ ਤੇ ਦੁੱਧ ਕੱਢਿਆ ਸੀ?**

**ਜਵਾਬ-** ਰੋਟੀਆਂ ਵਿਚੋਂ ਲਹੂ ਤੇ ਦੁੱਧ ਕੱਢਣਾ ਚਿੱਤ੍ਰਕਾਰ ਦੀ ਕਲਾ ਹੈ। ਏਦਾਂ ਕਦੇ ਵੀ ਨਹੀਂ ਹੁੰਦਾ ਕਿ ਹੱਥ ਵਿਚ ਰੋਟੀਆਂ ਘੁੱਟਣ ਨਾਲ ਲਹੂ ਤੇ ਦੁੱਧ ਨਿਕਲਣ ਲੱਗ ਪਏ। ਅਸਲ ਵਿਚ ਗੁਰੂ ਸਾਹਿਬ ਜੀ ਨੇ ਭਰੀ ਸਭਾ ਵਿਚ ਲੋਕਾਂ ਨੂੰ ਗੁਰ-ਗਿਆਨ ਰਾਂਹੀਂ ਇਹ ਸਮਝਾਇਆ ਸੀ ਕਿ ਕਿਸੇ ਦਾ ਹੱਕ ਮਾਰਨਾ ਲਹੂ ਪੀਣ ਦੇ ਬਰਾਬਰ ਹੈ ਜਦ ਕਿ ਆਪਣੀ ਕਿਰਤ 'ਤੇ ਵਿਸ਼ਵਾਸ ਰੱਖਣਾ ਦੁੱਧ ਦੇ ਬਰਾਬਰ ਹੈ। ਮਲਕ ਭਾਗੋ ਵਲੋਂ ਲੋਕਾਂ ਨਾਲ ਕੀਤੇ ਜਾਂਦੇ ਧੱਕੇ ਖੂਨ ਪੀਣ ਦੇ ਬਰਾਬਰ ਹਨ ਜਦ ਕਿ ਭਾਈ ਲਾਲੋ ਦੀ ਹੱਥੀਂ ਕਿਰਤ ਕਰਨਾ ਦੁੱਧ ਦੇ ਬਰਾਬਰ ਹੈ।

**ਸਵਾਲ- ਕੀ ਰੀਠੇ ਮਿੱਠੇ ਹੋ ਸਕਦੇ ਹਨ?**


**ਜਵਾਬ-** ਗੁਰੂ ਸਾਹਿਬ ਜੀ ਨੇ ਸਿੱਧਾਂ ਨਾਲ ਵਿਚਾਰ ਵਟਾਂਦਰਾ ਕਰਕੇ ਰੀਠਿਆਂ ਵਾਂਗ ਕੌੜੇ ਹੋ ਚੁਕੇ ਸਿੱਧਾਂ ਦੇ ਮਨਾਂ ਨੂੰ ਮਿਠਾਸ ਵਿਚ ਬਦਲਿਆ। ਉੱਝ ਜਿਸ ਥਾਂ 'ਤੇ ਗੁਰੂ ਸਾਹਿਬ ਜੀ ਨੇ ਬੈਠ ਕੇ ਸਿੱਧਾਂ ਨਾਲ ਵਿਚਾਰ ਗੋਸ਼ਟੀ ਕੀਤੀ ਸੀ ਉਸ ਇਲਾਕੇ ਦੇ ਖੇਤਰ ਵਿਚ ਆਮ ਰੀਠਿਆਂ ਦੀ ਬਾਹਰਲੀ ਛਿੱਲ ਵਿਚ ਕੁੜੱਤਣ ਘੱਟ ਹੈ। ਨਾ-ਮਾਤਰ ਜੇਹੀ ਮਿਠਾਸ ਹੈ। ਹੁਣ ਤਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਾੜੀ ਤੇ ਆਪ ਰੀਠਿਆਂ ਦਾ ਬਾਗ ਲਵਾਇਆ ਹੋਇਆ ਹੈ ਜਿਨ੍ਹਾਂ ਦੀ ਉੱਪਰਲੀ ਛਿੱਲ ਥੋੜੀ ਜੇਹੀ ਮਿਠਾਸ ਮਾਰਦੀ ਹੈ। ਉਸ ਦਾ ਪ੍ਰਸਾਦ ਵੰਡਿਆ ਜਾਂਦਾ ਹੈ। ਅਸਲ ਮੁੱਦਾ ਤਾਂ ਗੁਰੂ ਸਾਹਿਬ ਜੀ ਨੇ ਉਹਨਾਂ ਸਿੱਧਾਂ ਨੂੰ ਸਮਝਾਉਣ ਦਾ ਹੈ ਜਿਹੜੇ ਸੰਸਾਰ ਦੀ ਕਾਰ ਵਿਹਾਰ ਛੱਡ ਕੇ ਕੇਵਲ ਪਹਾੜਾਂ 'ਤੇ ਬੈਠ ਕੇ ਸ਼ਾਂਤੀ ਲੱਭ ਰਹੇ ਸਨ। ਇਹ ਸਿੱਧ ਆਮ ਕਰਕੇ ਗ੍ਰਹਿਸਤੀਆਂ ਨੂੰ ਕੋਈ ਬਹੁਤਾ ਵਧੀਆ ਨਹੀਂ ਗਿਣਦੇ ਸਨ। ਭਾਵ ਸੰਸਾਰ ਵਲੋਂ ਪੂਰੀ ਤਰ੍ਹਾਂ ਨਾਲ ਕੁੜੱਤਣ ਵਿਚ ਭਰ ਹੋਏ ਸਨ। ਜਿਹੜਾ ਇਹ ਸਮਝਿਆ ਜਾਂਦਾ ਹੈ ਕਿ ਜਿਸ ਰੀਠੇ ਦੇ ਬੂਟੇ ਥੱਲੇ ਗੁਰੂ ਸਾਹਿਬ ਜੀ ਬੈਠੇ ਸਨ ਉਹ ਬੂਟਾ ਮਿੱਠਾ ਹੈ। ਇਹ ਨਿਰਾ ਭਰਮ ਹੈ ਮੈਂ ਖੁਦ ਉਹ ਸਾਰੀ ਜਗ੍ਹਾ ਦੇਖੀ ਹੈ। ਏਥੇ ਰੀਠਿਆਂ ਦੇ ਆਮ ਬੂਟੇ ਮਿਲਦੇ ਹਨ ਜਿਨ੍ਹਾਂ ਦੀ ਉਪਰਲੀ ਛਿੱਲ ਮਾੜੀ ਜੇਹੀ ਮਿਠਾਸ ਮਾਰਦੀ ਹੈ। ਬਾਕੀ ਇਲਾਕੇ ਵਿਚੋਂ ਰੀਠੇ ਇਕੱਠੇ ਕਰਕੇ ਰੱਖ ਲਏ ਜਾਂਦੇ ਹਨ ਜਿਹੜੇ ਪ੍ਰਸਾਦ ਵਜੋਂ ਸਾਰਾ ਸਾਲ ਵੰਡੇ ਜਾਂਦੇ ਹਨ।

**ਸਵਾਲ- ਕੀ ਗੁਰੂ ਸਾਹਿਬ ਜੀ ਨੇ ਤੇਰਾਂ ਤੇਰਾਂ ਕਹਿ ਕੇ ਖਜ਼ਾਨਾ ਲੁਟਾ ਦਿੱਤਾ ਸੀ?**

**ਜਵਾਬ-** ਨਹੀਂ ਜੀ, ਏਦਾਂ ਕਦੇ ਖਜ਼ਾਨਾ ਲੁਟਾਇਆ ਨਹੀਂ ਜਾਂਦਾ, ਗੁਰੂ ਸਾਹਿਬ ਜੀ ਜਿਸ ਮਹਿਕਮੇ ਦੇ ਇੰਚਾਰਜ ਸਨ ਉਸ ਨੂੰ ਅੱਜ ਕਲ੍ਹ ਸਿਵਲ ਸਪਲਾਈ ਦਾ ਮਹਿਕਮਾ ਆਖਿਆ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਇਸ ਮਹਿਕਮੇ ਵਿਚ ਨਵੀਂ ਜਾਨ ਪਾਉਂਦਿਆਂ ਇਸ ਦੀਆਂ ਚੋਰ-ਮੋਰੀਆਂ ਬੰਦ ਕੀਤੀਆਂ। ਇਸ ਮਹਿਕਮੇ ਵਿਚੋਂ ਵੱਢੀ, ਹੇਰਾ-ਫੇਰੀ ਵਰਗੀਆਂ ਬਿਮਾਰੀਆਂ ਨੂੰ ਮੁੱਢੋਂ ਰੱਦ ਕਰਕੇ ਹੱਕ-ਇਨਸਾਫ ਦੀ ਕਿਰਤ ਕਰਨ ਦਾ ਵਲ ਸਮਝਾਇਆ ਦੂਜਾ ਆਪਣੀ ਕਿਰਤ ਕਮਾਈ ਵਚੋਂ ਲੋੜਵੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਸਨ। ਗੁਰੂ ਸਾਹਿਬ ਜੀ ਨੇ ਪੂਰੀ ਜ਼ਿੰਮੇਵਾਰੀ ਨਾਲ ਇਸ ਮਹਿਕਮੇ ਨੂੰ ਸੰਭਾਲਿਆ ਤੇ ਸਾਰੇ ਮਹਿਕਮੇ ਵਿਚ ਇਮਾਨਦਾਰੀ ਵਫਾਦਾਰੀ ਅਤੇ ਸਖਤ ਮਿਹਨਤ ਕਰਨ ਵਲ ਪ੍ਰੇਰਤ ਕੀਤਾ ਸੀ। ਤੇਰਾਂ ਤੇਰਾਂ ਕਹਿ ਕੇ ਖਜ਼ਾਨਾ ਲਟਾਉਣ ਵਾਲੀ ਕਹਾਣੀ ਅਧਾਰਹੀਣ ਹੈ।




# ਆਂਧੀ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਦੁਨੀਆਂ ਵਿਚ ਕਈ ਵਾਰ ਬਹੁਤ ਜ਼ਿਆਦਾ ਤੇਜ਼ ਹਨ੍ਹੇਰੀਆਂ, ਤੂਫਾਨ ਝੱਖੜ ਅਤੇ ਭੂਚਾਲ ਆਉਂਦੇ ਹਨ। ਪੱਕੇ ਮਕਾਨ ਬਣੇ ਬਣਾਏ ਢਹਿ ਢੇਰੀ ਹੋ ਜਾਂਦੇ ਹਨ। ਪਿੰਡਾਂ ਵਿੱਚ ਲਾਲ ਹਨੇਰੀ ਨੂੰ ਦੇਖ ਕੇ ਸਿਆਣੇ ਲੋਕ ਘਰਾਂ ਦਾ ਸਮਾਨ ਸਾਂਭਣ ਲਈ ਆਖ ਦੇਂਦੇ ਸਨ। ਗੁਰਬਾਣੀ ਵਿੱਚ ਵੀ ਹਨ੍ਹੇਰੀ ਦਾ ਜ਼ਿਕਰ ਆਉਂਦਾ ਹੈ। ਇਸ ਤੇਜ਼ ਹਨ੍ਹੇਰੀ ਦੇ ਨਾਂ ਨੂੰ ਗੁਰੂ ਦੇ ਗਿਆਨ ਦਾ ਨਾਂ ਦਿੱਤਾ ਗਿਆ ਹੈ। ਰਾਗ ਗਉੜੀ ਅੰਦਰ ਕਬੀਰ ਸਾਹਿਬ ਜੀ ਨੇ ਗਿਆਨ ਦੀ ਹਨ੍ਹੇਰੀ ਦਾ ਜ਼ਿਕਰ ਕੀਤਾ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈ:-

**ਦੇਖੌ ਭਾਈ ਗ੍ਯ੍ਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ॥ ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥ ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥ ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥ ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥ (੩੩੧)**

ਹਨ੍ਹੇਰੀ ਦਾ ਪ੍ਰਤੀਕ ਲੈ ਕੇ ਕਬੀਰ ਜੀ ਨੇ ਇਕ ਅਹਿਮ ਸਮੱਸਿਆ ਵਲ ਸਾਡਾ ਧਿਆਨ ਦੁਆਇਆ ਏ; ਆਮ ਹਾਲਤਾਂ ਵਿੱਚ ਮਨੁੱਖ ਨੇ ਬਹੁਤ ਸਾਰੇ ਭਰਮ ਪਾਲੇ ਹੋਏ ਨੇ, ਇਹਨਾਂ ਭਰਮਾਂ ਵਿੱਚ ਆਦਮੀ ਸਾਰੀ ਜ਼ਿੰਦਗੀ ਲਗਾ ਦੇਂਦਾ ਹੈ। ਜਿਸ ਤਰ੍ਹਾਂ ਹਨ੍ਹੇਰੀ ਅਉਂਦੀ ਏ ਬਣੇ ਹੋਏ ਮਕਾਨਾਂ ਦੀਆਂ ਛੱਤਾਂ ਉੱਡ ਜਾਂਦੀਆਂ ਨੇ, ਮਜ਼ਬੂਤੀ ਨਾਲ ਬਣੇ ਹੋਏ ਥੰਮ ਡਿੱਗ ਜਾਂਦੇ ਨੇ। ਇੰਜ ਹੀ ਗੁਰੂ ਗਿਆਨ ਦੀ ਹਨ੍ਹੇਰੀ ਨਾਲ ਭੈੜੀ ਬੁੱਧੀ ਦਾ ਭਾਂਡਾ ਫੁੱਟ ਜਾਂਦਾ ਹੈ। ਹਨ੍ਹੇਰੀ ਉਪਰੰਤ ਜੇ ਕਦੇ ਬਰਸਾਤ ਆ ਜਾਏ, ਮੌਸਮ ਇਕ ਦਮ ਤਬਦੀਲ ਹੋ ਜਾਂਦਾ ਏ ਹਰ ਪਾਸੇ ਠੰਡ ਜੇਹੀ ਮਹਿਸੂਸ ਹੋਣ ਲੱਗ ਜਾਂਦੀ ਏ।

ਰਹਾਓ ਦੀਆਂ ਤੁਕਾਂ ਅੰਦਰ ਤਿੰਨ ਮੁੱਖ ਮੁੱਦੇ ਹਨ। ਪਹਿਲਾ ਗੁਰੂ ਉਪਦੇਸ਼ ਦੀ ਹਨ੍ਹੇਰੀ, ਦੂਸਰਾ ਭਰਮ ਤੇ ਤੀਜਾ ਮਾਇਕ ਪਦਾਰਥਾਂ ਦੀ ਪਕੜ ਨੂੰ ਸਮਝ ਲੈਣਾ। ਬੰਦੇ ਨੇ ਆਪਣੇ ਮਨ ਅੰਦਰ ਕਈ ਪ੍ਰਕਾਰ ਦੇ ਮਕਾਨ ਬਣਾਏ ਹੋਏ ਹਨ। ਤੇਜ਼ ਹਨ੍ਹੇਰੀ ਵਿੱਚ ਕੁਲੀ ਦੀ ਛੱਤ ਉੱਡ ਜਾਂਦੀ ਹੈ। ਇੰਝ ਹੀ ਗੁਰ ਉਪਦੇਸ਼ ਦੀ ਸਮਝ ਆਇਆਂ ਮਨ ਵਿੱਚ ਪਾਲੇ ਹੋਏ ਭਰਮ ਇਕ ਇਕ ਕਰਕੇ ਚਕਨਾ ਚੂਰ ਹੋ ਜਾਂਦੇ ਹਨ। ਪਹਿਲਾ ਭਰਮ ਦੋ ਚਿਤੀ, ਦੂਸਰਾ ਪਰਿਵਾਰਕ ਮੋਹ, ਤੀਸਰਾ ਤ੍ਰਿਸ਼ਨਾ ਦਾ। ਮਕਾਨ ਦੀ ਛੱਤ ਲੱਥ ਜਾਏ ਇਕ ਦਮ ਚਾਨਣ ਹੋ ਜਾਂਦਾ ਏ, ਜੇ ਭਰਮ ਦੀ ਛੱਤ ਉੱਡ ਜਾਏ ਤਾਂ ਮਨ ਅੰਦਰ ਗੁਰ-ਗਿਆਨ ਰਾਹੀਂ ਸੂਝ ਦਾ ਸੂਰਜ ਚਮਕਣ ਲੱਗ ਪੈਂਦਾ ਹੈ। ਕਈ ਭਰਮ ਤਾਂ ਬਹੁਤ ਜ਼ਿਆਦਾ ਵੱਡੇ ਹਨ, ਕਈ ਛੋਟੇ ਛੋਟੇ ਵੀ ਅਸਾਂ ਭਰਮ ਪਾਲੇ ਹੋਏ ਹਨ। ਗੁਰੂ ਗ੍ਰੰਥ ਸਾਹਿਬ ਵਰਗਾ ਗੁਰੂ ਹੋਣ ਦੇ ਬਾਵਜੂਦ ਵੀ ਸਿੱਖ ਅਜੇ ਵਹਿਮਾਂ ਭਰਮਾਂ ਤੋਂ ਮੁਕਤ ਨਹੀਂ ਹੋਏ। ਸ੍ਰੀ ਅਖੰਡ ਪਾਠ ਚੱਲ ਰਿਹਾ ਏ ਪਰ ਅਸਾਂ ਨੇ ਨਾਰੀਅਲ ਕੁੰਭ ਤੇ ਜੋਤ ਜਗਾਉਣ ਦਾ ਪੂਰਾ ਪ੍ਰਬੰਧ ਕੀਤਾ ਹੁੰਦਾ ਏ ਤੇ ਸਾਰਾ ਜ਼ੋਰ ਏਸੇ ਗੱਲ ਤੇ ਲੱਗ ਜਾਂਦਾ ਏ ਧੂਫ ਬੁੱਝ ਨਾ ਜਾਏ, ਜੋਤ ਵਿਚੋਂ ਕਿਤੇ ਘਿਉ ਨਾ ਘੱਟ ਜਾਏ। ਅਜਿਹਾ ਕਿਤੇ ਹੋ ਗਿਆ ਤਾਂ ਅਖੰਡ ਪਾਠ ਖੰਡਤ ਹੋ ਜਾਏਗਾ। ਪਾਠ ਸੁਣਨ ਵਿਚਾਰਨ ਵੱਲ ਕੋਈ ਤਵੱਜੋਂ ਨਹੀਂ ਏ। ਜਿਸ ਤਰ੍ਹਾਂ ਪੁਜਾਰੀ ਨੇ ਆਮ ਜਨਤਾ ਨੂੰ ਧਰਮ ਦੇ ਨਾਂ ਤੇ ਲੁੱਟਿਆ ਸੀ, ਕੁਝ ਇੰਜ ਹੀ ਸਿੱਖ ਧਰਮ ਨੇ ਭਰਮ ਖੜੇ ਕਰ ਲਏ ਨੇ। ਸਿੱਖ ਰਹਿਤ ਮਰਿਯਾਦਾ ਵਿੱਚ ਲਿਖਿਆ ਏ, ਜਦੋਂ ਕਿਸੇ ਤੇ ਭੀੜਾ ਜਾਂ ਖੁਸ਼ੀ ਦਾ ਸਮਾਂ ਬਣ ਜਾਏ ਤਾਂ ਪਰਿਵਾਰ ਵਾਲੇ ਜਾਂ ਮਿੱਤਰ ਸਬੰਧੀ ਰਲ ਕੇ ਪਾਠ ਕਰਨ। ਜੇਕਰ ਪਾਠ ਕਰ ਨਹੀਂ ਕਰ ਸਕਦੇ ਤਾਂ ਸਿਆਣੇ ਪਾਠੀਆਂ ਤੋਂ ਪਾਠ ਸੁਣਿਆ ਜਾਏ। ਅਜਿਹਾ ਹੋ ਨਹੀਂ ਰਿਹਾ, ਆਮ ਲੋਕਾਂ ਵਿੱਚ ਇਹ ਖਿਆਲ ਬਣ ਗਿਆ ਕਿ ਪੈਸੇ ਦੇ ਕੇ ਪਾਠ ਕਰਵਾ ਲਉ। ਕੀਤੇ ਹੋਏ ਪਾਠ ਦਾ ਮਹਾਤਮ ਤੁਹਾਨੂੰ ਆਪਣੇ ਆਪ ਹੀ ਮਿਲ ਜਾਏਗਾ। ਇਹੀ ਕੁਝ ਹੋ ਰਿਹਾ ਏ, ਸ਼ਤਾਬਦੀਆਂ ਆ ਰਹੀਆਂ ਨੇ ਗੁਰਬਾਣੀ ਸਮਝਣ ਸਮਝਾਉਣ ਦੀ ਥਾਂ ਤੇ ਸ੍ਰੀ ਅਖੰਡ ਪਾਠਾਂ ਦੀਆਂ ਲੜੀਆਂ ਚਲਾ ਦਿੱਤੀਆਂ ਨੇ। ਕੀਤੇ ਅਖੰਡ ਪਾਠ ਦੇ ਮਹਾਤਮ ਪਿੱਛੇ ਸਾਡੀ ਇਕ ਤ੍ਰਿਸ਼ਨਾ ਕੰਮ ਕਰ ਰਹੀ ਏ ਕਿ ਸੰਸਾਰ ਦਾ ਪਦਾਰਥ ਮਿਲ ਜਾਏ। ਸਿੱਖ ਕੌਮ ਨੇ ਬਹੁਤ ਵੱਡਾ ਭਰਮ ਪਾਲਿਆ, ਇਸ ਲਈ ਦਸ ਦਸ ਸਾਲ ਦੀ ਅਖੰਡ ਪਾਠਾਂ ਦੀ ਬੁਕਿੰਗ ਹੋ ਰਹੀ ਏ। ਹੁਣ ਤੇ ਇੰਝ ਲੱਗਣ ਲੱਗ ਪਿਆ ਏ ਅਜਿਹੀ ਅਵਸਥਾ ਵਿੱਚ ਅਖੰਡ ਪਾਠ ਕਰਾਉਣੇ ਹੀ ਨਹੀਂ ਚਾਹੀਦੇ। ਹਰ ਗੁਰਸਿੱਖ ਇਹ ਪ੍ਰਣ ਕਰੇ ਕਿ ਮੈਂ ਆਪ ਗੁਰਬਾਣੀ ਦਾ ਅਧਿਐਨ ਕਰਾਂਗਾ ਤੇ ਵਹਿਮ ਭਰਮ ਤੋਂ ਛੁਟਕਾਰਾ ਹੋ ਜਾਏਗਾ। ਫਿਰ ਸਿੱਖ ਨੂੰ ਇਹ ਆਖਣਾ ਪਏਗਾ, ਮੈਂ ਤੇ ਆਪ ਗੁਰਬਾਣੀ ਦਾ ਅਧਿਐਨ ਕਰਕੇ ਇਸ ਸਿੱਟੇ ਤੇ ਪੁੱਜ ਗਿਆ ਕਿ ਮੈਨੂੰ ਵਹਿਮ ਭਰਮ ਨਹੀਂ ਕਰਨੇ ਚਾਹੀਦੇ।

ਪਿੰਡਾਂ ਵਿੱਚ ਨਿੱਕੀਆਂ ਨਿੱਕੀਆਂ ਦੋ ਦੀਵਾਰਾਂ ਕਰਕੇ ਉਸ ਦੇ ਐਨ ਵਿਚਕਾਰ ਦੋ ਥੰਮੀਆਂ ਗੱਡ ਦਿੱਤੀਆਂ ਜਾਂਦੀਆਂ ਸਨ। ਉਸ ਉਪਰ ਕਾਨਿਆਂ ਦੀ ਛੱਤ ਪਾ ਦਿੱਤੀ ਜਾਂਦੀ ਸੀ। ਤੇਜ਼ ਹਨੇਰੀ ਸਭ ਕੁਝ ਉਡਾ ਕੇ ਲੈ ਜਾਂਦੀ ਸੀ। ਏਥੇ ਗੁਰੂ ਜੀ ਦੇ ਗਿਆਨ ਦੀ ਗੱਲ ਨੂੰ ਸਮਝ ਕੇ ਮਨ ਅੰਦਰ ਵਸਾਉਣ ਦੀ ਪ੍ਰੇਰਨਾ ਕੀਤੀ ਗਈ ਹੈ। ਮਾਇਆ ਦੇ ਅਧਾਰਤ ਮੈਂ ਆਪਣੇ ਆਪ ਨੂੰ ਵੱਡਾ ਸਾਬਤ ਕਰਨ ਦਾ ਯਤਨ ਕਰ ਰਿਹਾ ਹਾਂ। ਮੈਂ ਕਿਰਤ ਛੱਡ, ਠੱਗੀਆਂ, ਹੇਰਾ ਫੇਰੀਆਂ ਕਿਸੇ ਦਾ ਹੱਕ ਮਾਰ ਕੇ ਧਨ-ਪਦਾਰਥ ਇਕੱਠਾ ਕਰਕੇ ਲੰਗਰ ਲਗਾਉਣ ਵਿੱਚ ਰੁਝ ਗਿਆ ਹਾਂ। ਘੱਟੋ ਘੱਟ ਇਹ ਤੇ ਮੈਨੂੰ ਅਹਿਸਾਸ ਹੋ ਗਿਆ ਹੈ ਕਿ ਧਰਮ ਦੇ ਨਾਂ ਤੇ ਮਾਰੀ ਠੱਗੀ ਨਾਲ ਕਦੇ ਵੀ ਆਤਮਿਕ ਗੁਣ ਨਹੀਂ ਆ ਸਕਦੇ। ਸਿਰਫ ਦੋ ਦਿਨ ਦੀ ਬੱਲੇ ਬੱਲੇ ਹੈ। ਧੱਕੇ ਨਾਲ ਬਣਾਇਆ ਲੋਕ ਵਿਖਾਵੇ ਵਾਲਾ ਛੱਪਰ ਮੇਰੇ ਵੇਖਦਿਆਂ ਵੇਖਦਿਆਂ ਗੁਰ ਗਿਆਨ ਦੀ ਆਂਧੀ ਨਾਲ ਉਡ ਗਿਆ। ਹਰ ਮਨੁੱਖ ਨੇ ਭਰਮ ਪਾਲ ਲਿਆ ਏ ਕਿ ਭਾਈਚਾਰੇ ਵਿਚ ਰਹਿੰਦਿਆਂ ਸਾਡੀ ਤੇ ਸਾਡੇ ਪਰਿਵਾਰ ਦੀ ਭੱਲ ਬਣਨੀ ਚਾਹੀਦੀ ਹੈ। ਇਸੇ ਹੀ ਬੱਲੇ ਬੱਲੇ ਵਿਚੋਂ ਬਜ਼ੁਰਗਾਂ ਦੀਆਂ ਬਰਸੀਆਂ ਤੇ ਵਰੀਣਿਆਂ ਨੇ ਜਨਮ ਲਿਆ ਹੈ। ਅਜਿਹੇ ਭਰਮ ਇਸ ਪਾਲੇ ਗਏ ਸਾਡੇ ਗੁਰੂ ਗਿਆਨ ਦੀ ਸੋਝੀ ਨਹੀਂ ਹੈ। ਅਗਿਆਨਤਾ ਉਥੇ ਹੁੰਦੀ ਹੈ ਜਿੱਥੇ ਗਿਆਨ ਦੀ ਘਾਟ ਹੋਵੇ। ਗੁਰੂ ਗ੍ਰੰਥ ਦੇ ਪਵਿੱਤਰ ਗਿਆਨ ਨੂੰ ਜੀਵਨ ਦਾ ਅਧਾਰ ਬਣਾਇਆ ਭਰਮਾਂ ਦੀ ਛੱਤ ਉੱਡ ਜਾਏਗੀ। ਸੁਭਾਅ ਵਿਚ ਨਿਰਮਲਤਾ ਆ ਜਾਏਗੀ।

**ਦੇਖੌ ਭਾਈ ਗ੍ਯ੍ਾਨ ਕੀ ਆਈ ਆਂਧੀ ॥**
**ਸਭੈ ਉਡਾਨੀ ਭ੍ਰਮ ਕੀ ਟਾਟੀ**

**ਰਹੈ ਨ ਮਾਇਆ ਬਾਂਧੀ ॥**

ਆਦਮੀ ਹਮੇਸ਼ਾਂ ਹੀ ਦੋਚਿੱਤੀਆਂ ਵਿੱਚ ਵਿਚਰਿਆ ਹੈ। ਇਹ ਤੇ ਰੋਟੀ ਖਾਣ ਲੱਗਾ ਵੀ ਇਹ ਸੋਚਦਾ ਰਹਿੰਦਾ ਏ ਕਿ ਹੋਰ ਰੋਟੀ ਖਾਵਾਂ ਕਿ ਨਾ ਖਾਵਾਂ। ਕੱਪੜੇ ਪਹਿਨਣ ਲੱਗਾ ਵੀ ਇਹ ਹੀ ਸੋਚਦਾ ਏ ਪਿਛਲੀ ਵਾਰੀ ਇਹ ਸੂਟ ਪਾਇਆ ਸੀ ਫਲਾਣੇ ਥਾਂ ਤੋਂ ਮਰੇ ਦਾ ਸੁਨੇਹਾ ਆ ਗਿਆ ਸੀ, ਕਿਤੇ ਅੱਜ ਵੀ ਇਹੋ ਜਿਹਾ ਹੀ ਨਾ ਹੋ ਜਾਏ। ਸੂਟ ਪਹਿਨਣ ਨਾਲ ਹੀ ਇਸ ਭਲੇਮਾਣਸ ਨੇ ਦੂਸਰੇ ਆਦਮੀ ਦੀ ਮੌਤ ਮਿੱਥ ਲਈ ਹੈ। ਸੜਕ 'ਤੇ ਐਕਸੀਡੈਂਟ ਜ਼ਿਆਦਾਤਰ ਦੋਚਿੱਤੀ ਕਰਕੇ ਹੀ ਹੁੰਦੇ ਹਨ। ਕੰਬਦੇ ਹੱਥਾਂ ਨਾਲ ਕਦੇ ਵੀ ਸੂਈ ਵਿੱਚ ਧਾਗਾ ਨਹੀਂ ਪਾਇਆ ਜਾ ਸਕਦਾ, ਕੰਬਦੇ ਮਨ ਨਾਲ ਆਦਮੀ ਕਿਸੇ ਵੀ ਮੰਜ਼ਲ ਤੇ ਨਹੀਂ ਪਹੁੰਚ ਸਕਦਾ। ਦੋਚਿੱਤੀ ਵਾਲਾ ਕਿਰਸਾਨ ਭਰਪੂਰ ਫਸਲ ਨਹੀਂ ਲੈ ਸਕਦਾ। ਲੜਾਈ ਦੇ ਮੈਦਾਨ ਵਿੱਚ ਘੋੜਿਆਂ ਦੀ ਪਰਖ ਕਰਨ ਵਾਲਾ ਜਰਨੈਲ ਹਮੇਸ਼ਾਂ ਹਾਰ ਦਾ ਮੂੰਹ ਹੀ ਦੇਖਦਾ ਹੈ। ਕਬੀਰ ਜੀ ਨੇ ਮਨੁੱਖ ਨੂੰ ਆਪਣੇ ਜੀਵਨ ਵਿਚੋਂ ਦੋਚਿੱਤੀਆਂ ਦੂਰ ਕਰਨ ਲਈ ਕਿਹਾ ਹੈ। ਸਿੱਖ ਗੁਰੂ ਨੂੰ ਵੀ ਮੱਥਾ ਟੇਕਦਾ ਹੈ, ਨਾਮ ਧਰੀਕ ਬਾਬਿਆਂ ਤੇ ਵੀ ਸ਼ਰਧਾ ਟਿਕਾਈ ਬੈਠਾ ਹੈ। ਪਰਿਵਾਰਕ ਮੋਹ ਵਿਚ ਬੱਝਾ ਹੋਇਆ, ਲਾਲਚ ਦਾ ਮਾਰਿਆ ਕਬਰਾਂ ਤੇ ਵੀ ਮੱਥੇ ਰਗੜੀ ਜਾ ਰਿਹਾ ਹੈ। ਦੋਚਿੱਤੀ ਦੀ ਥੰਮੀ ਤੇ ਪਰਿਵਾਰਕ ਮੋਹ ਦਾ ਵਲਾ ਗੁਰ-ਗਿਆਨ ਦੀ ਤੇਜ਼ ਹਨੇਰੀ ਨਾਲ ਜ਼ਮੀਨ ਵਿਚੋਂ ਪੁੱਟੇ ਗਏ।

**ਦੁਚਿਤੇ ਕੀ ਦੁਇ ਥੂਨਿ**
**ਗਿਰਾਨੀ ਮੋਹ ਬਲੇਡਾ ਟੂਟਾ ॥**

ਜਿਸ ਦਿਮਾਗ ਵਿੱਚ ਤ੍ਰਿਸ਼ਨਾ ਦਾ ਜਾਲ ਬੁਣਿਆ ਹੋਵੇ ਉਥੇ ਚੰਗੀ ਮਤ ਕਦੇ ਵੀ ਨਹੀਂ ਆ ਸਕਦੀ। ਤ੍ਰਿਸ਼ਨਾ ਤੇ ਖੋਟੀ ਮਤ ਦਾ ਆਪਸ ਵਿੱਚ ਗੂੜਾ ਸਬੰਧ ਹੈ। ਗੁਰਬਾਣੀ ਵਿੱਚ ਤ੍ਰਿਸ਼ਨਾ ਸਬੰਧੀ ਬੜੇ ਅੱਲਕਾਰ ਆਏ ਨੇ, ਹਿਰਨ ਪਿਆਸ ਦਾ ਮਾਰਿਆ ਹੋਇਆ ਤਪਦੀ ਰੇਤ ਦੇ ਲਿਸ਼ਕਾਰੇ ਨੂੰ ਪਾਣੀ ਸਮਝ ਕੇ ਭੱਜਦਾ ਹੈ। ਇਕ ਪਿਆਸ ਦਾ ਮਰਿਆ ਦੂਜਾ ਦੌੜ ਦਾ ਥੱਕਿਆ ਹੋਇਆ ਆਪਣੀ ਜਾਨ ਤੋਂ ਹੱਥ ਧੋ ਬੈਠਦਾ ਹੈ। ਜੇਕਰ ਹਿਰਨ ਦੀ ਬੁੱਧੀ ਕੰਮ ਕਰਦੀ ਹੁੰਦੀ ਤਾਂ ਲਿਸ਼ਕਦੀ ਰੇਤ ਨੂੰ ਪਾਣੀ ਨਾ ਸਮਝਦਾ। ਇੰਝ ਹੀ ਮਨੁੱਖ ਅਸਲੀਅਤ ਨੂੰ ਛੱਡ ਕੇ ਤ੍ਰਿਸ਼ਨਾ ਦਾ ਮਾਰਿਆ ਸੰਸਾਰ ਵਿੱਚ ਭੱਜਿਆ ਫਿਰਦਾ ਹੈ। ਤ੍ਰਿਸ਼ਨਾ ਦੀ ਛਾਇਆ ਹੇਠ ਪਲ ਰਿਹਾ ਭਰਮ ਬੁੱਧੀ ਦਾ ਵਿਕਾਸ ਰੋਕ ਦਿੰਦਾ ਹੈ। ਜਦੋਂ ਗੁਰੂ ਦੇ ਗਿਆਨ ਦਾ ਸੂਰਜ ਚੜ੍ਹਦਾ ਹੈ ਤਾਂ ਤ੍ਰਿਸ਼ਨਾ ਦਾ ਅਭਾਸ ਹੁੰਦਾ ਹੈ। ਖੋਟੀ ਮਤ ਤੋਂ ਛੁਟਕਾਰਾ ਹੋ ਜਾਂਦਾ ਹੈ।

**ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥**

ਭਾਂਡੇ ਟੁੱਟਣ ਦਾ ਪ੍ਰਤੀਕ ਕਮਾਲ ਦਾ ਸੁਨੇਹਾ ਦੇ ਰਿਹਾ ਹੈ। ਭਾਂਡਾ ਟੁੱਟ ਜਾਏ ਤਾਂ ਉਸ ਦੀਆਂ ਬੱਬਰੀਆਂ ਠੀਕਰੀਆਂ ਇਕੱਠੀਆਂ ਕਰਕੇ ਸਾਰੀਆਂ ਬਾਹਰ ਸੁਟ ਦੇਂਦੇ ਹਾਂ। ਉਸ ਦੀ ਜਗ੍ਹਾਂ ਨਵਾਂ ਭਾਂਡਾ ਰੱਖ ਲਿਆ ਜਾਂਦਾ ਹੈ। ਸਿੱਖੀ ਤੇ ਕਦੇ ਵੀ ਸਿੱਖੀ ਨਹੀਂ ਟਿਕਦੀ, ਪੁਰਾਣੇ ਵਿਚਾਰ ਬਾਹਰ ਸੁੱਟਣੇ ਪੈਣਗੇ ਤਾਂਹੀ ਗੁਰੂ ਦੇ ਗਿਆਨ ਦੀ ਗੱਲ ਸਾਡੇ ਹਿਰਦੇ ਵਿਚ ਪੈ ਸਕਦੀ ਹੈ। ਕਬੀਰ ਜੀ ਨੇ ਇਕ ਨਿਰੋਏ ਸਮਾਜ ਦੀ ਸਿਰਜਣਾ ਕੀਤੀ ਹੈ। ਧਰਮ ਦੀ ਦੁਨੀਆਂ ਵਿਚ ਭਰਮ ਦਾ ਭਾਂਡਾ ਤੋੜਿਆ ਗਿਆ ਹੈ।

ਗਿਆਨ ਦੀ ਹਨੇਰੀ ਭਰਮ ਦੀਆਂ ਛੱਤਾਂ ਉਡਾ ਦੇਂਦੀ ਹੈ। ਥੰਮੀਆਂ ਅਤੇ ਕੰਧਾਂ ਡਿੱਗਣ ਨਾਲ ਅੰਦਰ ਪਏ ਹੋਏ ਭਾਂਡੇ ਟੁੱਟ ਜਾਂਦੇ ਹਨ। ਇਨ੍ਹਾਂ ਦੀ ਜਗਾਂ ਤੇ ਨਾਮ ਜਲ ਦੀ ਬਰਸਾਤ ਦੇ ਨਵੇਂ ਭਾਂਡੇ ਰੱਖਣੇ ਪੈਣਗੇ।

ਮਨਿ ਭਇਆ ਪਰਗਾਸਾ ਇਹ ਸ਼ਬਦ ਦੀ ਸਿੱਖਰ ਨੂੰ ਛੋਹਦਾ ਹੋਇਆ ਤੱਤ ਹੈ। ਸੂਰਜ ਚੜ੍ਹਨ ਨਾਲ ਰਾਤ ਦਾ ਹਨੇਰਾ ਆਪਣੇ ਆਪ ਅਲੋਪ ਹੋ ਜਾਂਦਾ ਹੈ। ਜਿਨਾਂ ਚਿਰ ਮਨ ਡੋਲਦਾ ਰਹਿੰਦਾ ਹੈ ਹੋਰ ਹੋਰ ਆਸਰੇ ਭਾਲਦਾ ਰਹਿੰਦਾ ਹੈ, ਮਾਇਆ ਮੋਹ ਦੇ ਬੰਧਨਾਂ ਵਿੱਚ ਜਕੜਿਆ ਹੋਣ ਕਰਕੇ ਤ੍ਰਿਸ਼ਨਾ ਅਗਨੀ ਵਿੱਚ ਝੁਲਸਦਾ ਰਹਿੰਦਾ ਹੈ। ਇਸੇ ਲਾਲਚ ਅਧੀਨ ਹੀ ਜੀਵਨ ਦੀ ਉਸਾਰੀ ਕਰੀ ਬੈਠਦਾ ਹੈ। ਸਤਿਗੁਰ ਦੇ ਗਿਆਨ ਦੁਆਰਾ ਕੁਚੱਜੀ ਬਣਤਰ ਖਤਮ ਹੋ ਜਾਂਦੀ ਹੈ।

**ਆਂਧੀ ਪਾਛੇ ਜੋ ਜਲੁ ਬਰਖੈ**
**ਤਿਹਿ ਤੇਰਾ ਜਨੁ ਭੀਨਾਂ॥**
**ਕਹਿ ਕਬੀਰ ਮਨਿ ਭਇਆ ਪ੍ਰਗਾਸਾ**
**ਉਦੈ ਭਾਨੁ ਜਬ ਚੀਨਾ ॥**

ਇਸ ਸ਼ਬਦ ਅੰਦਰ ਗੁਰੂ ਗਿਆਨ ਨੂੰ ਵਰਤ ਕੇ ਆਪਣੇ ਜੀਵਨ ਵਿਚੋਂ ਭਰਮਾਂ ਨੂੰ ਦੂਰ ਕਰਕੇ ਬੇਲੋੜੀ ਤ੍ਰਿਸ਼ਨਾ ਨੂੰ ਖਤਮ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਰੱਬੀ ਗਿਆਨ ਹੋਣ ਦੇ ਬਾਵਜੂਦ ਵੀ ਸਿੱਖ ਅੱਜ ਭਰਮ ਭੁਲੇਖਿਆਂ ਵਿਚ ਪਿਆ ਹੋਇਆ ਹੈ। ਅਜੇ ਤੇ ਇਹ ਧੜੇਬੰਦੀਆਂ ਦੀ ਵਲਗਣ ਵਿਚੋਂ ਵੀ ਬਾਹਰ ਨਹੀਂ ਆਇਆ, ਇਸ ਨੇ ਇਹ ਹੀ ਬੜਾ ਭੁਲੇਖਾ ਪਾਲਿਆ ਹੋਇਆ ਹੈ ਕਿ ਮੇਰਾ ਧੜਾ ਸਭ ਤੋਂ ਵਧੀਆ ਹੈ। ਆਉ ਆਪਾਂ ਸਾਰੇ ਗੁਰੂ ਦੇ ਗਿਆਨ ਦੁਆਰਾ ਭੈੜੀ ਮਤ ਦੇ ਭਾਂਡਿਆਂ ਨੂੰ ਤੋੜ ਲਈਏ।

-0-

**ਸਫਾ 6 ਦਾ ਬਾਕੀ**

ਕਰਾਈ ਤੇ ਹੁਣ ਲੋਕ ਸਭਾ ਚੋਣਾਂ ਵਿਚ ਸਭ ਤੋਂ ਵੱਧ ਦਲ ਬਦਲੀ ਦੀ ਅੱਗ ਪੰਜਾਬ ਵਿਚ ਬਾਲੀ ਗਈ ਹੈ। ਸ੍ਰ: ਗੁਰਮੀਤ ਸਿੰਘ ਪਲਾਹੀ ਲਿਖਦੇ ਹਨ ਕਿ "ਸਭ ਤੋਂ ਵੱਧ ਸੋਚਣ ਵਾਲੀ ਗੱਲ ਹੈ ਕਿ ਵੱਖ ਵੱਖ ਸਿੱਖ ਚਿਹਰੇ, ਬੁੱਧੀਜੀਵੀ, ਹਰੇਕ ਪਾਰਟੀ ਦੇ ਉਹ ਰੱਜੇ ਪੁੱਜੇ ਨੇਤਾ ਜਿਹੜੇ ਆਪੋ ਆਪਣੀ ਪਾਰਟੀ ਵਿਚ ਟਿਕਟ ਨਹੀਂ ਲੈ ਸਕੇ, ਉਹ ਭਾਜਪਾ ਦਾ ਖਾਜਾ ਬਣ ਗਏ ਹਨ"। ਅਸਲ ਵਿਚ ਭਾਜਪਾ ਆਪਣੇ ਵੋਟ ਬੈਂਕ ਵਿਚ ਵਾਧਾ ਕਰਨ ਲੱਗੀ ਹੋਈ ਹੈ। ਮਹਿਸੂਸ ਹੁੰਦਾ ਹੈ ਕਿ ਭਾਜਪਾ ਇਸ ਸਾਰੇ ਵਰਤਾਰੇ ਵਿਚ ਹਿੰਦੂਤਵੀ ਫਲਸਫੇ ਨੂੰ ਮਜ਼ਬੂਤ ਕਰਨ ਲਈ ਸਾਰਾ ਬ੍ਰਿਤਾਂਤ ਸਿਰਜ ਰਹੀ ਹੈ।

ਦਲ ਬਦਲੀ ਦੀ ਬਿਮਾਰੀ ਨੇ ਸਮੁੱਚੇ ਦੇਸ਼ ਦੀ ਸਿਆਸਤ ਨੂੰ ਪ੍ਰਭਾਵਤ ਕੀਤਾ ਹੈ। ਅਜੇਹੇ ਕਰਮ ਨਾਲ ਮੁਲਕ ਵਿਕਾਸ ਵਲ ਨਹੀਂ ਵੱਧੇਗਾ ਸਗੋਂ ਮਨਮਾਨੀਆਂ ਕਰਨ ਵਲ ਵੱਧੇਗਾ ਜੋ ਚਿੰਤਾ ਦਾ ਵਿਸ਼ਾ ਹੈ। ਇਹ ਵੀ ਮੰਨਿਆ ਜਾ ਸਕਦਾ ਹੈ ਕਿ ਜਦੋਂ ਤੱਕ ਮੈਗਜ਼ੀਨ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਰਿਹਾ ਹੋਵੇਗਾ ਓਦੋਂ ਤਕ ਲੋਕ ਦਲ ਬਦਲੀ ਵਾਲਿਆਂ ਨੂੰ ਸਬਕ ਸਿਖਾ ਚੁੱਕੇ ਹੋਣਗੇ। ਜੇ ਅਜੇਹਾ ਨਹੀਂ ਹੁੰਦਾ ਲੋਕ ਆਪ ਹਲਾਲ ਹੋ ਕੇ ਬਰਿਆਨੀ ਬਣਨ ਲਈ ਤਿਆਰ ਰਹਿਣ। ਦਲ ਬਦਲੀ ਦੇਸ਼ ਵਿਚ ਅਸਿਰਥਤਾ ਪੈਦਾ ਕਰੇਗਾ। ਮਜ਼ਬੂਤ ਵਿਰੋਧੀ ਧਿਰ ਖਤਮ ਹੋ ਜਾਏਗੀ। ਦੇਸ਼ ਹਿੰਦੂਤਵ ਦੇ ਏਜੰਡੇ ਵਲ ਨੂੰ ਵਧੇਗਾ।

2024 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੇ ਤਮਾਮ ਨੇਤਾ ਪੰਜਾਬ ਦੀਆਂ ਬੁਨਿਆਦੀ ਮੰਗਾਂ ਵਲੋਂ ਪੂਰੀ ਤਰ੍ਹਾਂ ਮੂੰਹ ਮੋੜ ਗਏ ਹਨ। ਰਵਾਇਤੀ ਪਾਰਟੀਆਂ ਆਪੋ ਆਪਣੀ ਹੋਂਦ ਬਚਾਉਣ ਵਿਚ ਲੱਗੀਆਂ ਰਹੀਆਂ ਸਨ। ਸ਼੍ਰੋਮਣੀ ਅਕਾਲੀ ਦਲ ਵਲੋਂ ਚੋਣ ਮੈਨੀਫੈਸਟੋ ਵਿਚ ਮੁਫਤ ਦੀਆਂ ਸਹੂਲਤਾਂ ਦੀ ਹੀ ਗੱਲ ਕੀਤੀ ਗਈ ਹੈ। ਬੁਨਿਆਦੀ ਮੁੱਦਿਆਂ ਵਲੋਂ ਪਾਸਾ ਵਟਿਆ ਹੈ।

ਕਰਜ਼ਾ ਚੁੱਕ ਕੇ ਮੁਫਤ ਦੀਆਂ ਸਹੂਲਤਾਂ ਦਾ ਵਾਅਦਾ ਕਰਨ ਦੀ ਥਾਂ 'ਤੇ ਪੰਜਾਬ ਦੀਆਂ ਹਕੀਕੀ ਮੰਗਾਂ ਮੰਗਣ 'ਤੇ ਜ਼ੋਰ ਦੇਣਾ ਚਾਹੀਦਾ ਸੀ। ਅਕਾਲੀਆਂ ਨੂੰ ਚੋਣਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਦਾ ਵੀ ਚੇਤਾ ਆ ਜਾਂਦਾ ਹੈ। ਪਾਠਕ ਆਪ ਵੇਖ ਲੈਣ ਕਿ ਕਿਹੜੀ ਪਾਰਟੀ ਨੇ ਪੰਜਾਬ ਦਾ ਕੋਈ ਰੋਡ ਮੈਪ ਦਿੱਤਾ ਹੈ। ਕਿਸੇ ਵੀ ਪਾਰਟੀ ਨੇ ਬਾਰਡਰ ਸੂਬਾ ਹੋਣ ਨਾਤੇ ਪਾਕਿਸਤਾਨ ਨਾਲ ਵਪਾਰ ਖੋਲ੍ਹਣ ਦੀ ਗੱਲ ਨਹੀਂ ਕੀਤੀ।

-0-

# ਜੂਨ ਚੌਰਾਸੀ ਦੀ ਸਦੀਵੀ ਪੀੜ

-ਕੁਲਵੰਤ ਕੌਰ (ਡਾ.) 98156-20515

**ਕੀ** ਕਿਸੇ ਮਹਾਂ ਪਵਿੱਤਰ ਸਥਾਨ, ਗੁਰਦਵਾਰੇ ਜਾਂ ਇਮਾਰਤ ਨੂੰ ਢਾਹ ਢੇਰੀ ਕਰ ਦਿੱਤੇ ਜਾਣ ਨਾਲ ਉਸ ਧਰਮ ਦੇ ਬ੍ਰਹਿਮੰਡੀ ਫਲਸਫੇ ਅਤੇ ਸਰਬਸਾਂਝੀ ਗੁਰਬਾਣੀ ਨੂੰ ਖ਼ਤਮ ਕੀਤਾ ਜਾ ਸਕਦਾ ਹੈ? ਕੀ ਕਿਸੇ ਜਾਂਬਾਜ਼ ਕੌਮ ਦੇ ਕੁੱਝ ਚੋਣਵੇਂ ਸੂਰਮੇ ਮਾਰ ਮੁਕਾਉਣ ਜਾਂ ਸ਼ਹੀਦ ਕਰ ਦਿੱਤੇ ਜਾਣ ਨਾਲ ਸੂਰਬੀਰ ਕੌਮਾਂ ਨੂੰ ਨੇਸਤੋ ਨਾਬੂਦ ਕੀਤਾ ਜਾ ਸਕਦਾ ਹੈ? ਧੁਰੋਂ ਆਜ਼ਾਦ ਕੀਤੇ ਮਰਜੀਵੜਿਆਂ ਨੂੰ ਬੇੜੀਆਂ ਪਾ ਕੇ ਬੰਨ੍ਹਣਾ ਕੀ ਸੰਭਵ ਹੈ? ਕੀ ਸ਼ੂਕਦੇ ਦਰਿਆਵਾਂ ਨੂੰ ਬੰਨ੍ਹ ਮਾਰਿਆ ਜਾ ਸਕਦਾ ਹੈ? ਕੀ ਸੱਚ ਦੇ ਸੂਰਜ ਨੂੰ ਚੜ੍ਹਨੋਂ ਰੋਕਿਆ ਜਾ ਸਕਦਾ ਹੈ? ਕੀ ਭੈ-ਭਾਵਨੀ ਵਾਲੇ ਸਿਰਲੱਥ ਯੋਧਿਆਂ ਨੂੰ ਭੈ-ਭੀਤ ਕਰਨਾ ਸੰਭਵ ਹੈ? ਕੀ ਗ਼ਦਰੀਆਂ, ਬੱਬਰਾਂ, ਸਿਰਲੱਥਾਂ ਅਤੇ ਗੁਰੂ ਪਾਤਿਸ਼ਾਹੀਆਂ ਦੀ ਸਰਜ਼ਮੀ ਨੂੰ ਖਾਹ ਮਖਾਹ ਨਿਵਾਇਆ ਜਾ ਸਕਦਾ ਹੈ? ਹਰਗਿਜ਼ ਹਰਗਿਜ਼ ਨਹੀਂ। ਕਦੇ ਵੀ ਨਹੀਂ।



ਜੂਨ ਚੌਰਾਸੀ ਦੇ ਪ੍ਰਸੰਗ ਵਿਚ ਉਪਰੋਕਤ ਸਵਾਲਾਂ ਦਾ ਉੱਤਰ ਬਿਨਾਂ ਸ਼ੱਕ ਨਾਂਹ ਵਿਚ ਹੈ। ਦੇਸ਼ ਦੇ ਇਤਿਹਾਸ ਵਿਚ ਪੰਜਾਬ ਦਾ ਨਾਂ-ਥਾਂ ਬਿਲਕੁਲ ਅਲੱਗ ਤੇ ਵਿਲੱਖਣ ਹੈ। ਭਾਵੇਂ ਪਹਿਲਾਂ ਵੀ ਰਿਸ਼ੀਆਂ ਮੁਨੀਆਂ ਤੇ ਪੀਰਾਂ ਪੈਗੰਬਰਾਂ ਨੇ ਇਸ ਨੂੰ ਭਾਗ ਲਾਏ ਪ੍ਰੰਤੂ ਮੱਧਕਾਲ ਵਿਚ ਪੂਰੀਆਂ ਢਾਈ ਸਦੀਆਂ ਇੱਥੇ ਗੁਰਮਤਿ ਦੇ ਅਮੁੱਕ ਦਰਿਆ ਵੱਗੇ, ਸਾਰੀ ਮਨੁੱਖ ਜਾਤੀ ਦੇ ਉਧਾਰ ਲਈ ਸਾਂਝੇ ਜਤਨ ਹੋਏ, ਗੁਰੂ ਸਾਹਿਬਾਨ ਨੇ ਛੂਆ ਛੂਤ, ਸਮਾਜਿਕ ਨਾਬਰਾਬਰੀ, ਸੁੱਚ ਭਿੱਟ, ਜਾਤੀਗਤ ਕੱਟੜਤਾ, ਵਰਣ ਵੰਡ ਭਾਵ ਮਨੂਵਾਦ ਨੂੰ ਪੂਰੀ ਤਰ੍ਹਾਂ ਨਕਾਰਿਆ ਅਤੇ ਫ਼ੁਰਮਾਇਆ :-

**ਜਾਣਹੁ ਜੋਤਿ ਨਾ ਪੂਛਹੁ ਜਾਤੀ ਆਗੈ ਜਾਤਿ ਨ ਹੇ। (349)**

ਜਿਵੇਂ ਪੰਜਾਬ ਦਾ ਮੌਸਮ, ਪੌਣ ਪਾਣੀ, ਵਿਰਸਾ, ਸੱਭਿਆਚਾਰ, ਰਹਿਤਲ, ਇਤਿਹਾਸ ਤੇ ਫਲਸਫ਼ਾ ਬਿਲਕੁਲ ਵੱਖਰਾ ਹੈ ਤਿਵੇਂ ਹੀ ਪੰਜਾਬੀਆਂ ਖ਼ਾਸ ਕਰਕੇ ਗੁਰੂ ਬਖਸ਼ੇ ਬੰਦਿਆਂ ਦੀ ਸੋਚ, ਕਹਿਣੀ, ਕਰਨੀ ਤੇ ਕਥਨੀ ਵੀ ਅਲੱਗ ਹੈ। ਸਾਰੇ ਦੇਸ਼ ਵਿਚ ਮੋਦੀ ਦਾ ਜਾਦੂ ਚੱਲਿਆ ਪਰੰਤੂ ਪੰਜਾਬ ਨੇ ਇਸ ਤੋਂ ਉਲਟ ਨਤੀਜੇ ਦਿੱਤੇ। ਇਨ੍ਹਾਂ ਦੀ ਮਾਨਸਿਕਤਾ ਨੂੰ ਸਮਝਣ ਅਤੇ ਪਰਖਣ ਲਈ ਤੁਹਾਨੂੰ ਇਨ੍ਹਾਂ ਦੇ ਅੰਦਰ ਉੱਤਰਨਾ ਪਵੇਗਾ। ਹਾਂ, ਇਹ ਗੱਲ ਵੀ ਝੁਠਲਾਈ ਨਹੀਂ ਜਾ ਸਕਦੀ ਕਿ ਅੱਜ ਭੋਗਵਾਦ ਦੇ ਯੁੱਗ ਵਿਚ ਇਨ੍ਹਾਂ ਵਿੱਚੋਂ ਬਹੁਤੇ ਆਪਣੀ ਅਸਲੀਅਤ ਭੁੱਲ ਕੇ ਚਾਪਲੂਸਾਂ, ਡੇਰੇਦਾਰਾਂ, ਮਤਲਬੀਆਂ, ਲੀਡਰਾਂ ਅਤੇ ਨਸ਼ੇਖੋਰਾਂ ਦੇ ਚੁੰਗਲ ਵਿਚ ਜਾ ਫਸੇ ਹਨ। ਲੱਖਾਂ ਦੀ ਗਿਣਤੀ ਵਿਚ ਨੌਜਵਾਨ ਵਿਦੇਸ਼ੀ ਧਰਤੀਆਂ 'ਤੇ ਜਾ ਉਤਰੇ ਹਨ। ਬੇਹਿਸਾਬੇ ਨਸ਼ਿਆਂ ਦੀ ਬਲੀ ਚੜ੍ਹ ਗਏ ਹਨ। ਅਨੇਕ ਗੈਂਗਸਟਰ ਬਣ ਕੇ ਪੰਜਾਬੀ ਰਵਾਇਤਾਂ ਨੂੰ ਲਾਜ ਲਾ ਰਹੇ ਹਨ। ਗੰਦੀ ਰਾਜਨੀਤੀ, ਗ਼ਲਤ ਨੀਤੀਆਂ ਅਤੇ ਪੱਖਪਾਤੀ ਸਰਕਾਰਾਂ ਨੇ ਇਸਦੇ ਅੰਨਦਾਤਿਆਂ ਨੂੰ ਅੱਜ ਘਸਿਆਰੇ ਬਣਾ ਕੇ ਖ਼ੁਦਕਸ਼ੀਆਂ ਲਈ ਮਜਬੂਰ ਕਰ ਦਿੱਤਾ ਹੈ। ਚਾਰੇ ਪਾਸੇ ਸਿਆਸਤ ਹੀ ਸਿਆਸਤ ਹੋ ਰਹੀ ਹੈ। ਸਰਲ, ਸੌਖੀ, ਸਹਿਜ ਤੇ ਸਕੂਨਵੀਂ ਜ਼ਿੰਦਗੀ ਅੱਜ ਇੱਥੇ ਲੱਭਿਆਂ ਵੀ ਨਹੀਂ ਮਿਲਦੀ। 'ਸੁਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ' ਅੱਜ ਪਾਤਾਲੀ ਨਿੱਘਰ ਚੁੱਕਾ ਹੈ। ਇਸਦੀ ਰੂਹਾਨੀਅਤ ਦੇ ਸੋਮੇ ਕੁਝ ਲੱਠਮਾਰਾਂ ਦੀ ਬਦਨੀਅਤੀ ਕਰਕੇ ਪਲੀਤ ਕਰ ਦਿੱਤੇ ਗਏ ਹਨ। ਅੱਜ ਗੁਰੂ ਵਰੋਸਾਈ ਇਸ ਪਵਿੱਤਰ ਧਰਤੀ 'ਤੇ ਰਹਿੰਦਿਆਂ ਵੀ ਸਕੂਨ ਨਹੀਂ ਮਿਲ ਰਿਹਾ। ਆਓ, ਕੁਝ ਅੰਦਰੂਨੀ ਪੀੜਾਂ ਆਪਣੇ ਸੁਹਿਰਦ ਪਾਠਕਾਂ ਨਾਲ ਸਾਂਝੀ ਕਰਨ ਦੀ ਇਕ ਨਿਮਾਣੀ ਜਿਹੀ ਕੋਸ਼ਿਸ਼ ਕਰਾਂ।

ਪੋਹ ਦਾ ਮਹੀਨਾ ਸਿੱਖ ਸੰਸਾਰ ਦਾ ਸਭ ਤੋਂ ਵੱਧ ਕਹਿਰੀਲਾ, ਦਰਦੀਲਾ, ਖ਼ੌਫਨਾਕ ਅਤੇ ਹੌਲਨਾਕ ਮਹੀਨਾ ਹੈ ਜਦੋਂ ਦਸਵੇਂ ਨਾਨਕ ਨੂੰ ਆਪਣੇ ਮਹਾਨ ਮਿਸ਼ਨ ਦੀ ਪੂਰਤੀ ਲਈ ਬੇਮਿਸਾਲ ਸੰਘਰਸ਼ ਕਰਨਾ ਪਿਆ। ਫਲਸਰੂਪ, ਸਾਰਾ ਪਰਿਵਾਰ ਬਿੱਖਰ ਗਿਆ। ਚਾਰੇ ਲਾਲ ਤੇ ਮਾਂ ਗੁਜਰੀ ਸ਼ਹਾਦਤ ਦੇ ਜਾਮ ਪੀ ਗਏ। ਅਣਗਿਣਤ ਸਿੰਘ ਸੂਰਮੇ ਜ਼ੁਲਮ ਨਾਲ ਕਰਾਰੀ ਟੱਕਰ ਲੈਂਦੇ ਹੋਏ ਗੁਰੂ ਦੇ ਹੁਕਮ ਦੇ ਹਾਣੀ ਬਣ ਗਏ। ਪਰ ਜੂਨ ਦਾ ਮਹੀਨਾ ਚੜ੍ਹਦਿਆਂ ਵੀ ਹਰ ਗੁਰੂ ਨਾਨਕ ਨਾਮ ਲੇਵਾ ਆਪਣੇ ਜ਼ਿਹਨ ਵਿਚ ਇਕ ਅਨੋਖੀ ਤਪਸ਼, ਬੇਚੈਨੀ, ਪੀੜ,

**ਮੈਨੂੰ ਇਕ ਹੋਰ ਗੱਲੋਂ ਵੀ ਡਾਹਢਾ ਪਛਤਾਵਾ ਹੈ ਕਿਉਂਕਿ ਗਜ਼ਟਿਡ ਸਰਕਾਰੀ ਨੌਕਰੀ ਵਿਚ ਹੁੰਦਿਆਂ ਉਦੋਂ ਮੈਂ ਅੱਖੀ ਡਿੱਠੇ, ਕੰਨੀ ਸੁਣੇ ਤੇ ਹੱਢੀਂ ਹੰਢਾਏ ਸੱਚ ਨੂੰ ਬਿਆਨ ਨਹੀਂ ਸੀ ਕਰ ਸਕੀ। ਸਰਕਾਰੀ ਰਣਬੀਰ ਕਾਲਜ ਪੜ੍ਹਾਉਂਦਿਆਂ ਪਟਿਆਲੇ ਸ੍ਰੀ ਦੁਖਨਿਵਾਰਣ ਸਾਹਿਬ 'ਤੇ ਫੌਜੀ ਹਮਲੇ ਦੀ ਚਸ਼ਮਦੀਦ ਵੀ ਹਾਂ ਕਿ ਕਿਵੇਂ ਬਿਜਲੀ ਪਾਣੀ ਦੀ ਅਣਹੋਂਦ ਵਿਚ 3 ਅਤੇ 4 ਜੂਨ ਦੀ ਰਾਤ ਨੂੰ ਲੂਹ ਦੇਣੀ ਗਰਮੀ ਵਿਚ ਹਿੰਦੂ ਮਾਲਕ ਮਕਾਨਾਂ ਦੀਆਂ ਲੂਹ ਦੇਣੀਆਂ ਗੱਲਾਂ ਵੀ ਸੁਣੀਆਂ ਤੇ ਅਕਹਿ ਪੀੜ ਵੀ ਜਰੀ। ਚਾਰ ਸਾਲਾ ਬੇਟੀ ਜੀਵਨਜੋਤ ਦੇ ਸਵਾਲਾਂ ਦਾ ਮੇਰੇ ਕੋਲ ਜਵਾਬ ਹੀ ਕੋਈ ਨਹੀਂ ਸੀ ਜਿਸ ਨੂੰ ਕਰਫਿਊ ਦੌਰਾਨ ਦੁੱਧ ਤੱਕ ਨਾ ਨਸੀਬ ਹੋਇਆ ਤੇ ਮੇਰੇ ਜੀਵਨ ਸਾਥੀ ਡਾ. ਮਲਕੀਅਤ ਸਿੰਘ ਦੁਰਲੱਭ ਕੀੜਿਆਂ ਦੀ ਖੋਜ ਲਈ 8-9 ਸਿੱਖ ਖੋਜ ਵਿਦਿਆਰਥੀਆਂ ਦੀ ਟੀਮ ਲੈ ਕੇ ਉਦੋਂ ਮਨਾਲੀ ਤੋਂ ਉਪਰਲੇ ਪਹਾੜਾਂ 'ਤੇ ਗਏ ਹੋਏ ਸਨ। ਮਨਾਲੀ ਤੋਂ ਪਟਿਆਲੇ ਪੁੱਜਣ ਤੱਕ ਇਨ੍ਹਾਂ ਨੂੰ ਪੂਰੇ ਦਸ ਦਿਨ ਲੱਗੇ। ਰਾਹ ਵਿਚ ਕੋਈ ਹੋਟਲ, ਕੋਈ ਢਾਬਾ, ਕੋਈ ਦੁਕਾਨਦਾਰ ਇਨ੍ਹਾਂ ਦੀ ਟੀਮ ਨਾਲ ਗੱਲ ਤੱਕ ਨਹੀਂ ਸੀ ਕਰਦਾ, ਅਖੇ "ਅਤਿਵਾਦੀ ਆ ਗਏ ਹਨ, ਭਿੰਡਰਾਂਵਾਲੇ ਦੇ ਚੇਲੇ ਆ ਗਏ ਹਨ।" ਸਿੱਖਾਂ ਪ੍ਰਤਿ ਫੈਲਾਈ ਨਫ਼ਰਤ ਅੱਜ ਤੱਕ ਵੀ ਖ਼ਤਮ ਨਹੀਂ ਹੋ ਸਕੀ। ਹਾਂ, ਇਸੇ ਸਾਲ ਮੈਂ ਯੂ.ਕੇ.ਵਾਸੀ, ਖਾੜਕੂ ਲੇਖਕ ਸ. ਕੇਸਰ ਸਿੰਘ ਮੰਡ ਦੀ ਪੁਸਤਕ 'ਪੰਜਾਬ ਦਾ ਦੁਖਾਂਤ' ਸੰਪਾਦਿਤ ਕੀਤੀ ਜਿਸ ਦੇ 840 ਪੰਨੇ ਸਨ ਪਰ ਸੰਪਾਦਕਾ ਵਜੋਂ ਮੈਂ ਆਪਣਾ ਨਾਂ ਨਹੀਂ ਸੀ ਦੇ ਸਕੀ।**

ਤਕਲੀਫ ਅਤੇ ਛਟਪਟਾਹਟ ਮਹਿਸੂਸ ਕਰਦਾ ਹੈ। ਬਾਹਰ ਵਰਦੀ ਅਸਮਾਨੀ ਅੱਗ ਉਹ ਦਰਦ ਨਹੀਂ ਦਿੰਦੀ ਜਿਹੜਾ ਅਸਹਿ ਤੇ ਅਕਹਿ ਦੁੱਖ ਮਨ-ਮਸਤਕ ਵਿਚ ਮਹਿਸੂਸ ਹੁੰਦਾ ਹੈ ਕਿਉਂਕਿ ਪਹਿਲੀਆਂ ਵਧੀਕੀਆਂ, ਜ਼ੁਲਮ, ਹਮਲੇ, ਯੁੱਧ ਅਤੇ ਮਾਰੋ ਮਾਰੀ ਬਾਹਰਲਿਆਂ, ਜਰਵਾਣਿਆਂ, ਸ਼ਾਸਕਾਂ ਅਤੇ ਜ਼ਾਲਮਾਂ ਵੱਲੋਂ ਸਨ ਜਦੋਂ ਕਿ ਜੂਨ ਚੌਰਾਸੀ ਦੇ ਸਿਤਮ ਆਪਣੀ ਚੁਣੀ ਹੋਈ ਸਰਕਾਰ ਵੱਲੋਂ ਸਨ ਜਿਸ ਦੇ ਜ਼ਿੰਮੇ ਦੇਸ਼ ਦੇ ਹਰੇਕ ਨਾਗਰਿਕ ਨੂੰ ਸੁਰੱਖਿਆ ਦੇਣ ਦੀ ਜ਼ਿੰਮੇਵਾਰੀ ਹੁੰਦੀ ਹੈ। ਇਕ ਸੋਗੀ ਮਾਹੌਲ, ਇਕ ਸਾਹ ਸੂਤਵਾਂ ਆਲਮ ਅਤੇ ਇਕ ਨਿਹਾਇਤ ਅਫਸੋਸਨਾਕ ਵਾਤਾਵਰਣ ਹਰ ਪਾਸੇ ਤਾਰੀ ਹੋ ਜਾਂਦਾ ਹੈ। ਹਰੇਕ ਮਾਨਵਤਾਵਾਦੀ ਦੀ ਮਾਨਸਿਕਤਾ ਵਲੂੰਧਰੀ ਜਾਂਦੀ ਹੈ। ਕਈ ਦਹਾਕੇ ਪੁਰਾਣੀਆਂ ਵਾਪਰੀਆਂ ਘਟਨਾਵਾਂ ਇਕ ਦਮ ਤਾਜ਼ਾ ਹੋ ਜਾਂਦੀਆਂ ਹਨ। ਹਰ ਸੰਵੇਦਨਸ਼ੀਲ ਵਿਅਕਤੀ ਤੜਪਦਾ ਫਿਰਦਾ ਹੈ ਤੇ ਅੰਜਾਮ ਦੇਣ ਵਾਲਿਆਂ ਦਾ ਸਿਆਪਾ ਕਰਦਾ ਹੈ।

ਰੂਹਾਨੀਅਤ ਦੇ ਸੋਮੇ, ਸਿੱਖੀ ਦੇ ਮੱਕੇ, ਸੰਸਾਰ ਦੇ ਸਭ ਤੋਂ ਪਵਿੱਤਰ ਸੱਥਲ, ਹਰ ਆਸਥਾਵਾਨ ਦੀ ਠਾਹਰ ਅਤੇ ਸਰਬਸਾਂਝੀਵਾਲਤਾ ਦੇ ਥੰਮ, ਸ੍ਰੀ ਦਰਬਾਰ ਸਾਹਿਬ ਨੂੰ ਢਹਿ-ਢੇਰੀ ਕਰਕੇ ਇਸਦੇ ਬ੍ਰਹਿਮੰਡੀ ਸੁਨੇਹੇ ਨੂੰ ਬੰਦ ਕਰਨ ਅਤੇ ਗੁਰੂ ਦੇ ਵਰੋਸਾਏ ਬੰਦਿਆਂ ਨੂੰ ਸਦਾ ਸਦਾ ਲਈ ਮਾਰ ਮੁਕਾਉਣ ਦੀ ਤਮੰਨਾ ਤਾਂ ਮੱਸੇ ਰੰਘੜ ਨੇ ਵੀ ਕੀਤੀ, ਯਹੀਆਂ ਖਾਂ ਤੇ ਅਬਦਾਲੀ ਨੇ ਵੀ ਪਰ ਉਹ ਗੁਰੂ ਬਖਸ਼ੇ ਸਿੱਖਾਂ ਦੀ ਚੜ੍ਹਤ, ਜਾਂਬਾਜ਼ੀ, ਆਪਾਵਾਰਤਾ, ਸੂਰਬੀਰਤਾ, ਬਹਾਦਰੀ, ਦ੍ਰਿੜ੍ਹਤਾ ਅਤੇ ਸਮਰਪਣ ਨਾਲ ਖਾਰ ਖਾਂਦਿਆਂ ਪ੍ਰੇਰਣਾ ਦੇ ਇਸ ਨਿਰੰਤਰ ਸਰੋਤ ਨੂੰ ਹੀ ਮੇਟਣਾ ਚਾਹੁੰਦੇ ਸਨ। ਸਿਰਤੋੜ ਜਤਨ ਵੀ ਉਨ੍ਹਾਂ ਦੇ ਮੰਤਵਾਂ ਦੀ ਪੂਰਤੀ ਦਾ ਸਬੱਬ ਨਾ ਬਣ ਸਕੇ। ਸਗੋਂ ਇਹ ਸਾਰੇ ਦੇ ਸਾਰੇ ਪੰਜ ਕੁ ਮਹੀਨਿਆਂ (153 ਦਿਨਾਂ) ਬਾਅਦ ਹੀ ਅੱਲਾ ਨੂੰ ਪਿਆਰੇ ਹੁੰਦੇ ਗਏ। ਹਿੰਦੂ ਵੋਟ ਬੈਂਕ ਨੂੰ ਪੱਕਾ ਕਰਨ, ਐਮਰਜੈਂਸੀ ਤੋਂ ਬਾਅਦ ਆਪਣੀ ਡਿਗਦੀ ਸਾਖ ਨੂੰ ਬਚਾਉਣ, ਐਮਰਜੈਂਸੀ ਦੌਰਾਨ ਸਿੱਖਾਂ ਵੱਲੋਂ ਸਖਤ ਵਿਰੋਧ ਦਾ ਬਦਲਾ ਲੈਣ ਅਤੇ ਸਾਡੇ ਵਿਕਾਊ ਲੀਡਰਾਂ ਨੂੰ ਆਪਣੇ ਮੱਕੜ-ਜਾਲ ਵਿਚ ਫਸਾਉਣ ਵਿਚ ਕਾਮਯਾਬ ਰਹਿਣ ਪਿਛੋਂ ਇੰਦਰਾ ਗਾਂਧੀ ਮਨਮਾਨੀਆਂ ਦੇ ਸਾਰੇ ਰਿਕਾਰਡ ਤੋੜ ਗਈ। ਉਂਵ ਲੰਮਾ ਸਮਾਂ ਪਹਿਲਾਂ ਹੀ, ਉਸ ਨੇ ਇਹ ਜੂਆ ਖੇਡਣ ਦਾ ਮਨ ਬਣਾ ਲਿਆ ਸੀ। ਯੂ. ਕੇ. ਤੇ ਰੂਸ ਦੇ ਸਰਬਰਾਹ ਉਸ ਦੇ ਰਾਜ਼ਦਾਰ ਬਣੇ। ਫੌਜੀ ਕਮਾਂਡਰਾਂ ਨੂੰ ਸ੍ਰੀ ਦਰਬਾਰ ਸਾਹਿਬ ਦਾ ਵਿਸ਼ਾਲ ਮਾਡਲ ਬਣਾ ਕੇ ਦੇਹਰਾਦੂਨ ਦੇ ਚਕਰਾਤਾ ਵਿਖੇ ਨਿਸ਼ਾਨੇ ਫੁੰਡਣ ਦੀ ਮਹੀਨਿਆਂ ਬੱਧੀ ਸਿਖਲਾਈ ਦਿੱਤੀ ਗਈ। ਪੰਜਾਬ ਦੇ ਹਾਲਾਤ ਜਾਣ ਬੁੱਧ ਕੇ ਵਿਗਾੜੇ ਗਏ। ਬੱਸਾਂ ਵਿਚੋਂ ਹਿੰਦੂ ਯਾਤਰੀਆਂ ਨੂੰ ਕੱਢ-ਕੱਢ ਕੇ ਮੌਤ ਦੇ ਘਾਟ ਉਤਾਰਨਾ ਸਰਕਾਰੀ ਚਾਲ ਸੀ, ਕਿਉਂਕਿ ਗੁਰੂ ਦਾ ਸੱਚਾ ਸਿੱਖ ਕਦੇ ਕਿਸੇ ਨਿਹੱਥੇ 'ਤੇ ਵਾਰ ਨਹੀਂ ਕਰ ਸਕਦਾ। ਉਸ ਦੀ ਤਲਵਾਰ ਤਾਂ ਉਠਦੀ ਹੀ ਜ਼ੁਲਮ ਦੇ ਟਾਕਰੇ ਲਈ ਹੈ 'ਚੂੰ ਕਾਰ ਅਜ ਹਮਾ ਹੀਲ ਦਰ ਗੁਜ਼ਸਤ। ਹਲਾਲ ਅਸਤ ਬੁਰਦਨ ਬ ਸ਼ਮਸੀਰ ਦਸਤ'। ਇਹੋ ਗੁਰ-ਫ਼ਰਮਾਨ ਹੈ ਉਸਨੂੰ। ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਘਾਤਕ ਹਥਿਆਰ ਪੁੱਜਣ ਦੇਣੇ, ਅੰਦਰ ਬਾਹਰ ਸਿਵਲ ਕੱਪੜਿਆਂ ਵਿਚ ਪੂਰੀ ਜਾਸੂਸੀ ਕਰਨੀ, ਸਿੰਘਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣੀ, ਸ੍ਰੀ ਦਰਬਾਰ ਸਾਹਿਬ ਸਮੂਹ ਦੇ ਬਾਹਰ ਕਤਲੋਗਾਰਤ ਦਾ ਸਿਲਸਿਲਾ, ਝੜੱਪਾਂ, ਬਦਅਮਨੀ ਇਹ ਓਸ ਯੋਜਨਾਬੱਧ ਸਾਜ਼ਿਸ਼ ਦਾ ਹਿੱਸਾ ਸੀ। ਦਿਨ ਚੁਣਿਆ ਗਿਆ ਸ਼ਹੀਦਾਂ ਦੇ ਸਿਰਤਾਜ ਪੰਚਮ ਨਾਨਕ ਦੀ ਸ਼ਹੀਦੀ ਦਾ ਜਦੋਂ ਲੱਖਾਂ ਸੰਗਤਾਂ ਆਪਣੇ ਸੱਖਣੇ ਦਿਲਾਂ ਨੂੰ ਰੂਹਾਨੀਅਤ ਨਾਲ ਭਰਪੂਰ ਕਰਨ ਲਈ ਇੱਥੇ ਢੁੱਕਦੀਆਂ ਹਨ।



**'ਜ਼ਮੀਰ ਦਾ ਮਰ ਜਾਣਾ ਅਸਲ ਮੌਤ ਹੈ, ਸਰੀਰ ਦਾ ਮਰ ਜਾਣਾ ਮੌਤ ਨਹੀਂ', ਆਖਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਮਈ 1984 ਵਿਚ ਆਖ਼ਰੀ ਇੰਟਰਵਿਊ ਸ. ਕੇਸਰ ਸਿੰਘ ਮੰਡ ਨੇ ਕੀਤੀ ਸੀ ਜਿਸ ਦੀਆਂ ਲੱਖਾਂ ਸੀ.ਡੀਜ਼ ਵਿਦੇਸ਼ਾਂ ਵਿਚ ਵੰਡੀਆਂ ਗਈਆਂ। ਆਰ.ਟੀ.ਆਈ. ਤਹਿਤ ਅਤੇ ਸੁਬਰਾਮਨੀਅਮ ਸਵਾਮੀ ਨੇ ਵੀ ਸਪਸ਼ਟ ਕਹਿ ਦਿੱਤਾ ਹੈ ਕਿ ਸੰਤ ਜੀ ਖਿਲਾਫ਼ ਕੋਈ ਵੀ ਕੇਸ ਰਜਿਸਟਰਡ ਨਹੀਂ ਸੀ। ਫਿਰ ਉਹ ਅਤਿਵਾਦੀ ਕਿਵੇਂ? ਵੱਖਵਾਦੀ ਕਿਵੇਂ? ਖ਼ਾਲਿਸਤਾਨੀ ਕਿਵੇਂ? ਸੰਤ ਭਿੰਡਰਾਂਵਾਲੇ ਅਜੋਕੇ ਸਿੱਖ ਨੌਜਵਾਨਾਂ ਦੇ ਰੋਲ ਮਾਡਲ ਹਨ, ਆਦਰਸ਼ ਹਨ। ਸਾਨੂੰ ਬਦਨਾਮ ਕਰਨਾ ਬੰਦ ਕਰੋ। ਪੰਜਾਬ ਦੇ ਬਣਦੇ ਹੱਕ ਛੇਤੀ ਦਿਓ। ਅਸੀਂ ਧੁਰੋਂ ਆਜ਼ਾਦ ਕੀਤੇ ਜਿਊੜੇ ਹਾਂ-ਪਿਆਰ ਨਾਲ ਕਰਨ ਗੁਲਾਮੀ ਜਾਨ ਕੋਹ ਆਪਣੀ ਵਾਰ ਦਿੰਦੇ। ਹਾਕਮੋ ! ਪੰਜਾਬ ਨੂੰ ਸਮਝੋ। ਪੰਜਾਬੀਆਂ ਨੂੰ ਸਮਝੋ। ਖ਼ਾਸ ਕਰਕੇ ਗੁਰੂ-ਬਖਸ਼ੇ ਸਿੱਖਾਂ ਨੂੰ ਸਮਝ ਕੇ ਉਨ੍ਹਾਂ ਦੀ ਪੀੜਾ ਹਰਨ ਦੇ ਉਪਰਾਲੇ ਕਰੋ।**

ਜ਼ੁਲਮ ਦੀ ਹੱਦ ਦੇਖੋ ਕਿ ਡੇਢ ਕੁ ਸੌ ਸਿੰਘਾਂ ਦੇ ਮੁਕਾਬਲੇ ਲਈ ਭਾਰਤੀ ਫੌਜਾਂ ਦੇ ਜਰਨੈਲ, ਕਰਨੈਲ, ਟੈਂਕ, ਤੋਪਾਂ, ਰਾਕਟ ਲਾਂਚਰ, ਗੋਲੇ ਬਾਰੂਦ, ਕਮਾਂਡੋ ਤੇ ਹੋਰ ਕੀ ਕੀ ਨਹੀਂ ਲਿਆਂਦਾ ਗਿਆ ਸਰਬਸਾਂਝੀਵਾਲਤਾ ਦੇ ਦਰ 'ਤੇ। ਸ਼ਰਾਬ ਨਾਲ ਡੱਕੇ ਫੌਜੀ। ਤਮਾਕੂ ਸਿਗਰਟਾਂ ਪੀਂਦੇ ਲੜਾਕੂ। ਜੁੱਤੀਆਂ ਸਮੇਤ ਦਗੜ ਦਗੜ ਕਰਦੇ ਤੇ ਹਲਕਾਏ ਕੁੱਤੇ ਵਾਂਗ ਫਿਰਦੇ ਭਾਰਤੀ ਸੈਨਿਕ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਾਥੀਆਂ ਨੇ ਭਾਰਤੀ ਫੌਜਾਂ ਦੇ ਰੱਜ ਕੇ ਬਖੀਏ ਉਧੇੜੇ ਜਿਨ੍ਹਾਂ ਨੇ ਬਦਲੇ ਵਿਚ ਸੰਗਤਾਂ 'ਤੇ ਅਕਹਿ ਜ਼ੁਲਮ ਢਾਏ। ਪੰਜਾਬ ਸਾਰੇ ਵਿਚ ਕਰਫਿਊ ਲੱਗਾ ਹੋਣ ਕਰਕੇ ਆਲ ਇੰਡੀਆ ਰੇਡੀਓ ਨੇ ਬਥੇਰਾ ਕੁਫ਼ਰ ਤੋਲਿਆ, ਸਿੱਖਾਂ ਨੂੰ ਰੱਜ ਰੱਜ ਕੇ ਭੰਡਿਆ ਬਦਨਾਮ ਕੀਤਾ। ਦੇਸ਼ਧ੍ਰੋਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਅਤਿਵਾਦੀ, ਆਤੰਕਵਾਦੀ, ਵੱਖਵਾਦੀ, ਖਾਲਿਸਤਾਨੀ ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਲਕਬ ਵਰਤੇ ਗਏ। ਅਠੱਤੀ ਗੁਰਦਵਾਰਿਆਂ 'ਤੇ ਇਕੱਠਾ ਹਮਲਾ ਸਾਡੇ ਵਿਰਸੇ, ਧਰਮ, ਮਰਯਾਦਾ, ਇਤਿਹਾਸ ਅਤੇ ਸੱਭਿਆਚਾਰ ਨੂੰ ਤਹਿਸ ਨਹਿਸ ਕਰਨਾ ਇਕ ਕੋਝੀ ਚਾਲ ਸੀ। ਵਹਿਸ਼ਤ ਦਾ ਨੰਗਾ ਨਾਚ ਕੀਤਾ ਗਿਆ ਪਰ ਸਾਡੇ ਸਵਾਰਥੀ ਨੇਤਾ ਬਾਹਾਂ ਖੜੀਆਂ ਕਰਕੇ ਆਪੂੰ ਤਾਂ ਸੁਰੱਖਿਅਤ ਟਿਕਾਣਿਆਂ 'ਤੇ ਪੁੱਜ ਗਏ ਤੇ ਸ਼ਰਧਾਲੂਆਂ ਨੂੰ ਬਿਜਲੀ ਪਾਣੀ ਤੇ ਰੋਜ਼ਮਰਾ ਦੀਆਂ ਲੋੜਾਂ ਤੋਂ ਵਿਰਵੇ ਮਰਨ ਲਈ ਛੱਡ ਗਏ। ਫੌਜਾਂ ਦਾ ਸੁਪਰੀਮ ਕਮਾਂਡਰ (ਸਾਡਾ ਸਿੱਖ ਰਾਸ਼ਟਰਪਤੀ) ਤਮਾਸ਼ਾ ਦੇਖਣ ਤੀਸਰੇ ਦਿਨ ਆ ਗਿਆ ਜਿਸ ਤੋਂ ਵਿਰੋਧ ਵਿਚ ਅਸਤੀਫ਼ਾ ਤੱਕ ਨਾ ਸਰਿਆ। ਇੰਦਰਾ ਗਾਂਧੀ ਦੇ ਜੁੱਤੀ ਚੁੱਕ ਸਾਡੇ ਸਾਰੇ ਪੰਜਾਬੀ (ਸਿੱਖ) ਸਿਆਸਤਦਾਨ (ਨਾਂ ਕਿਸ ਕਿਸ ਦਾ ਲਵਾਂ?) ਕਦੇ ਓਸ ਦੇ ਸਾਹਮਣੇ ਆਪਣਾ ਵਿਰੋਧ ਵੀ ਪ੍ਰਗਟ ਨਾ ਕਰ ਸਕੇ ਪਰੰਤੂ ਇਸ ਗੱਦੀ ਦੀ ਅਭਿਲਾਖੀ ਨੇ ਗੁਰੂ ਪਾਤਿਸ਼ਾਹੀਆਂ ਦੇ ਇਲਾਹੀ ਮਿਸ਼ਨ ਵਜੋਂ ਸਾਜੇ ਸ੍ਰੀ ਹਰਿਮੰਦਰ ਸਾਹਿਬ ਦੀ ਬਰਬਾਦੀ ਕਰਕੇ ਆਪਣੀ ਮੌਤ ਦੇ ਵਾਰੰਟਾਂ ਉੱਤੇ ਦਸਤਖ਼ਤ ਕਰ ਦਿੱਤੇ। ਪੰਜਾਬ ਲਹੂ ਲੁਹਾਨ ਹੋ ਗਿਆ। ਸਿੱਖ ਬੇਗਾਨੇ ਕਰ ਦਿੱਤੇ ਗਏ ਘਰ ਘਰ ਸੱਥਰ ਵਿਛ ਗਏ। ਬੇਗੁਨਾਹ ਜੇਲ੍ਹੀ ਡੱਕ ਦਿੱਤੇ ਗਏ। ਹਰਮਿੰਦਰ ਸਾਹਿਬ ਦੇ ਢਾਹ ਢੇਰੀ ਹੋ ਜਾਣ ਦੀਆਂ ਖ਼ਬਰਾਂ ਨੇ ਧਰਮੀ ਫੌਜੀਆਂ ਨੂੰ ਡਿਊਟੀਆਂ ਛੱਡਣ ਲਈ ਮਜਬੂਰ ਕਰ ਦਿੱਤਾ। ਦੇਸ਼ ਵਿਦੇਸ਼ ਵਿਚ ਤਰੱਥਲੀ ਮਚ ਗਈ। ਸਿੱਖਾਂ ਨੂੰ ਰੱਜ ਰੱਜ ਕੇ ਬਦਨਾਮ ਕਰਕੇ ਦੇਸ਼ ਧ੍ਰੋਹੀ ਵਜੋਂ ਪ੍ਰਚਾਰਨ ਲਈ ਮੀਡੀਏ ਦੀ ਦੁਰਵਰਤੋਂ ਕੀਤੀ ਗਈ ਜੋ ਹੁਣ ਤੱਕ ਹੋ ਰਹੀ ਹੈ। ਕੀਤਾ ਕਾਂਗਰਸ ਸਰਕਾਰ ਨੇ ਸ਼ਾਬਾਸ਼ੀ ਦਿੱਤੀ ਵਾਜਪਾਈ ਤੇ ਅਡਵਾਨੀ ਵਰਗਿਆਂ ਨੇ ਉਸਨੂੰ 'ਦੁਰਗਾ' ਦਾ ਖ਼ਿਤਾਬ ਦੇ ਕੇ।

ਪੰਜਾਬ ਖ਼ਾਸ ਕਰਕੇ ਸਿੱਖਾਂ ਦੇ ਪਿੰਡੇ ਦਾ ਇਹ ਨਾਸੂਰ ਅੱਜ ਤੱਕ ਰਿਸ ਰਿਹਾ ਹੈ। ਇੰਦਰਾ ਗਾਂਧੀ ਦਾ ਕਤਲ ਇਸੇ ਫੌਜੀ ਹਮਲੇ ਦਾ ਸਿੱਟਾ ਸੀ ਤੇ ਮੁੜ ਨਵੰਬਰ ਦੇ ਪਹਿਲੇ ਹਫਤੇ ਜੋ ਸਿੱਖ ਕਤਲੇਆਮ ਦਿੱਲੀ, ਕਾਨਪੁਰ, ਬੁਕਾਰੋ ਤੇ ਦੇਸ਼ ਦੇ ਹੋਰ ਬਹੁਤ ਸਾਰੇ ਹਿੱਸਿਆਂ ਵਿਚ ਕਰਵਾਇਆ ਗਿਆ ਉਸ ਦੀ ਅਸਲੀਅਮ ਹਾਲੇ ਤੱਕ ਵੀ ਪੂਰੀ ਤਰ੍ਹਾਂ ਜੱਗ ਜਾਹਿਰ ਨਹੀਂ ਹੋ ਸਕੀ। ਸਿੱਖ ਇਸੇ ਦੇਸ਼ ਵਿਚ ਬੇਗਾਨੇ ਬਣਾ ਦਿੱਤੇ ਗਏ। ਡਾ. ਇੰਦਰਜੀਤ ਸਿੰਘ (ਬੈਂਕ ਆਫ

ਪੰਜਾਬ ਵਾਲੇ), ਸ. ਖੁਸ਼ਵੰਤ ਸਿੰਘ, ਚਰਨਜੀਤ ਸਿੰਘ (ਕੋਕਾ ਕੋਲਾ ਵਾਲੇ) ਵਰਗੇ ਪ੍ਰਤਿਸ਼ਠਤ ਸ਼ਹਿਰੀ ਵੀ ਇਸ ਤਾਂਡਵ ਨਾਚ ਤੋਂ ਅਛੂਤੇ ਨਾ ਰਹੇ। ਗੁਰਮਤਿ ਕਾਲਜ ਦੀ ਪ੍ਰਿੰਸੀਪਲੀ ਸਮੇਂ ਮੈਂ ਸ. ਇੰਦਰਜੀਤ ਸਿੰਘ ਦੀਆਂ ਅੱਡੀਆਂ 'ਚ ਟੋਏ ਖ਼ੁਦ ਦੇਖੇ ਸਨ, ਜਿਨ੍ਹਾਂ ਨੂੰ ਭਾਵੇਂ ਅਪਰੇਸ਼ਨ ਕਰਕੇ ਦੂਸਰੇ ਥਾਵਾਂ ਤੋਂ ਮਾਸ ਕੱਢ ਕੇ ਭਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪ੍ਰੰਤੂ ਉਹ ਸਹੀ ਤਰੀਕੇ ਨਾਲ ਮੁੜ ਕਦੇ ਤੁਰ ਨਾ ਸਕੇ। ਇਸੇ ਸਿੱਖ ਰਾਸ਼ਟਰਪਤੀ ਦੇ ਸਾਹਮਣੇ ਸਭ ਕੁਝ ਵਾਪਰਿਆ ਪਰ ਇਸ ਦੇ ਗੱਦੀ-ਮੋਹ ਨੇ ਕਦੇ ਉਛਾਲਾ ਨਾ ਖਾਧਾ। ਧੰਨ ਹਨ ਸ. ਗੁਰਦੇਵ ਸਿੰਘ ਬਰਾੜ (ਤਤਕਾਲੀ ਡੀ.ਸੀ. ਅੰਮ੍ਰਿਤਸਰ) ਜਿਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਹਮਲੇ ਤੋਂ ਪਹਿਲਾਂ ਛੁੱਟੀ 'ਤੇ ਚਲੇ ਜਾਣਾ ਬਿਹਤਰ ਸਮਝਿਆ ਤੇ ਲੱਖ ਲਾਹਨਤ ਹੈ ਉਸ ਤਤਕਾਲੀ ਡੀ.ਸੀ. ਦੇ ਜਿਸ ਨੇ ਇਸ ਘਿਣਾਉਣੇ ਕਾਂਡ ਦਾ ਚਸ਼ਮਦੀਦ ਗਵਾਹ ਹੁੰਦਿਆਂ ਵੀ ਕਦੇ ਇਸ ਵਿਰੁੱਧ ਜ਼ੁਬਾਨ ਨਹੀਂ ਖੋਲ੍ਹੀ।

ਇੰਦਰਾ ਗਾਂਧੀ ਭਾਵੇਂ ਮਾਰੀ ਗਈ ਪਰੰਤੂ ਉਸ ਦਾ ਪੁੱਤਰ ਹਿੰਦੂ ਵੋਟ ਦੇ ਸਹਾਰੇ ਸ਼ਾਨਦਾਰ ਜਿੱਤ ਹਾਸਲ ਕਰ ਸਕਿਆ। ਅੱਜ ਤਕ ਇਹਦੇ ਸੱਜਣਾਂ, ਟਾਇਟਲਰਾਂ ਤੇ ਕਮਲ ਨਾਥਾਂ ਦਾ ਵਾਲ ਵਿੰਗਾਂ ਨਹੀਂ ਹੋ ਸਕਿਆ। ਚਾਲੀ ਸਾਲਾ ਤੋਂ ਭੁੱਬਾਂ ਮਾਰ ਰਹੀਆਂ ਵਿਧਵਾਵਾਂ ਦੀ ਕਿਸੇ ਨੇ ਬਾਂਹ ਨਹੀਂ ਫੜੀ। ਵੋਟਾਂ ਦੀ ਖ਼ਾਤਰ ਭਾਵੇਂ ਬਦਲੀ ਹੋਈ ਸਰਕਾਰ ਨੇ ਕੁੱਝ ਮਰਹਮ ਪੱਟੀ ਲਾਈ ਹੈ, ਤਾਂ ਵੀ ਇਹ ਐਡੇ ਵੱਡੇ ਨਰਸੰਹਾਰ ਦੇ ਸਾਹਮਣੇ ਤੁੱਛ ਹੈ। ਸਿੱਖਾਂ ਦੇ ਅੰਦਰ ਅੱਜ ਵੀ ਉਸੇ ਤਰ੍ਹਾਂ ਪੀੜ ਕਾਇਮ ਹੈ, ਚੀਸ ਹੈ, ਦਰਦ ਹੈ ਕਿਉਂਕਿ ਕਾਮਾਗਾਟਾਮਾਰੂ ਜਿਹੇ ਹਾਦਸਿਆਂ ਜਾਂ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਲਈ ਵਿਦੇਸ਼ੀ ਸਰਕਾਰਾਂ ਨੇ ਤਾਂ ਮੁਆਫ਼ੀਆਂ ਮੰਗ ਲਈਆਂ ਹਨ ਪਰ ਸਾਡੀ ਸੰਸਦ ਨੇ ਅੱਜ ਤੱਕ ਇਸ ਦੇ ਵਿਰੋਧ ਵਿਚ ਮਤਾ ਤੱਕ ਪਾਸ ਨਹੀਂ ਕੀਤਾ। ਨਵੀਂ ਸਰਕਾਰ ਕਿਹੜਾ ਸਿੱਖੀ ਦੀ ਸਕੀ ਹੈ? ਨਿਸ਼ਚੇ ਹੀ, ਇਕ ਵਾਰ ਸੰਸਦ ਦਿਲੋਂ ਮਨੋਂ ਸਿੱਖਾਂ ਨਾਲ ਹੋਈਆਂ ਵਧੀਕੀਆਂ, ਫੌਜੀ ਹਮਲੇ ਜਾਂ ਸਿੱਖ ਨਸਲਕੁਸ਼ੀ ਲਈ ਮੁਆਫ਼ੀ ਮੰਗ ਲਵੇ ਤਾਂ ਸਾਡੇ ਤਪਦੇ ਦਿਲ ਸ਼ਾਇਦ ਕੁਝ ਸ਼ਾਂਤ ਹੋ ਸਕਣ। ਸਾਡਾ ਖੋਹਿਆ ਸਾਰੇ ਦਾ ਸਾਰਾ ਖਜ਼ਾਨਾ ਸਾਨੂੰ ਵਾਪਸ ਕਰ ਦਿੱਤਾ ਜਾਵੇ ਤਾਂ ਸ਼ਾਇਦ ਸਾਨੂੰ ਕੁਝ ਟਿਕਾ ਆ ਜਾਵੇ।

ਮੈਨੂੰ ਇਕ ਹੋਰ ਗੱਲੋਂ ਵੀ ਡਾਹਢਾ ਪਛਤਾਵਾ ਹੈ ਕਿਉਂਕਿ ਗਜ਼ਟਿਡ ਸਰਕਾਰੀ ਨੌਕਰੀ ਵਿਚ ਹੁੰਦਿਆਂ ਉਦੋਂ ਮੈਂ ਅੱਖੀ ਡਿੱਠੇ, ਕੰਨੀ ਸੁਣੇ ਤੇ ਹੱਢੀਂ ਹੰਢਾਏ ਸੱਚ ਨੂੰ ਬਿਆਨ ਨਹੀਂ ਸੀ ਕਰ ਸਕੀ। ਸਰਕਾਰੀ ਰਣਬੀਰ ਕਾਲਜ ਪੜ੍ਹਾਉਂਦਿਆਂ ਪਟਿਆਲੇ ਸ੍ਰੀ ਦੂਖਨਿਵਾਰਣ ਸਾਹਿਬ 'ਤੇ ਫੌਜੀ ਹਮਲੇ ਦੀ ਚਸ਼ਮਦੀਦ ਵੀ ਹਾਂ ਕਿ ਕਿਵੇਂ ਬਿਜਲੀ ਪਾਣੀ ਦੀ ਅਣਹੋਂਦ ਵਿਚ 3 ਅਤੇ 4 ਜੂਨ ਦੀ ਰਾਤ ਨੂੰ ਲੂਹ ਦੇਣੀ ਗਰਮੀ ਵਿਚ ਹਿੰਦੂ ਮਾਲਕ ਮਕਾਨਾਂ ਦੀਆਂ ਲੂਹ ਦੇਣੀਆਂ ਗੱਲਾਂ ਵੀ ਸੁਣੀਆਂ ਤੇ ਅਕਹਿ ਪੀੜਾ ਵੀ ਜਰੀ। ਚਾਰ ਸਾਲਾ ਬੇਟੀ ਜੀਵਨਜੋਤ ਦੇ ਸਵਾਲਾਂ ਦਾ ਮੇਰੇ ਕੋਲ ਜਵਾਬ ਹੀ ਕੋਈ ਨਹੀਂ ਸੀ ਜਿਸ ਨੂੰ ਕਰਫਿਊ ਦੌਰਾਨ ਦੁੱਧ ਤੱਕ ਨਾ ਨਸੀਬ ਹੋਇਆ ਤੇ ਮੇਰੇ ਜੀਵਨ ਸਾਥੀ ਡਾ. ਮਲਕੀਅਤ ਸਿੰਘ ਦੁਰਲੱਭ ਕੀੜਿਆਂ ਦੀ ਖੋਜ ਲਈ 8-9 ਸਿੱਖ ਖੋਜ ਵਿਦਿਆਰਥੀਆਂ ਦੀ ਟੀਮ ਲੈ ਕੇ ਉਦੋਂ ਮਨਾਲੀ ਤੋਂ ਉੱਪਰਲੇ ਪਹਾੜਾਂ 'ਤੇ ਗਏ ਹੋਏ ਸਨ। ਮਨਾਲੀ ਤੋਂ ਪਟਿਆਲੇ ਪੁੱਜਣ ਤੱਕ ਇਨ੍ਹਾਂ ਨੂੰ ਪੂਰੇ ਦਸ ਦਿਨ ਲੱਗੇ। ਰਾਹ ਵਿਚ ਕੋਈ ਹੋਟਲ, ਕੋਈ ਢਾਬਾ, ਕੋਈ ਦੁਕਾਨਦਾਰ ਇਨ੍ਹਾਂ ਦੀ ਟੀਮ ਨਾਲ ਗੱਲ ਤੱਕ ਨਹੀਂ ਸੀ ਕਰਦਾ, ਅਖੇ 'ਅਤਿਵਾਦੀ ਆ ਗਏ ਹਨ, ਭਿੰਡਰਾਂਵਾਲੇ ਦੇ ਚੇਲੇ ਆ ਗਏ ਹਨ।' ਸਿੱਖਾਂ ਪ੍ਰਤਿ ਫੈਲਾਈ ਨਫ਼ਰਤ ਅੱਜ ਤੱਕ ਵੀ ਖ਼ਤਮ ਨਹੀਂ ਹੋ ਸਕੀ। ਹਾਂ, ਇਸੇ ਸਾਲ ਮੈਂ ਯੂ.ਕੇ.ਵਾਸੀ, ਖਾੜਕੂ ਲੇਖਕ ਸ. ਕੇਸਰ ਸਿੰਘ ਮੰਡ ਦੀ ਪੁਸਤਕ 'ਪੰਜਾਬ ਦਾ ਦੁਖਾਂਤ' ਸੰਪਾਦਿਤ ਕੀਤੀ ਜਿਸ ਦੇ 840 ਪੰਨੇ ਸਨ ਪਰ ਸੰਪਾਦਕਾ ਵਜੋਂ ਮੈਂ ਆਪਣਾ ਨਾਂ ਨਹੀਂ ਸੀ ਦੇ ਸਕੀ।

'ਜ਼ਮੀਰ ਦਾ ਮਰ ਜਾਣਾ ਅਸਲ ਮੌਤ ਹੈ, ਸਰੀਰ ਦਾ ਮਰ ਜਾਣਾ ਮੌਤ ਨਹੀਂ', ਆਖਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਮਈ 1984 ਵਿਚ ਆਖ਼ਰੀ ਇੰਟਰਵਿਊ ਸ. ਕੇਸਰ ਸਿੰਘ ਮੰਡ ਨੇ ਕੀਤੀ ਸੀ ਜਿਸ ਦੀਆਂ ਲੱਖਾਂ ਸੀ.ਡੀਜ਼ ਵਿਦੇਸ਼ਾਂ ਵਿਚ ਵੰਡੀਆਂ ਗਈਆਂ। ਆਰ.ਟੀ.ਆਈ. ਤਹਿਤ ਅਤੇ ਸੁਬਰਾਮਨੀਅਮ ਸਵਾਮੀ ਨੇ ਵੀ ਸਪਸ਼ਟ ਕਹਿ ਦਿੱਤਾ ਹੈ ਕਿ ਸੰਤ ਜੀ ਖਿਲਾਫ਼ ਕੋਈ ਵੀ ਕੇਸ ਰਜਿਸਟਰਡ ਨਹੀਂ ਸੀ। ਫਿਰ ਉਹ ਅਤਿਵਾਦੀ ਕਿਵੇਂ? ਵੱਖਵਾਦੀ ਕਿਵੇਂ? ਖ਼ਾਲਿਸਤਾਨੀ ਕਿਵੇਂ? ਸੰਤ ਭਿੰਡਰਾਂਵਾਲੇ ਅਜੋਕੇ ਸਿੱਖ ਨੌਜਵਾਨਾਂ ਦੇ ਰੋਲ ਮਾਡਲ ਹਨ, ਆਦਰਸ਼ ਹਨ। ਸਾਨੂੰ ਬਦਨਾਮ ਕਰਨਾ ਬੰਦ ਕਰੋ। ਪੰਜਾਬ ਦੇ ਬਣਦੇ ਹੱਕ ਛੇਤੀ ਦਿਓ। ਅਸੀਂ ਧੁਰੋਂ ਆਜ਼ਾਦ ਕੀਤੇ ਜਿਉੜੇ ਹਾਂ-ਪਿਆਰ ਨਾਲ ਕਰਨ ਗੁਲਾਮੀ ਜਾਨ ਕੋਹ ਆਪਣੀ ਵਾਰ ਦਿੰਦੇ। ਹਾਕਮੋ! ਪੰਜਾਬ ਨੂੰ ਸਮਝੋ। ਪੰਜਾਬੀਆਂ ਨੂੰ ਸਮਝੋ। ਖ਼ਾਸ ਕਰਕੇ ਗੁਰੂ-ਬਖਸ਼ੇ ਸਿੱਖਾਂ ਨੂੰ ਸਮਝ ਕੇ ਉਨ੍ਹਾਂ ਦੀ ਪੀੜਾ ਹਰਨ ਦੇ ਉਪਰਾਲੇ ਕਰੋ।

-0-



**ਜ਼ੁਲਮ ਦੀ ਹੱਦ ਦੇਖੋ ਕਿ ਡੇਢ ਕੁ ਸੌ ਸਿੰਘਾਂ ਦੇ ਮੁਕਾਬਲੇ ਲਈ ਭਾਰਤੀ ਫੌਜਾਂ ਦੇ ਜਰਨੈਲ, ਕਰਨੈਲ, ਟੈਂਕ, ਤੋਪਾਂ, ਰਾਕਟ ਲਾਂਚਰ, ਗੋਲੇ ਬਾਰੂਦ, ਕਮਾਂਡੋ ਤੇ ਹੋਰ ਕੀ ਕੀ ਨਹੀਂ ਲਿਆਂਦਾ ਗਿਆ ਸਰਬਸਾਂਝੀਵਾਲਤਾ ਦੇ ਦਰ 'ਤੇ। ਸ਼ਰਾਬ ਨਾਲ ਡੱਕੇ ਫੌਜੀ। ਤਮਾਕੂ ਸਿਗਰਟਾਂ ਪੀਂਦੇ ਲੜਾਕੂ। ਜੁੱਤੀਆਂ ਸਮੇਤ ਦਗੜ ਦਗੜ ਕਰਦੇ ਤੇ ਹਲਕਾਏ ਕੁੱਤੇ ਵਾਂਗ ਫਿਰਦੇ ਭਾਰਤੀ ਸੈਨਿਕ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਾਥੀਆਂ ਨੇ ਭਾਰਤੀ ਫੌਜਾਂ ਦੇ ਰੱਜ ਕੇ ਬਖੀਏ ਉਧੇੜੇ ਜਿਨ੍ਹਾਂ ਨੇ ਬਦਲੇ ਵਿਚ ਸੰਗਤਾਂ 'ਤੇ ਅਕਹਿ ਜ਼ੁਲਮ ਢਾਏ। ਪੰਜਾਬ ਸਾਰੇ ਵਿਚ ਕਰਫਿਊ ਲੱਗਾ ਹੋਣ ਕਰਕੇ ਆਲ ਇੰਡੀਆ ਰੇਡੀਓ ਨੇ ਬਥੇਰਾ ਕੁਫ਼ਰ ਤੋਲਿਆ, ਸਿੱਖਾਂ ਨੂੰ ਰੱਜ ਰੱਜ ਕੇ ਭੰਡਿਆ ਬਦਨਾਮ ਕੀਤਾ। ਦੇਸ਼ਧ੍ਰੋਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਅਤਿਵਾਦੀ, ਆਤੰਕਵਾਦੀ, ਵੱਖਵਾਦੀ, ਖਾਲਿਸਤਾਨੀ ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਲਕਬ ਵਰਤੇ ਗਏ। ਅਠੱਤੀ ਗੁਰਦਵਾਰਿਆਂ 'ਤੇ ਇਕੱਠਾ ਹਮਲਾ ਸਾਡੇ ਵਿਰਸੇ, ਧਰਮ, ਮਰਯਾਦਾ, ਇਤਿਹਾਸ ਅਤੇ ਸੱਭਿਆਚਾਰ ਨੂੰ ਤਹਿਸ ਨਹਿਸ ਕਰਨਾ ਇਕ ਕੋਝੀ ਚਾਲ ਸੀ।**



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।**

# ਗੁਰੁ ਅਰਜੁਨੁ ਪਰਤਖੵ ਹਰਿ

–ਇੰਜੀ. ਜੋਗਿੰਦਰ ਸਿੰਘ # 94630–55206

ਸਿਰਲੇਖ ਸਿਰਜਿਆ ਤੁਕਾਂਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1409 ਉੱਪਰ ਦਰਜ 'ਸਵਈਏ ਮਹਲੇ ਪੰਜਵੇਂ ਕੇ' ਦੇ ਬਾਣੀਕਾਰ ਭੱਟ ਮਥੁਰਾ ਜੀ ਦੇ ਸਤਵੇਂ ਸਵੱਈਏ, ਵਿਚੋਂ ਲਿਆ ਗਿਆ ਹੈ। ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦਿਹਾੜੇ ਨੂੰ ਮਨਾਉਂਦਿਆਂ, ਸਾਨੂੰ ਉਨ੍ਹਾਂ ਦੇ ਵਿਅਕਤੀਤਵ ਦੇ ਵਿਸ਼ੇਸ਼ ਤੇ ਵਿਲੱਖਣ ਰੂਪਾਂ-ਸਰੂਪਾਂ ਨੂੰ ਜਾਨਣ-ਪਹਿਚਾਨਣ ਦਾ ਅਵਸਰ ਪ੍ਰਾਪਤ ਹੋਇਆ ਹੈ। ਇਕ ਮਹੱਤਵਪੂਰਨ ਪਹਿਲੂ ਇਹ ਹੈ ਕਿ ਜਦੋਂ ਸਿੱਖ ਧਰਮ ਫ਼ਲਸਫ਼ਾ ਰੱਬ ਨੂੰ ਅਜਨਮਾ-ਅਜੂਨੀ ਮੰਨਦਾ ਹੈ ਤਾਂ ਗੁਰੂ ਅਰਜਨ ਸਾਹਿਬ ਨੂੰ 'ਪਰਤਖੁ ਹਰਿ' ਕਿਵੇਂ ਆਖਿਆ ਗਿਆ ਹੈ? ਹੱਥਲਾ ਲੇਖ ਉਨ੍ਹਾਂ ਦੇ ਪਾਵਨ ਪਵਿੱਤਰ 'ਪਰਤਖੁ ਹਰਿ' ਦੇ ਸਰੂਪ ਦੀ ਇਕ ਭੋਰੀ ਮਾਤ੍ਰ ਛੋਹ ਮਾਨਣ ਦਾ ਯਤਨ ਹੈ।

**'ਹਰਿ':** ਮਨੁੱਖੀ ਮਾਨਸਿਕਤਾ ਤੇ ਬੌਧਿਕਤਾ ਦੀ ਵਿਕਾਸ-ਪਰੰਪਰਾ ਵਿਚ ਵੱਖ-ਵੱਖ ਮਤ ਮਤਾਂਤਰਾਂ ਤੇ ਧਰਮਾਂ ਦਾ ਉਦੈ ਹੋਇਆ। ਭਾਰਤੀ ਦਾਰਸ਼ਨਿਕਤਾ, ਸੰਸਕ੍ਰਿਤੀ ਤੇ ਸਾਹਿਤ ਆਦਿ ਸਭ ਦਾ ਮੂਲਸ੍ਰੋਤ ਵੇਦਾਂ ਨੂੰ ਮੰਨਿਆਂ ਗਿਆ ਹੈ, ਅੱਗੋ ਛੇ-ਸ਼ਾਸਤਰ,ਉਪਨਿਸ਼ਦ, ਪੁਰਾਣ ਤੇ ਸਿਮ੍ਰਿਤੀਆ ਆਦਿ ਹੋਂਦ ਵਿਚ ਆਈਆਂ। ਜਿਨ੍ਹਾਂ ਚਿੰਤਕਾਂ-ਸਾਧਕਾਂ ਨੇ ਵੇਦਾਂ ਨੂੰ ਆਪਣਾ ਮੂਲਸ੍ਰੋਤ ਨਾ ਮੰਨਿਆ ਉਨ੍ਹਾਂ ਨੂੰ ਨਾਸਤਿਕ ਆਖਿਆ ਗਿਆ-"ਨਾਸਤਿਕੋ ਵੇਦਨਿੰਦਕ" ਜਿਵੇ ਕਿ ਜੈਨੀ, ਚਾਰਵਾਕੀਏ ਅਤੇ ਬੁੱਧ ਧਰਮ ਵਾਲੇ ਆਦਿਕ। ਇਨ੍ਹਾਂ ਅਣਗਿਣਤ ਮਜ਼ਹਬਾਂ-ਫ਼ਿਰਕਿਆ ਤੇ ਜੀਵਨ ਆਚਾਰ-ਵਿਹਾਰ ਪ੍ਰਣਾਲੀਆਂ ਵਿਚ ਬਹੁ ਭਾਂਤਿਕ ਵਖਰੇਵਿਆਂ ਦੇ ਬਾਵਜੂਦ, ਸ੍ਰਿਸ਼ਟੀ ਰਚਨਾ ਤੇ ਉਸ ਦੀ ਰਚਣਹਾਰੀ ਕਿਸੇ ਅਸੀਮ-ਅਦ੍ਰਿਸ਼ਟ 'ਹੋਂਦ' ਜਾਂ ਸ਼ਕਤੀ ਦੇ ਅਹਿਸਾਸ ਪ੍ਰਤੀ ਵਿਸ਼ਵਾਸ ਦੀ ਇਕ ਸਾਂਝੀ ਕੜੀ ਦੀ ਮੌਜੂਦਗੀ ਵੀ ਵੇਖੀ ਜਾ ਸਕਦੀ ਹੈ। ਇਸ 'ਹੋਂਦ' ਨੂੰ ਪ੍ਰਗਟਾਉਦੇ ਅਨੇਕਾਂ ਨਾਵਾਂ ਵਿਚੋਂ 'ਹਰਿ' ਇਕ ਪੂਰਵ ਕਾਲੀਨ ਪ੍ਰਚੱਲਤ ਨਾਂ ਹੈ।

**ਹਰਿ ਦਾ ਕਾਰਜ ਖੇਤਰ:** ਸਾਰਿਆ ਨੇ ਬ੍ਰਹਿਮੰਡੀ ਸਿਰਜਣਾ ਤੇ ਸੰਚਾਲਨ ਵਿਚ ਇਕ ਵਿਸ਼ੇਸ਼ ਨੇਮਬੱਧਤਾ, ਲਗਾਤਾਰਤਾ ਤੇ ਪ੍ਰਤੀਬੱਧਤਾ ਦੇ ਅਸਲੇ, ਅਸੂਲਾਂ, ਸੇਧਾਂ ਤੇ ਸਿਧਾਂਤਾਂ ਨੂੰ ਖੋਜਿਆ ਭਾਲਿਆ ਹੈ, ਭਾਵੇਂ ਅਗਮ-ਅਗੋਚਰ ਦੀ ਥਾਹ ਨਹੀਂ ਪਾਈ ਜਾ ਸਕਦੀ।...ਤੇ ਇਨ੍ਹਾਂ ਸਾਰਿਆਂ ਪ੍ਰਕਿਰਤਕ ਕਾਇਦਿਆਂ-ਕਾਨੂੰਨਾਂ ਤੇ ਅਟੱਲ ਨੇਮਾਂ ਨੂੰ ਸਾਡੇ ਪੁਰਖਿਆਂ ਨੇ ਧਰਮ ਦੀ ਸੰਗਿਆ ਦਿੱਤੀ ਹੈ...ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦੇ ਆਧਾਰ ਵਿਸ਼ਵ ਹੈ,ਉਹ ਪਵਿੱਤਰ ਨਿਯਮ। ਇਹ ਪਵਿੱਤਰ ਨਿਯਮਾਵਲੀ 'ਅਪਰੰਪਰੁ ਪਾਰਬ੍ਰਹਮੁ ਪਰਮੇਸਰੁ' ਪ੍ਰਮਾਤਮਾ, ਖ਼ੁਦਾ ਅੱਲਾ ਜਾਂ ਵਾਹਿਗੁਰੂ ਦਾ ਵਿਧੀ ਵਿਧਾਨ ਹੈ,ਕਾਰਣ-ਕਾਰਜ ਹੈ, ਕਰਤੱਵ ਹੈ,ਜ਼ਿੰਮੇਵਾਰੀ ਹੈ, ਰਹੱਸਵਾਦੀ ਖੇਡ ਦਾ ਅਖਾੜਾ ਹੈ,ਸਕ੍ਰੀਯਤਾ ਹੈ, ਸਹਜ ਸੁਭਾਅ ਹੈ, ਮੂਲਕ ਬਿਰਦ ਹੈ... ਤੇ ਇਸ ਸਮੁੱਚੇ ਕਾਰਜ ਖੇਤਰ ਨੂੰ ਅਸੀਂ ਨਿਰਗੁਣਸਰਗੁਣ ਪ੍ਰਭੂਪਿਤਾ ਪਰਮਾਤਮਾ, ਨਾਰਾਇਣ, ਕਰਤਾਪੁਰਖੁ, ਰਾਮ-ਰਹੀਮ, 'ਹਰਿ' ਦਾ ਧਰਮ-ਕਰਮ ਆਖਦੇ ਹਾਂ।

**'ਹੁਕਮ' ਦੀ ਖੇਡ:** 'ਹਰਿ' ਆਪਣੀ ਚੇਤਨ-ਕਾਰਜਸ਼ੀਲਤਾ ਤਹਿਤ ਸੰਪੂਰਨ ਸ੍ਰਿਸ਼ਟੀ ਤੇ ਉਸ ਵਿਚ ਵੱਸਦੀ-ਰੱਸਦੀ ਜੈਵਿਕਤਾ ਨੂੰ ਨਿਰੰਤਰਤਾ ਅਤੇ ਇਕਾਗਰਤਾ ਨਾਲ ਹਰਿਆ-ਭਰਿਆ ਕਰ ਰਿਹਾ ਹੈ, ਸਦਾ-ਵਿਗਾਸ ਦਾ ਵਾਤਾਵਰਨ ਸਿਰਜਿਆ ਜਾ ਰਿਹਾ ਹੈ। ਸਾਰਿਆ ਦਾ ਖ਼ਿਆਲ ,ਸੱਭਸ ਦੀ ਸੰਭਾਲ, ਸੁਖ-ਸੁਵਿਧਾਵਾਂ,ਸਹਿਹੋਂਦ, ਸਾਂਝ, ਸੰਤੋਖ,ਸਰਲਤਾ ਤੇ ਸੰਤੁਲਤਾ ਦੇ ਨਿਯਮਾਂ ਦਾ ਸਹਜ-ਸੁਭਾਏ ਸੰਚਾਲਨ ਹੋ ਰਿਹਾ ਹੈ।....ਇਹ ਹਰੀ ਪ੍ਰਭੂ ਦਾ ਧਰਮ ਖੇਤਰ ਹੈ ਜਿਥੇ ਕੋਈ ਅਕੇਵਾਂ-ਥਕੇਵਾਂ ਨਹੀ, ਕੋਈ ਰੋਕ-ਰੁਕਾਵਟ ਨਹੀ,ਪਾਉਣ,ਅਗਨੀ,ਪਾਣੀ ਆਪਣੇ ਵਹਾਵ ਲਈ ਸੌਖਿਆ ਹੀ ਰਾਹ ਬਣਾ ਲੈਂਦੇ ਹਨ,ਵਿਕਾਸ-ਪ੍ਰਕਿਰਿਆ ਵਿਚ ਕੋਈ ਅੜਚਨ ਸਥਾਈ ਨਹੀਂ,ਹਰ ਸਮੱਸਿਆ ਦਾ ਸਮਾਧਾਨ ਆਪੂੰ ਸਾਹਮਣੇ ਆ ਖਲੋਂਦਾ ਹੈ ਜਿਵੇਂ ਪੂਰੀ ਕਾਇਨਾਤ ਦੀ ਕਾਇਆ ਵਿਚ ਸਭ ਕੁਝ ਹੀ ਨਿਹਿਤ ਪਿਆ ਹੋਵੇ; **ਜੋ ਕਿਛੁ ਪਾਇਆ ਸੁ ਏਕਾ ਵਾਰ ॥(7)...**ਤੇ ਕਾਰਣ ਕਾਰਜ ਆਪਣਾ-ਆਪਣਾ ਸਮਾਂ ਸਥਾਨ ਤੇ ਵਾਰ ਉਡੀਕ ਰਹੇ ਹੋਵਣ, ਇਹੋ ਜਿਹਾ ਹੈ 'ਹਰਿ ਦਾ ਧਰਮ!...ਜੋ ਉਸ ਦੀ ਪੂਰੀ ਮਾਨਵਤਾ ਪ੍ਰੀਤੀ ਅਸੀਮ ਦਇਆਲਤਾ ਵਿਚੋਂ ਸੁਤੇ-ਸਿਧ ਉਗਮ ਰਿਹਾ ਹੈ। ਗੁਰਬਾਣੀ ਵਿਚ ਧਰਮ ਨੂੰ ਦਇਆ ਦਾ ਪੁੱਤਰ ਆਖਿਆ ਹੈ ਗਿਆ-ਦਇਆਲਤਾ, ਸਰਵਪੱਖੀ ਸੁੰਦਰਤਾ, ਹਰਿਆਵਲਤਾ- ਸੱਤਤਾ, ਅਟੱਲਤਾ, ਅਡੋਲਤਾ, ਅਗਮਤਾ, ਉਦਾਰਤਾ, ਉਧਾਰਤਾ, ਨਿਰਤੰਰਤਾ ਤੇ ਸੁਤੰਤਰਤਾ, ਨਿਰਵੈਰਤਾ ਤੇ ਨਿਰਭੈਤਾ ਆਦਿਕ ਹਰਿ ਪ੍ਰਭੂ ਪ੍ਰੇਮ ਦੇ ਕਾਰਜ ਖੇਤਰ ਦੇ ਗੁਣ ਤੇ ਲੱਛਣ ਹਨ। ਸੰਪੂਰਨ ਸ੍ਰਿਸ਼ਟੀ ਵਿਚਲੀਆਂ ਵਿਪਰੀਤ ਵਸਤੂਆਂ ਦਾ ਤਨਾਸਬ ਕਾਇਮ ਰਖਿਆਂ ਜਾ ਰਿਹਾ ਹੈ, ਵਿਰੋਧੀ ਤਾਕਤਾ ਦਾ ਤਵਾਜ਼ਨ ਬਰਕਰਾਰ ਬਣਿਆ ਰਹਿੰਦਾ ਹੈ,ਜੀਵ ਜੰਤੂਆਂ,ਜਾਨਵਰਾਂ,ਇਨਸਾਨਾਂ,ਹੈਵਾਨਾਂ ਤੇ ਸ਼ੈਤਾਨਾਂ ਦੀ ਸਹਿਹੋਂਦ ਲਈ ਲੋੜੀਂਦੇ ਸਮਤੋਲ ਤੇ ਸੰਤੁਲਨ ਨੂੰ ਸਾਵਾਂ ਟਿਕਾਏ ਰੱਖਣ ਲਈ ਕਰਤਾ ਪੁਰਖ 'ਹਰਿ' ਜੀ ਦੇ ਕੋਲ ਹਰ ਤਰ੍ਹਾ ਦੇ ਸੰਦ ਕਲ ਪੁਰਜ਼ੇ,ਸਾਧਨ ਤੇ ਸਮੱਗਰੀ, ਹੱਥ ਤੇ ਹਥਿਆਰ ਰੂਪੀ ਸਮਰੱਥ-ਸ਼ਕਤੀਆਂ ਹਮੇਸ਼ਾ-ਹਮੇਸ਼ਾ ਤਿਆਰ ਬਰ-ਤਿਆਰ ਸਾਵਧਾਨ ਤੇ ਇਕਾਗਰਚੀਤ, ਹੁਕਮ ਦੀ ਉਡੀਕ ਵਿਚ ਖੜ੍ਹੀਆਂ ਖਲੋਤੀਆਂ ਹਨ।

**ਨੈਤਿਕ ਅਤੇ ਸਦਾਚਾਰਕ ਅਧੋਗਤੀ:** ਪ੍ਰਕਿਰਤਕ ਵਿਕਾਸ-ਸੰਚਾਰ **'ਜੀਆ ਕਾ ਆਹਾਰੁ ਜੀਅ'** ਅਤੇ ਜਾਂਗਲੀ ਵਿਵਸਥਾ ਦੇ ਅੰਤਰਗਤ, ਸ਼ੇਰ ਦੀ ਦੂਜੇ ਸਾਰਿਆਂ ਛੋਟੇ ਜਾਨਵਰਾਂ ਉੱਪਰ ਜ਼ਿੰਦਗੀ-ਮੌਤ ਦੀ ਅਧਿਕਾਰ-ਸਮਰੱਥਾ ਨੂੰ ਵੇਖਦਿਆ-ਪਰਖਦਿਆਂ ਮਨੁੱਖ ਵੀ ਆਪਣੇ ਹੀ ਆਲੇ-ਦੁਆਲੇ ਦੇ ਭਾਈਚਾਰੇ ਦੇ ਮਾੜੇ-ਕਮਜ਼ੋਰਾਂ ਨੂੰ ਬਲਪੂਰਵਕ ਦੁਬੇਲ ਬਣਾ ਕੇ ਆਪ ਕਬੀਲੇ ਦਾ ਮੁਖੀ ਬਣ ਬੈਠਾ। ਕਬੀਲੇ ਦਾ ਸਰਦਾਰ 'ਮਾਲਕ' ਤੇ ਬਾਕੀ ਬੰਦੇ ਛੋਟੇ-ਛੋਟੇ ਸੇਵਾਦਾਰ। ਮਨੁੱਖੀ ਭਾਈਚਾਰਾ ਕਬੀਲਿਆਂ, ਘਰਾਣਿਆਂ ਤੇ ਰਜਵਾੜਾ-ਸ਼ਾਹੀਆਂ'ਚ ਵੰਡਿਆਂ ਗਿਆ। ਤਾਕਤਵਰਾਂ-ਜਰਵਾਣਿਆਂ ਨੇ ਬਹੁਗਿਣਤੀ ਕਮਜ਼ੋਰਾਂ ਨੂੰ ਆਪਣਾ ਦਾਸ ਬਣਾ ਲਿਆ। ਗ਼ੁਲਾਮਾਂ ਕੋਲੋ ਜਾਨਵਰਾਂ ਵਾਲਾ ਕੰਮ ਲਿਆ ਜਾਂਦਾ ਸੀ ਤੇ ਅਜਿਹੇ ਬੇ-ਵਸ ਤੇ ਲਾਚਾਰ ਬੰਦਿਆਂ ਦੀ ਜ਼ਿੰਦਗੀ ਇਕ ਅੱਲਾ ਦੇ ਨੂਰ ਤੋਂ ਉਪਜੇ ਮਾਨਵ-ਜਗਤ ਵਾਸਤੇ ਲਾਹਨਤ ਤੇ ਸ਼ਰਮਿੰਦਗੀ ਤੋਂ ਵੱਧ ਕੁਝ ਵੀ ਨਹੀਂ ਸੀ।

ਅਖੌਤੀ ਧਾਰਮਿਕ ਵਰਤਾਰੇ ਵਿਚ ਵੀ ਇਸੇ ਤਰ੍ਹਾਂ, ਸਿਆਣਿਆਂ, ਸੂਝਵਾਨਾ ਤੇ ਸਮਰਥ ਬ੍ਰਹਮਣਾਂ-ਮੌਲਾਣਿਆਂ ਨੇ ਆਪਣੇ ਆਪ ਨੂੰ ਸਰਵਸ੍ਰੇਸ਼ਠ, ਸਭ ਤੋਂ ਉੱਤਮ ਤੇ ਉੱਚਤਮ ਘੋਸ਼ਿਤ ਕਰਦਿਆਂ, ਬਾਕੀ ਸਾਰਿਆਂ ਨੂੰ ਨੀਵੇ, ਹੋਰ ਨੀਵੇਂ ਤੇ ਸਭ ਤੋਂ ਨੀਵੇਂ ਵਰਗਾ ਵਿਚ ਪੱਕੇ ਤੌਰ ਤੇ ਵੰਡ ਦਿੱਤਾ। ਇਸ ਤੰਤ੍ਰ ਨੂੰ ਉਨ੍ਹਾਂ ਜਾਤੀ ਧਰਮ ਦਾ ਨਾਂ ਦਿੱਤਾ ਤੇ ਸਾਰੀਆ ਜਾਤੀਆਂ ਲਈ ਅੱਡੋ-ਅੱਡ ਧਰਮ, ਕਰਤੱਵ,ਕਿਰਤ-ਵਿਰਤ ਅਤੇ ਰਹਿਣ-ਸਹਿਣ ਦੇ ਨਿਰਧਾਰਤ ਨਿਯਮਾਂ ਦਾ ਵਿਧੀ-ਵਿਧਾਨ ਘੜ ਲਿਆ। 'ਜੋਤਿ ਰੂਪ ਹਰਿ' ਜੀ ਦੀ ਸਮਦ੍ਰਿਸ਼ਟੀ ਵਾਲੀ ਸਰਵ ਕਲਿਆਂਣਕਾਰੀ ਪ੍ਰਕਿਰਤਕ-ਪ੍ਰਣਾਲੀ ਨੂੰ ਖੰਡ-ਖੰਡ ਕਰਦੇ, ਮਨੁੱਖੀ ਸਮਾਜ ਵਿਚ ਅਸਾਵੇਂ, ਗੈਰ-ਕੁਦਰਤੀ ਵੰਡ-ਵਿਤਕਰਿਆਂ ਨੂੰ

ਉਸਾਰਦੇ ਟਕਰਾਵ ਅਤੇ ਅੰਤਰ ਜਾਤੀ ਵੈਰ ਵਿਰੋਧ ਨੂੰ ਬੜ੍ਹਾਵਾ ਦਿੰਦੇ ਨਿਰਾਰਥਕ ਤੇ ਭ੍ਰਿਸ਼ਟ ਰੀਤੀ-ਰਿਵਾਜਾਂ ਵਾਲੇ ਕਰਮ-ਕਾਂਡਾਂ ਨੂੰ ਧਰਮ ਦਾ ਆਧਾਰ ਮੰਨ ਲਿਆ ਗਿਆ। ਕਰਤਾ ਪੁਰਖ ਜਾਂ ਰਮਤ-ਰਾਮ ਦੀ ਸੱਚੀ-ਸੁੱਚੀ ਸ਼ਰਧਾ ਵਿੱਚ ਓਤ-ਪੋਤ ਦਾ ਸਾਦਾ ਸੁਭਾਅ ਤੇ ਸਰਲ ਸਨਤੋਖੀ ਆਚਾਰ ਵਿਹਾਰ ਵਾਲੀ ਲੋਕਾਈ ਨੂੰ ਪੰਡਿਤਾਂ-ਮੌਲਵੀਆਂ ਨੇ ਆਪਣੇ ਡੰਭੀ ਭਰਮ ਜਾਲ ਵਿਚ ਜਕੜ ਲਿਆ।

**ਹਉ ਭਾਲਿ ਵਿਕੁੰਨੀ ਹੋਈ॥**
**ਆਧੇਰੈ ਰਾਹੁ ਨ ਕੋਈ ॥**
ਅਤੇ
**ਕੂੜੁ ਅਮਾਵਸ ਸਚੁ ਚੰਦ੍ਰਮਾ**
**ਦੀਸੈ ਨਾਹੀ ਕਹ ਚੜਿਆ॥ (145)** ਦੇ ਹਾਲਾਤ ਬਣ ਗਏ।

ਪ੍ਰਾਚੀਨਤਮ ਭਾਰਤੀ ਸੰਸਕ੍ਰਿਤੀ, ਧਰਮ ਤੇ ਵੈਦਿਕ ਸਾਹਿਤ ਨੇ ਬ੍ਰਹਮਾ ਦੇ ਮੁੱਖ ਤੋਂ ਬ੍ਰਾਹਮਣ, ਬਾਹਵਾਂ ਤੋਂ ਖੱਤ੍ਰੀ, ਪੇਟ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਪੈਦਾ ਹੁੰਦਿਆਂ ਦਾ ਗਿਆਨ ਪੜ੍ਹਾਇਆ। ਮਨੂੰ ਸਿਮ੍ਰਿਤੀ ਨੇ ਉਪਜੀਵਕਾ ਲਈ ਕੰਮਾਂ-ਕਾਰਾਂ,ਸਿਖਿੱਆ-ਦੀਖਿਆ,ਸੰਸਕਾਰ,ਕਰਤੱਵ,ਤੇ ਅਧਿਕਾਰਾਂ ਸੰਬੰਧੀ ਕੱਟੜ ਕਾਨੂੰਨ ਪ੍ਰਚਲਿਤ ਕੀਤੇ ।ਬ੍ਰਹਮਣ ਨੇ ਕੇਵਲ ਧਰਮ-ਕਰਮ ਦੇ ਕਾਰਜ ਅਤੇ ਖੱਤਰੀਆਂ ਨੇ ਰਾਜ ਭਾਗ ਸੰਭਾਲਦਿਆਂ ਬਾਹਰਲੇ ਹਮਲਾਵਰਾਂ ਤੋਂ ਦੇਸ਼ ਦੀ ਰਾਖੀ ਕਰਨੀ ਸੀ।ਵੈਸ਼ਾਂ ਨੇ ਵਪਾਰ ਦੁਆਰਾ ਆਪਣੀ ਵਿੱਤੀ ਸਮਰੱਥਾ ਨੂੰ ਵਧਾਉਣ ਦੇ ਨਾਲ-ਨਾਲ ਰਾਜ ਅਧਿਕਾਰੀਆਂ ਨੂੰ ਲੋੜੀਂਦਾ ਖਰਚਾ ਮੁਹੱਈਆ ਕਰਨਾ ਅਤੇ ਪੁਜਾਰੀ ਵਰਗ ਦੀਆਂ ਸੁੱਖ ਸੁਵਿਧਾਵਾ ਵੀ ਦਾਨ ਦਕਸ਼ਣਾ ਦੇ ਨੇਮਾਂ ਅਨੁਸਾਰ ਉਪਲਬਧ ਕਰਵਾਉਣੀਆਂ ਸੁਨਿਸ਼ਚਿਤ ਕਰਨਾ ਸੀ।ਸਮਾਜ ਦੀ ਵੱਡੀ ਬਹੁਗਿਣਤੀ ਸ਼ੂਦਰਾਂ ਨੇ ਤਾਂ ਉਪਰੋਕਤ ਉਚ ਜਾਤੀ ਘੱਟ-ਗਿਣਤੀ ਦੀਆਂ ਨਿੱਕੀਆਂ ਵੱਡੀਆਂ ਸਾਰੀਆਂ ਸੇਵਾਵਾਂ ਵਿਚ ਹੀ ਪੂਰੀ ਜ਼ਿੰਦਗੀ ਗੁਜ਼ਾਰਨੀ ਸੀ ।ਇਸ ਤਰ੍ਹਾਂ ਉਨ੍ਹਾਂ ਦੀ ਪ੍ਰਾਲਬਧ ਵਿਚ ਕੋਈ ਸਰੀਰਕ,ਸਮਾਜਕ,ਮਾਨਸਿਕ ਜਾਂ ਬੌਧਿਕ ਉੱਨਤੀ ਦੀ ਸੰਭਾਵਨਾ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਗਿਆ। ਨਿਮਾਣਿਆਂ,ਨਿਤਾਣਿਆਂ ਤੇ ਨਿਆਸਰਿਆਂ ਨੇ ਦਲਿਤ ਵਰਗ ਦੀ ਹੋਣੀ ਨੂੰ ਆਪਣੀ ਕਿਸਮਤ ਸਮਝ ਕੇ ਸਵੀਕਾਰ ਕਰ ਲਿਆ... ਤੱਤਕਾਲੀਨ ਦੇਵ-ਕੁਲ ਰਿਸ਼ੀਆਂ,ਵਿਦਵਾਨਾਂ ਰਾਜਿਆਂ ਰਾਣਿਆਂ ਤੇ ਧਰਮ ਦੇ ਠੇਕੇਦਾਰਾਂ ਦੀ ਮਿਲੀ-ਭਗਤ,ਮਰਜ਼ੀ ਤੇ ਆਦੇਸ਼ਾਂ ਦੇ ਅਨੁਕੂਲ।

**ਗੁਰੂ ਨਾਨਕ ਆਗਮਨ**-ਤੇਤੀ ਕਰੋੜ ਦੇਵਤਿਆਂ ਦੀ ਜਨਮ ਭੂਮੀ ਹਿੰਦੁਸਤਾਨ ਦੀ ਜਨ-ਸਾਧਾਰਨ ਮਿਹਨਤਕਸ਼ ਪਰਜਾ, ਆਪਣੇ ਦੁਰਭਾਗ ਦੀ ਸਿਖਰ ਨੂੰ ਛੂੰਹਦੀ ਪ੍ਰਤੀਤ ਹੁੰਦੀ ਹੈ ਜਦੋਂ ਵਿਦੇਸ਼ੀ ਧਾੜਵੀਆਂ,ਬਾਬਰਕਿਆਂ ਜਰਵਾਣਿਆਂ ਨੇ ਮਖਲੂਕਾਤ ਦੀ ਅੰਨ੍ਹੀ ਲੁੱਟਮਾਰ ਤੇ ਬੇ-ਬਹਾ ਅੱਤਿਆਚਾਰਾਂ ਦਾ ਕਹਿਰ ਨਾਜ਼ਲ ਕੀਤਾ।ਸਮੇਂ ਦੇ ਮੁੱਠੀ ਭਰ ਧਾਰਮਿਕ ਤੇ ਰਾਜਨੀਤਕ ਆਗੂ,ਅਤਿ ਨਿਰਬਲ,ਨਿਰਾਸ਼ਾ 'ਚ ਡੁਬੇ ਤੇ ਸਾਹ ਸਤ ਹੀਣ ਹੋਏ ਦੇਸ਼ ਵਾਸੀਆਂ ਨੂੰ ਲੋੜੀਂਦੀ ਅਗਵਾਈ ਤੇ ਸੁਰੱਖਿਆ-ਸੰਭਾਲ ਦੇਣ ਵਿਚ ਬਿਲਕੁਲ ਨਾ-ਕਾਮਯਾਬ ਰਹੇ। ..ਤੇ ਹੁਣ

**ਸਤਿ ਸੁਹਾਣੁ ਸਦਾ ਮਨਿ ਚਾਉ ॥ (4)** ਸਰੂਪ 'ਹਰਿ' ਜੀ ਦੀ '**ਘਟ ਘਟ ਮੈ ਹਰਿ ਜੂ ਬਸੈ॥ (1427)** ਅਦ੍ਰਿਸ਼ਟ ਕਰਤਾਰੀ ਸਫੁਰਤਾ ਨੇ ਆਮ-ਲੋਕਾਈ ਦੀ ਮਾਨਸਿਕਤਾ ਨੂੰ ਹਲੂਣਿਆ, ਝੰਜੋੜਿਆਂ ਅਤੇ ਹੱਕੀਹੁਕਮ ਦੀ ਸੋਝੀ ਦਿੱਤੀ:

**ਅਗੋ ਦੇ ਜੇ ਚੇਤੀਐ**
**ਤਾਂ ਕਾਇਤੁ ਮਿਲੈ ਸਜਾਇ ॥**
**(417)**

ਹਰਿ ਪ੍ਰਭੂ ਜੀ ਦੇ ਅਗੰਮੀ ਨਾਦ ਨੇ ਗੁਰੂ ਨਾਨਕ ਵਿਚਾਰਧਾਰਾ, ਗੁਰਬਾਣੀ ਉਪਦੇਸ਼ ਦੁਆਰਾ ਮਾਨਵਤਾ ਦੀਆ ਸੁੱਤੀਆਂ ਕਲਾ ਨੂੰ ਜਗਾ ਕੇ , ਧਰਮ ਦੇ ਕਰਤਵਾਂ ਤੇ ਕਾਰਜਯੋਜਨਾ ਨੂੰ ਆਪਣੇ 'ਹੁਕਮ' ਦੇ ਅਨੁਰੂਪ ਕ੍ਰਾਂਤੀਕਾਰੀ ਮੋੜ ਦਿੱਤਾ। ਗੁਰੂ ਨਾਨਕ ਨੇ ਮਨੁੱਖਤਾ ਨੂੰ ਸ੍ਵੈਮਾਨਤਾ,ਸਮਾਨਤਾ, ਸਾਂਝੀਵਾਲਤਾ ਤੇ ਹੱਕ-ਨਿਆਂ ਨੂੰ ਸਮਰਪਿਤ ਸਹਿਹੋਂਦ ਦੀ ਦਿਸ਼ਾ ਵੱਲ ਸਮਾਜਿਕ-ਰਾਜਨੀਤਕ ਵਿਕਾਸ ਅਤੇ ਆਤਮਕ ਵਿਗਾਸ ਦੀਆਂ ਸ੍ਰੇਸ਼ਟ ਹੋਣੀਆਂ ਦਾ ਰੂਹਾਨੀ ਰਾਹ ਵਿਖਾਇਆ। ਪੁਰਬਲੇ ਧਰਮਾਂ ਨੇ 'ਪਾਪ ਕੀ ਜੰਞਾਂ ਧਰਮ ਦੀ ਹਾਨੀ ਦਿਆਂ ਹਾਲਾਤਾਂ ਨੂੰ ਠੱਲ੍ਹ ਪਾਉਣ ਹਿਤ ਭਗਵਾਨ ਜੀ ਦੇ ਅਵਤਾਰ ਧਾਰਨ ਦੀ ਉਡੀਕ ਕਰਨ ਦਾ ਸਿਧਾਂਤ ਦੱਸਿਆਂ ਸੀ ਕਈਆਂ ਨੇ ਰੱਬ ਦੇ ਪੁੱਤਰ ਆਮਦ ਜਾਂ ਪਵਿੱਤਰ-ਪੈਗੰਬਰਾਂ ਦੀਆਂ ਸਿਫਾਰਸ਼ਾਂ ਉਪਰ ਅਕੀਦਾ ਰੱਖਣ ਦੀ ਤਾਕੀਦ ਕੀਤੀ ਇਤਿਆਦਿ। ਗੁਰੂ ਨਾਨਕ ਵਿਚਾਰਧਾਰਾ ਭਾਵ ਗੁਰਬਾਣੀ ਨੇ ਜਨ-ਸਾਧਰਣ ਮਨੁੱਖਾਂ ਦੇ ਅੰਤਰੀਵ ਨਿਹਿਤ ਨੂਰੀ ਜੋਤਿ ਨੂੰ ਪ੍ਰਕਾਸ਼ਮਾਨ ਕਰਦਿਆਂ ਦੈਵੀ ਸ਼ਕਤੀਆਂ ਨੂੰ ਉਭਾਰ ਕੇ ਹਰੀ-ਪ੍ਰਭੂ ਦੀ ਅਬਚਲੀ ਸਮਦ੍ਰਿਸ਼ਟ ਵਿਉਂਤਬੰਦੀ ਨੂੰ ਅੱਗੇ ਤੋਰਨ ਦੇ ਵਸੀਲਿਆਂ ਦੀ ਘਾੜਤ ਘੜੀ

**ਬਲਿਹਾਰੀ ਗੁਰ ਆਪਣੇ**
**ਦਿਉਹਾੜੀ ਸਦ ਵਾਰ ॥**
**ਜਿਨਿ ਮਾਣਸ ਤੇ ਦੇਵਤੇ**
**ਕੀਏ ਕਰਤ ਨ ਲਾਗੀ ਵਾਰ ॥**
**(462)**

ਧਰਮ ਦੇ ਅਰਥਾਂ ਅਤੇ ਪਰਿਭਾਸ਼ਾ ਵਿਚ ਨਵੇਂ ਦਿਸਹੱਦੇ ਉਲੀਕੇ ਗਏ। 'ਹਰਿ'ਤਾਂ **ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ (1)** ਹੈ ਤੇ ਭਵਿੱਖ ਵਿਚ ਵੀ ਸਦੀਵੀ ਹੋਂਦ ਰਵ੍ਹੇਗਾ।...ਪਰ ਵਾਹ! 'ਹਰਿ' ਕਰਤਾ ਪੁਰਖ ਹੈ, ਆਪਣੇ ਕ੍ਰਿਤ ਵਿਚ ਬਿਰਾਜਮਾਨ ਹੈ,ਸਾਰੇ ਸਰੀਰ ਉਸ ਦੇ ਹਨ, ਜਿੱਥੇ,ਜਿਥੋਂ ਜਾਂ ਜਿਵੇਂ ਉਹ ਚਾਹਵੇ ਉਥੇ,ਉਥੋਂ ਤੇ ਉਵੇਂ ਹੀ ਉਹ ਆਪਣੇ ਭਾਣੇ ਅਨੁਸਾਰ ਕਾਰਜਸ਼ੀਲ ਹੋ ਉੱਠਦਾ ਹੈ।'ਹਰਿ'-ਪ੍ਰਭੂ ਦੀ ਕਾਰਜਯੋਜਨਾ ਵਿਚ ਗੁਰੂ ਨਾਨਕ ਨੇ ਪਰਮੇਸਰੁ-ਮੁਖੀ ਹੋ ਕੇ ਮਾਨਵਵਾਦੀ ਉਦਾਰ,ਉਧਾਰ ਤੇ ਉੱਥਾਨ ਦਾ ਮਾਰਗ ਦਰਸ਼ਨ ਦਿੱਤਾ, ਗੁਰੂ ਨਾਨਕ ਹੀ ਅਗਲੇਰੀਆਂ ਪਲਟਵੀਂ ਕਾਇਆ-ਸਰੂਪਾਂ ਰਾਹੀ 'ਹਰਿ' ਜੀ ਦੇ ਕਾਰਜਾਂ ਦਾ ਸਮਰੱਥ ਮਾਧਿਅਮ ਹੋ ਨਿਬੜਿਆ ਅਤੇ ਉਸ ਨੇ ਸੰਸਾਰ ਵਿਚ ਕਰਤਾ-ਪੁਰਖ ਦੇ ਕਰਤੱਵਾਂ ਨੂੰ ਸਰੰਜਾਮ ਦਿੱਤਾ, 'ਹਰਿ' ਦੇ ਹੁਕਮਾਂ ਨੂੰ ਲੋਕਾਂ ਤਕ ਸੁਣਾਇਆ,ਪਵਿੱਤਰ ਨਿਯਮਾ ਦੀ ਸੋਝੀ ਦਿੱਤੀ ਅਤੇ ਗੁਰ-ਗੱਦੀ ਦੀਆਂ ਜ਼ਿੰਮੇਵਾਰੀਆਂ ਨੂੰ ਚਿਰ-ਸਥਾਈ ਬਣਾਨ ਲਈ ਸੱਚੇ ਧਰਮ ਨੂੰ ਸੰਸਥਾਗਤ ਰੂਪ ਪ੍ਰਦਾਨ ਕੀਤਾ....

**ਜੋਤਿ ਰੂਪਿ ਹਰਿ ਆਪਿ**
**ਗੁਰੂ ਨਾਨਕੁ ਕਹਾਯਉ॥**
**ਤਾ ਤੇ ਅੰਗਦੁ ਭਯਉ ਤਤ**
**ਸਿਉ ਤਤੁ ਮਿਲਾਯਉ ॥**
**(1408)**

**ਚਸ਼ਮਦੀਦ ਗਵਾਹੀ:** ਭਾਰਤੀ ਸਮਾਜ ਵਿਚਲੇ,

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥**
**ਜਪੁ ਤਪੁ ਸੰਜਮੁ ਕਮਾਵੈ ਕਰਮੁ ॥**
**ਸੀਲ ਸੰਤੋਖ ਕਾ ਰਖੈ ਧਰਮੁ ॥**
**ਬੰਧਨ ਤੋੜੈ ਹੋਵੈ ਮੁਕਤੁ ॥**
**ਸੋਈ ਬ੍ਰਹਮਣੁ ਪੂਜਣ ਜੁਗਤੁ ॥**
**(1411)**

ਵਰਗ ਵਿਚੋਂ ਕੌਸ਼ਸ਼ ਰਿਸ਼ੀ ਦੀ ਸੰਤਾਨ ਤੇ ਸਰਸੁਤੀ ਨਦੀ ਦੇ ਕੰਢਿਆਂ ਦੇ ਜੰਮਪਲ,ਸੱਚ ਦੀ


## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 79733-70542**
**Email:** gurmatvirsa@gmail.com

ਖੋਜ ਵਿਚ ਨਿਕਲੇ ਭੱਟ ਬ੍ਰਾਹਮਣ,ਵਰ੍ਹਿਆਂ ਦੀ ਭਟਕਣਾ ਮਗਰੋਂ ਜਦੋਂ ਬਿਆਸਾ ਦਰਿਆ ਦੇ ਕੰਢੇ ਗੋਇੰਦਵਾਲ ਵਿਖੇ ਪੰਜਵੇਂ ਨਾਨਕ ਜੀ ਦੇ ਦਰਬਾਰ ਪਹੁੰਚੇ ਤਾਂ...

**ਪੂਰਨ ਭੋ ਮਨ ਠਉਰ ਬਸੋ**
**ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ ॥**
**ਗੋਬਿੰਦ ਵਾਲੁ ਗੋਬਿੰਦ ਪੁਰੀ**
**ਸਮ ਜਲੁਨ ਤੀਰਿ ਬਿਪਾਸ ਬਨਾਯਉ ॥**
**ਗਯਉ ਦੁਖੁ ਦੂਰਿ ਬਰਖਨ ਕੋ**
**ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥**
**(1400)**

ਵਿਦਵਾਨ ਬ੍ਰਾਹਮਣ ਭੱਟਾਂ ਨੇ ਪਰਮ-ਤਤੁ ਦੀ ਏਕਤਾ, ਪੂਰੀ ਜੈਵਿਕਤਾ ਦੀ ਇਕੋ ਸੰਗਲੀ ਅਤੇ ਵਿਸ਼ੇਸ ਰੂਪ ਵਿੱਚ ਪ੍ਰਾਣੀ ਮਾਤ੍ਰ ਦੀ ਸਨਮਾਨਤਾ ਤੇ ਬਰਾਬਰਤਾ ਦੇ ਨਾਲ ਨਾਲ ਸਰਬੱਤ ਦੇ ਭਲੇ ਲਈ ਪੂਜਾ-ਅਰਚਨਾ-ਅਰਦਾਸਾਂ ਸਬੰਧੀ ਉਲੇਖ-ਆਦੇਸ਼ ਤਾਂ ਵੇਦਾਂ, ਅਰਨਯਾਕਾਂ, ਉਪਨਿਸ਼ਦਾਂ, ਵੇਦਾਂਤਾਂ ਆਦਿ ਵਿਚੋਂ ਪੜ੍ਹੇ-ਸੁਣੇ ਹੋਏ ਸਨ ਪਰ **'ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥'** (1396) ਅਨੁਸਾਰ ਅਜਿਹੇ ਈਸ਼ਵਰੀ-ਗੁਣਵੱਤੀ ਭਰਪੂਰ ਸਮਾਜਿਕ ਵਰਤਾਰੇ ਦੀ ਹੋਂਦ ਕਿਧਰੇ ਨਜ਼ਰ ਨਹੀ ਸੀ ਆਈ।

ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿਖੇ ਉਨ੍ਹਾਂ ਉਕਤ ਸਿਧਾਂਤਾਂ ਦੇ ਉਪਦੇਸ਼ ਅਤੇ ਅਮਲ ਦਾ ਵਾਸਤਵਿਕ ਵਰਤਾਰਾ ਅੱਖੀਂ ਡਿੱਠਾ,ਜਿਵੇਂ ਹਰਿ ਪ੍ਰਭੂ ਆਪ ਆਪਣੀ ਸਿਰਜਣਾ ਨੂੰ ਸੰਵਾਰ-ਸੰਭਾਲ ਰਿਹਾ ਹੋਵੇ, 'ਹਰਿ' ਜੀ ਆਪਣੇ ਹੁਕਮ-ਰਜਾਈ ਕਾਰਜ ਕੌਸ਼ਲ ਨੂੰ ਸਮੁੱਚੀ ਸ੍ਰਿਸ਼ਟੀ ਤੱਕ ਪਹੁੰਚਾਣਾ ਲੋਚਦੇ ਹੋਣ।ਗੁਰੂ ਦਰਬਾਰ ਵਿਖੇ **ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥**(74) ਦੀ ਵਿਕਾਸ ਪ੍ਰਕਿਰਿਆ, **'ਸਦਾ ਵਿਗਾਸ'** ਨੂੰ ਆਗਾਹਾਂ ਕੂ ਤਾਂਘਦੀ ਅਦ੍ਰਿਸ਼ਟ 'ਹਰਿ' ਪ੍ਰਭੂ ਦੀ ਸਫੁਰਤਾ,ਸੰਗਤ ਪੰਗਤ ਸਾਂਝੀਵਾਲਤਾ, ਸਹਿਣਸ਼ੀਲਤਾ, ਸਹਿਰਦਤਾ, ਸਰਬੱਤ ਦੇ ਭਲੇ ਨੂੰ ਲਾਗੂ ਕਰਦੇ ਗੁਰਬਾਣੀ-ਉਪਦੇਸ਼ ਦੇ ਰੂਪ ਵਿਚ ਦ੍ਰਿਸ਼ਟਮਾਨ ਹੋਰ ਹੀ ਹੈ। ਨਵ ਉਸਾਰੀਆਂ ਦੇ ਕਾਰਜ, ਕਿੱਤਾ-ਕੁਸ਼ਲਤਾ ਤੇ ਛੋਟੇ ਉਦਯੋਗਾਂ ਨੂੰ ਪ੍ਰੋਤਸਾਹਨ, ਵਪਾਰਕ ਸਹੂਲਤਾਂ ਲਈ ਵੱਖ-ਵੱਖ ਬਾਜ਼ਾਰ ਦੇ ਕੱਟੜੇ,ਸਿਹਤ ਸੇਵਾਵਾਂ ਤੇ ਨਿਰੋਗ ਜਵਾਨੀ ਲਈ ਮੱਲ-ਅਖਾੜੇ, ਵਿਦੇਸ਼ੀ ਲੁਟੇਰਿਆਂ, ਧਾੜਵੀਆਂ ਦੇ ਮੁਕਾਬਲੇ ਵੇਲੇ ਸਵੈਮਾਣ-ਸੁਰੱਖਿਆ ਤੇ ਸਮਾਜਿਕ-ਰਤਜਨੀਤਕ ਸਮਰੱਥਾ ਲਈ ਸ਼ਸਤਰਾ ਤੇ ਘੋੜਿਆਂ ਦੀ ਖਰੀਦਦਾਰੀ ਲਈ ਸਿੱਖਾਂ ਨੇ ਦੇਸ਼ਾ-ਵਿਦੇਸ਼ਾਂ ਨੂੰ ਜਾਣਾ, ਸਰਬ ਪੱਖੀ ਸਰੀਰਕ, ਸਮਾਜਿਕ, ਵਿੱਤੀ, ਮਾਨਸਿਕ ਤੇ ਬੌਧਿਕ ਵਿਕਾਸ ਦੀਆਂ ਗਤੀਵਿਧੀਆਂ 'ਹਰਿ' ਪ੍ਰਭੂ ਦੀ ਹੀ ਕਾਰਜਯੋਜਨਾ ਦਾ ਪ੍ਰਦਰਸ਼ਨ ਪ੍ਰਗਟ ਹੋ ਰਿਹਾ ਹੈ।... ਜਿਵੇਂ **ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥**(97) ਨੇ, ਬਿਨਾਂ ਕਿਸੇ ਜਾਤ ਪਾਤ ਵਰਣ ਆਸ਼ਰਮ,ਕੁਲ ਵੰਸ਼ ਵਰਗ ਰੰਗ ਨਸਲੀ ਭੇਦ ਭਾਵ ਦੇ,ਆਪਣੇ ਸਾਰੇ ਬੱਚਿਆਂ ਦੀ ਸੁਅਰਥ-ਵਿਵਸਥਾ ਦੀ ਸੁਨਿਸ਼ਚਿਤਤਾ ਲਈ ਮਨੁੱਖੀ-ਕਿਰਦਾਰ ਦੇ ਨਵ-ਨਿਰਮਾਣ ਵਾਸਤੇ ਕਰਤਾਰੀ-ਕਿਰਪਾਲੂ ਕਰਤੱਵਾਂ-ਕਰਣੀਆਂ ਦੀ ਕਾਰਜਸ਼ਾਲਾ ਲਗਾ ਰੱਖੀ ਹੋਵੇ !

**ਮਉਲੀ ਧਰਤੀ ਮਉਲਿਆ ਅਕਾਸੁ ॥**
**ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥**(1193)ਦੇ ਕ੍ਰਿਸ਼ਮਈ ਪਰਮੇਸ਼ਵਰੀ ਕਰਤੱਵਾਂ ਦੀ ਸੁਫਲਤਾ,ਪ੍ਰਫੁਲਤਾ ਤੇ ਸਫ਼ਲਤਾ ਦੇ ਸਨਮੁੱਖ,ਸਚੁ ਦੇ ਸਚਿਆਰ-ਢੂੰਡਾਊਆਂ ਨੇ,ਗੁਰੂ ਅਰਜਨ ਸਾਹਿਬ ਜੀ ਦੇ ਵਿਅਕਤੀਤਵ,ਕਾਰਜਾਂ,ਕਰਤਵਾਂ,ਕ੍ਰਿਤਾ ਤੇ ਕ੍ਰਿਸ਼ਮਿਆਂ ਵਿਚ 'ਹਰਿ' ਦੇ ਸਾਖਿਆਤ ਦਰਸ਼ਨਾਂ ਨੂੰ ਅਨੁਭਵ ਕੀਤਾ। ਭੱਟ ਮਥੁਰਾ ਜੀ ਨੇ **ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥**(1408)ਦੇ ਦੀਦਾਰ ਕਰਦਿਆਂ,ਦਵੈਤ ਦੇ ਸਾਰਿਆਂ ਭੇਦਾ ਨੂੰ ਨਾਸ਼ ਹੁੰਦਾ ਡਿੱਠਾ,ਅਦ੍ਵੈਤ ਪੂਰਨ ਬ੍ਰਹਮ 'ਹਰੀ' ਨੂੰ ਗੁਰੂ ਅਰਜਨ ਦੇ ਹਿਰਦੇ ਥਾਣੀ ਪ੍ਰਕਾਸ਼ਮਾਨ ਹੁੰਦਾ ਵੇਖਿਆ-

**ਇਹ ਪਧਤਿ ਤੇ ਮਤ ਚੂਕਹਿ**
**ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥**
**ਪਰਤਛਿ ਰਿਦੈ ਗੁਰ ਅਰਜੁਨ ਕੈ**
**ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥**
**(1409)**

ਅਤੇ

ਇਸ ਪਵਿੱਤਰ ਪ੍ਰਮਾਤਮ ਨਿਯਮ ਨੂੰ ਚੰਗੀ ਤਰ੍ਹਾਂ ਸਮਝ-ਬੂਝ ਲਿਆ ਕਿ ਜਿਸ ਨੇ ਵੀ ਮਨ, ਬਚਨਾਂ ਅਤੇ ਕਰਮਾਂ ਕਰਕੇ ਹਰੀ-ਪ੍ਰਭੂ ਨੂੰ ਪਛਾਣ ਲਿਆ ਹੈ, 'ਹਰਿ' ਦੇ ਕਾਰਕ ਕਰਤੱਵਾਂ ਵਿੱਚ ਜੁਟ ਗਿਆ ਹੈ, ਉਹ ਹਰੀ ਵਰਗਾ ਹੀ ਹੋ ਗਿਆ ਹੈ, ਹਰੀ ਦਾ ਰੂਪ ਹੀ ਹੋ ਗਿਆ ਹੈ, ਮਾਨੋ ਹਰੀ ਹੀ ਹੋ ਗਿਆ ਹੈ। ਅਜਿਹੇ ਪ੍ਰੀਤ-ਸੰਜੋਗੀ ਖੁਸ਼ੀਆਂ-ਖੇੜਿਆਂ ਵਾਲੇ ਵਾਤਾਵਰਣ ਵਿਚਕਾਰ, ਰੁਣਝੁਣੋ ਸ਼ਬਦ ਅਨਾਹਦ ਦੇ ਸਰੂਰ ਵਿਚ ਅਲਮਸਤ, ਅਗੰਮੀ ਨੂਰੀ ਕਿਰਨਾਂ ਦੀ ਛਾਂਵੇਂ, ਅਬਾਹ-ਅਛੋਹ ਦੀਆਂ ਛੋਹਾਂ ਨਾਲ ਸਰਸ਼ਾਰ, ਮਖਮੂਰ ਤੇ ਵਿਸਮਾਦੀ ਅਨੰਦ ਦੀ ਅਕਹਿ-ਅਕਥ ਅਭਿਵਿਅਕਤੀ ਨੂੰ ਭੱਟ ਮਥੁਰਾ ਜੀ ਨੇ ਆਪਣੇ ਮੁਖਾਰਬਿੰਦ ਤੋਂ ਇੰਝ ਬਿਆਨਿਆਂ:

**ਨਿਰਮਲ ਭੇਖ ਅਪਾਰ**
**ਤਾਸੁ ਬਿਨੁ ਅਵਰੁ ਨ ਕੋਈ ॥**
**ਮਨ ਬਚ ਜਿਨਿ ਜਾਣਿਅਉ**
**ਭਯਉ ਤਿਹ ਸਮਸਰਿ ਸੋਈ ॥**
**ਧਰਨਿ ਗਗਨ ਨਵ ਖੰਡ ਮਹਿ**
**ਜੋਤਿ ਸ੍ਵਰੂਪੀ ਰਹਿਓ ਭਰਿ ॥**
**ਭਨਿ ਮਥੁਰਾ ਕਛੁ ਭੇਦੁ ਨਹੀ**
**ਗੁਰੁ ਅਰਜੁਨੁ ਪਰਤਖ੍ਹ ਹਰਿ ॥ (1409)**

ਧਰਤੀ, ਆਕਾਸ਼ ਤੇ ਨੌਂ ਖੰਡਾਂ ਵਿੱਚ ਵਿਸਤ੍ਰਿਤ ਵਿਆਪਕ ਅਦ੍ਰਿਸ਼ਟ ਅਦਿੱਖ ਅਗੰਮ ਅਗੋਚਰੀ ਸੂਖਮ ਅਮਿਤੋਜ ਪਰਮ ਸੱਤਾ ਦਾ ਹੀ ਸਥੂਲ ਦਰਸ਼ਨ,ਗੁਰੂ ਅਰਜਨ ਜੀ ਰਾਹੀਂ ਪ੍ਰਗਟ ਹੋ ਰਿਹਾ ਹੈ...ਗੁਰੁ ਅਰਜਨੁ ਪਰਤਖੁ ਹਰਿ ...ਪਰੋਕਸ਼ 'ਹਰਿ' ਦਾ ਪਰਤੱਖ ਰੂਪ ਗੁਰੂ ਅਰਜੁਨ ਹੈ ਅਤੇ ਗੁਰੂ ਅਰਜੁਨ ਦਾ ਸੂਖਸ਼ਮ ਜਾਂ ਪਰੋਕਸ਼ ਸਰੂਪ 'ਹਰਿ' ਹੈ! ਅਜਿਹੇ ਦਾਰਸ਼ਨਿਕ ਵਿਚਾਰਾਂ ਦਾ ਉਲੇਖ ਗੁਰਬਾਣੀ ਵਿਚ ਅਨੇਕਾ ਸੰਦਰਭਾਂ ਵਿਚ ਉਪਲਬਧ ਹੈ।

**ਯਥਾ:**
**ਤਤੁ ਨਿਰੰਜਨੁ ਜੋਤਿ ਸਬਾਈ**
**ਸੋਹੰ ਭੇਦੁ ਨ ਕੋਈ ਜੀਉ ॥ (599)**
**ਤਥਾ:**
**ਸਤਿਗੁਰੁ ਦੇਉ ਪਰਤਖਿ ਹਰਿ**
**ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥**

-0-


# ਜੇਕਰ ਮੈਗਜ਼ੀਨ ਨਾ ਮਿਲੇ ਤਾਂ ...




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਐਪ ਮੈਸਜ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਅਤੇ ਪਾਦਰੀ ਜੇਰੋਮ ਜ਼ੈਵੀਅਰ

**-ਬਲਰਾਜ ਸਿੰਘ ਪੰਡੋਰੀ ਸਿੱਧਵਾਂ ਐਸ.ਪੀ. 95011-00062**

**ਗੁਰੂ** ਅਰਜਨ ਸਾਹਿਬ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਉਨ੍ਹਾਂ ਦਾ ਜਨਮ 15 ਅਪਰੈਲ ਸੰਨ 1563 ਈਸਵੀ ਨੂੰ ਗੁਰੂ ਰਾਮ ਦਾਸ ਜੀ ਅਤੇ ਬੀਬੀ ਭਾਨੀ ਦੇ ਗ੍ਰਹਿ ਵਿਖੇ ਹੋਇਆ ਅਤੇ 30 ਮਈ 1606 ਵਾਲੇ ਦਿਨ 43 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਜਹਾਂਗੀਰ ਦੇ ਹੁਕਮ ਅਨੁਸਾਰ ਲਾਹੌਰ ਵਿਖੇ ਸ਼ਹੀਦ ਕਰ ਦਿੱਤਾ ਗਿਆ। ਉਹ ਸੰਨ 1581 ਵਿੱਚ 18 ਸਾਲ ਦੀ ਉਮਰ ਵਿੱਚ ਗੁਰ ਗੱਦੀ 'ਤੇ ਬੈਠੇ। ਆਪਣੇ ਗੁਰ ਗੱਦੀ ਕਾਲ ਦੌਰਾਨ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਫੈਲਾਅ ਵਾਸਤੇ ਅਨੇਕਾਂ ਮਹਾਨ ਕਾਰਜ ਸਰਅੰਜ਼ਾਮ ਦਿੱਤੇ ਜਿਨ੍ਹਾਂ ਵਿੱਚ ਧਰਮ ਪ੍ਰਚਾਰ ਤੋਂ ਇਲਾਵਾ ਹਰਿਮੰਦਰ ਸਾਹਿਬ ਦੀ ਉਸਾਰੀ, ਤਰਨ ਤਾਰਨ ਦੀ ਨੀਂਹ ਰੱਖਣੀ, ਕਰਤਾਰ ਪੁਰ ਦੀ ਨੀਂਹ ਰੱਖਣੀ, ਸੁਖਮਨੀ ਸਾਹਿਬ ਦੀ ਰਚਨਾ ਅਤੇ ਆਦਿ ਗ੍ਰੰਥ ਦੀ ਰਚਨਾ ਅਤੇ ਉਸ ਨੂੰ ਦਰਬਾਰ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਸ਼ਾਮਲ ਹੈ।

ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਇਤਿਹਾਸ ਅਤੇ ਸਾਖੀਆਂ ਅਨੁਸਾਰ ਕਈ ਕਾਰਨ ਦੱਸੇ ਜਾਂਦੇ ਹਨ। ਸਿੱਖ ਰਵਾਇਤਾਂ ਅਨੁਸਾਰ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਚੰਦੂ ਸ਼ਾਹ ਦੇ ਹੰਕਾਰ ਨਾਲ ਭਰੇ ਕੌੜੇ ਬੋਲਾਂ ਕਾਰਨ ਗੁਰੂ ਹਰਗੋਬਿੰਦ ਸਾਹਿਬ ਵਾਸਤੇ ਆਇਆ ਉਸ ਦੀ ਲੜਕੀ ਦਾ ਰਿਸ਼ਤਾ ਗੁਰੂ ਸਾਹਿਬ ਵੱਲੋਂ ਅਪ੍ਰਵਾਨ ਕਰਨਾ ਸੀ। ਚੰਦੂ ਸ਼ਾਹ ਬਾਰੇ ਸਿੱਖ ਵਿਦਵਾਨ ਖੁਸ਼ਵੰਤ ਸਿੰਘ ਨੇ ਮੁਗਲ ਦਰਬਾਰ ਅਤੇ ਲਾਹੌਰ ਦਰਬਾਰ ਦੇ ਰਿਕਾਰਡ ਵਿੱਚੋਂ ਕਾਫੀ ਪੁਣਛਾਣ ਕੀਤੀ ਪਰ 1606 ਵਿੱਚ ਲਾਹੌਰ ਜਾਂ ਦਿੱਲੀ ਵਿੱਚ ਇਸ ਨਾਮ ਦੇ ਕਿਸੇ ਦੀਵਾਨ ਜਾਂ ਵੱਡੇ ਅਫਸਰ ਦਾ ਕੋਈ ਵੇਰਵਾ ਨਹੀਂ ਮਿਲਦਾ। ਹੋ ਸਕਦਾ ਹੈ ਕਿ ਉਹ ਕੋਈ ਅਮੀਰ ਵਪਾਰੀ ਜਾਂ ਛੋਟਾ ਮੋਟਾ ਮਾਲ ਮਹਿਕਮੇ ਦਾ ਅਫਸਰ ਹੋਵੇ। ਇਹ ਸੰਭਵ ਨਹੀਂ ਕਿ ਅਜਿਹੇ ਛੋਟੇ ਅਫਸਰ ਦੀ ਜਹਾਂਗੀਰ ਜਾਂ ਸੂਬੇਦਾਰ ਲਾਹੌਰ ਤੱਕ ਪਹੁੰਚ ਹੋਵੇ ਤੇ ਉਸ ਦੀ ਨਿੱਜੀ ਰੰਜਿਸ਼ ਕਾਰਨ ਉਹ ਗੁਰੂ ਸਾਹਿਬ ਵਰਗੀ ਮੌਕੇ ਦੀ ਪ੍ਰਸਿੱਧ ਧਾਰਮਿਕ ਸ਼ਖਸੀਅਤ ਨੂੰ ਸ਼ਹੀਦ ਕਰ ਦੇਣ।

ਇਹ ਹੋ ਸਕਦਾ ਹੈ ਕਿ ਜਿਵੇਂ ਉਸ ਨੇ ਰਿਸ਼ਤੇ ਵੇਲੇ ਹੰਕਾਰ ਵਿੱਚ ਆ ਕੇ ਮਾੜੇ ਸ਼ਬਦ ਬੋਲੇ ਸਨ, ਉਹੋ ਜਿਹੇ ਹੀ ਗੁਰੂ ਸਾਹਿਬ ਦੀ ਸ਼ਹੀਦੀ ਵੇਲੇ ਬੋਲ ਦਿੱਤੇ ਹੋਣ ਕਿ ਇਹ ਕਰਤੂਤ ਮੈਂ ਜਹਾਂਗੀਰ ਨੂੰ ਕਹਿ ਕੇ ਕਰਵਾਈ ਹੈ। ਅੱਜ ਵੀ ਅਜਿਹੇ ਸ਼ੇਖੀਖੋਰ ਇਨਸਾਨ ਮਿਲ ਜਾਂਦੇ ਹਨ। ਇਸ ਤੋਂ ਇਲਾਵਾ ਇਹ ਵੀ ਵਰਨਣਯੋਗ ਹੈ ਕਿ ਭਾਈ ਗੁਰਦਾਸ ਜੀ ਪੰਜਵੇਂ ਪਾਤਸ਼ਾਹ ਦੇ ਸਮਕਾਲੀ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਲਿਖੇ ਆਪਣੇ ਸ਼ਬਦ, **ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ। ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ। (ਵਾਰ-24, ਪਉੜੀ-23)** ਵਿੱਚ ਚੰਦੂ ਬਾਰੇ ਕੋਈ ਵੇਰਵਾ ਨਹੀਂ ਦਿੱਤਾ। ਇਸ ਤੋਂ ਸਾਫ ਜ਼ਾਹਰ ਹੈ ਕਿ ਚੰਦੂ ਦੀਆਂ ਸਾਜ਼ਿਸ਼ਾਂ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੁੱਖ ਕਾਰਨ ਨਹੀਂ ਸਨ।

**ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਕਿਸੇ ਸਮਕਾਲੀ ਹਿੰਦੂ ਜਾਂ ਮੁਸਲਿਮ ਇਤਿਹਾਸਕਾਰ ਨੇ ਲਿਖਤੀ ਵਰਨਣ ਨਹੀਂ ਕੀਤਾ। ਮੁਹੰਮਦ ਲਤੀਫ, ਕਨਿੰਘਮ, ਮੈਕਾਲਿਫ ਜਾਂ ਸਿੱਖ ਇਤਿਹਾਸਕਾਰਾਂ ਵੱਲੋਂ ਇਸ ਸਬੰਧੀ ਜੋ ਲਿਖਿਆ ਗਿਆ ਹੈ, ਉਹ ਦੋ ਢਾਈ ਸੌ ਸਾਲ ਬਾਅਦ ਸੁਣੀਆਂ ਸੁਣਾਈਆਂ ਗੱਲਾਂ 'ਤੇ ਅਧਾਰਿਤ ਹੈ। ਇਸ ਦਾ ਅੱਖੀਂ ਡਿੱਠਾ ਹਾਲ ਸਿਰਫ ਇੱਕ ਵਿਅਕਤੀ, ਲਿਸਬਨ ਸ਼ਹਿਰ (ਪੁਰਤਗਾਲ) ਦੇ ਰਹਿਣ ਵਾਲੇ ਈਸਾਈ ਪਾਦਰੀ ਜੇਰੋਮ ਜ਼ੈਵੀਅਰ (1549-1617 ਈਸਵੀ) ਨੇ ਲਿਖਿਆ ਹੈ। ਉਸ ਵਕਤ ਉਹ ਪੁਰਤਗਾਲ ਅਤੇ ਗੋਆ ਦੀ ਮੁੱਖ ਚਰਚ ਵੱਲੋਂ ਧਰਮ ਪ੍ਰਚਾਰ ਦੇ ਮਿਸ਼ਨ ਅਧੀਨ ਲਾਹੌਰ ਵਿੱਚ ਹਾਜ਼ਰ ਸੀ। ਉਸ ਨੇ ਗੁਰੂ ਸਾਹਿਬ ਨੂੰ ਦਿੱਤੇ ਜਾਣ ਵਾਲੇ ਤਸੀਹੇ ਆਪਣੀ ਅੱਖੀਂ ਵੇਖੇ ਸਨ। ਉਹ ਲਿਖਦਾ ਹੈ ਕਿ ਲਾਹੌਰ ਦੇ ਸਿੱਖਾਂ ਨੇ ਤਵਾਨ ਭਰ ਕੇ ਗੁਰੂ ਸਾਹਿਬ ਨੂੰ ਬਚਾਉਣ ਦਾ ਯਤਨ ਕੀਤਾ ਪਰ ਸਫਲ ਨਾ ਹੋ ਸਕੇ। ਉਸ ਨੇ ਲਿਬਸਨ ਚਰਚ ਨੂੰ ਲਿਖੀ ਆਪਣੀ ਚਿੱਠੀ ਵਿੱਚ ਗੁਰੂ ਸਾਹਿਬ ਨੂੰ ਦਿੱਤੇ ਗਏ ਤਸੀਹਿਆਂ ਅਤੇ ਜਿਸ ਸਬਰ ਅਤੇ ਸਹਿਣਸ਼ੀਲਤਾ ਨਾਲ ਗੁਰੂ ਸਾਹਿਬ ਨੇ ਇਸ ਜ਼ੁਲਮ ਦਾ ਸਾਹਮਣਾ ਕੀਤਾ, ਸੰਬੰਧੀ ਬਹੁਤ ਹੀ ਪ੍ਰਸੰਸਾਮਈ ਤਰੀਕੇ ਨਾਲ ਵੇਰਵਾ ਦਿੱਤਾ ਹੈ। ਇਹ ਗੁਰੂ ਸਾਹਿਬ ਦੀ ਸ਼ਹੀਦੀ ਦਾ ਇੱਕੋ ਇੱਕ ਅਤੇ ਸਟੀਕ ਅੱਖੀਂ ਡਿੱਠਾ ਵਰਨਣ ਹੈ।**

ਗੁਰੂ ਸਾਹਿਬ ਦੀ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਜਹਾਂਗੀਰ ਦਾ ਮੁਤੱਸਬੀ ਤਬੀਅਤ ਦਾ ਹੋਣਾ ਸੀ। ਆਪਣੇ ਪਿਤਾ ਅਕਬਰ ਮਹਾਨ ਦੇ ਉਲਟ ਉਹ ਧਾਰਮਿਕ ਪੱਖੋਂ ਅਸਹਿਣਸ਼ੀਲ ਅਤੇ ਕੱਟੜਵਾਦੀ ਸੀ। ਉਸ 'ਤੇ ਸ਼ੇਖ ਅਹਿਮਦ ਸਰਹੰਦੀ (ਜਿਸ ਦਾ ਮਜ਼ਾਰ ਰੋਜ਼ਾ ਸ਼ਰੀਫ, ਗੁਰਦਵਾਰਾ ਫਤਿਹਗੜ੍ਹ ਸਾਹਿਬ ਦੇ ਬਿਲਕੁਲ ਨਾਲ ਲੱਗਦਾ ਹੈ), ਵਰਗੇ ਕੱਟੜਪੰਥੀ ਮੁਲਾਣਿਆਂ ਦਾ ਬਹੁਤ ਪ੍ਰਭਾਵ ਸੀ। ਸ਼ੇਖ ਸਰਹੰਦੀ ਭਾਰਤ ਵਿੱਚ ਅਕਬਰ ਦੇ ਚਲਾਏ ਦੀਨੇ ਇਲਾਹੀ ਧਰਮ ਦਾ ਸਭ ਤੋਂ ਵੱਡਾ ਅਲੋਚਕ ਸੀ। ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਉਸ ਨੇ ਜਹਾਂਗੀਰ ਨੂੰ ਇੱਕ ਪ੍ਰਸੰਸਾਮਈ ਚਿੱਠੀ ਲਿਖੀ ਕਿ ਅੱਜ ਤੁਸੀਂ ਆਪਣੇ ਬਾਪ ਦੀਆਂ ਕੀਤੀਆਂ ਦੀਨ ਵਿਰੋਧੀ ਗਲਤੀਆਂ ਨੂੰ ਸੁਧਾਰ ਲਿਆ ਹੈ। ਆਪਣੀ ਸਵੈ ਜੀਵਨੀ ਵਿੱਚ ਜਹਾਂਗੀਰ ਲਿਖਦਾ ਹੈ, "ਬਿਆਸ ਦਰਿਆ ਦੇ ਕੰਢੇ ਇੱਕ ਅਰਜਨ ਨਾਮ ਦਾ ਸਾਧ ਆਪਣੇ ਝੂਠ ਦੀ ਦੁਕਾਨ ਚਲਾ ਰਿਹਾ ਹੈ। ਕਈ ਅੰਧ ਵਿਸ਼ਵਾਸੀ ਹਿੰਦੂ ਤੇ ਮੂਰਖ ਮੁਸਲਮਾਨ ਉਸ ਦੇ ਮੁਰੀਦ ਬਣ ਗਏ ਹਨ। ਮੈਂ ਬਹੁਤ ਦਿਨਾਂ ਤੋਂ ਸੋਚ ਰਿਹਾ ਸੀ ਕਿ ਜਾਂ ਤਾਂ ਇਸ ਨੂੰ ਸੱਚੇ ਧਰਮ ਵਿੱਚ ਲੈ ਆਵਾਂ ਤੇ ਜਾਂ ਯਾਸਾ ਅਧੀਨ ਸਜ਼ਾ ਦੇਵਾਂ।" ਯਾਸਾ ਧਾਰਮਿਕ ਪੁਰਸ਼ਾਂ ਨੂੰ ਸ਼ਹੀਦ ਕਾਰਨ ਦਾ ਇੱਕ ਮੰਗੋਲ ਤਰੀਕਾ ਹੈ ਜਿਸ ਅਧੀਨ ਮਹਾਂਪੁਰਸ਼ ਦਾ ਖੂਨ ਪਾਪ ਲੱਗਣ ਦੇ ਡਰੋਂ ਧਰਤੀ ਉੱਪਰ ਨਹੀਂ ਡੁੱਲਣ ਦਿੱਤਾ ਜਾਂਦਾ। ਇਹ ਅਧੀਨ ਮਕਤੂਲ ਦਾ ਕੋਈ ਅੰਗ ਨਹੀਂ ਵੱਢਿਆ ਜਾ ਸਕਦਾ ਬਲਕਿ ਪਾਣੀ ਵਿੱਚ ਉਬਾਲ ਕੇ, ਅੱਗ ਵਿੱਚ ਸਾੜ ਕੇ ਜਾਂ ਜਾਨਵਰ ਦੀ ਖੱਲ ਵਿੱਚ ਸਿਉਂ ਕੇ ਮਾਰਿਆ ਜਾਂਦਾ ਹੈ। ਇਸੇ ਕਾਰਨ ਗੁਰੂ ਸਾਹਿਬ ਨੂੰ ਦੇਗ ਵਿੱਚ ਉਬਾਲਿਆ ਗਿਆ ਤੇ ਤੱਤੀ ਤਵੀ 'ਤੇ ਬਿਠਾ ਕੇ ਸੀਸ ਵਿੱਚ ਗਰਮ ਰੇਤ ਪਾਈ ਗਈ। ਇਸ ਤੋਂ ਸਾਫ ਜ਼ਾਹਰ ਹੈ ਕਿ ਜਹਾਂਗੀਰ ਗੁਰੂ ਸਾਹਿਬ ਨੂੰ ਮੁਸਲਮਾਨ ਬਣਾਉਣ ਜਾਂ ਸ਼ਹੀਦ ਕਰਨ ਦਾ ਪਹਿਲਾਂ ਹੀ ਮਨਸੂਬਾ ਬਣਾਈ ਬੈਠਾ ਸੀ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਜਹਾਂਗੀਰ ਦੇ ਵੱਡੇ ਲੜਕੇ ਖੁਸਰੋ ਮਿਰਜ਼ਾ ਦੀ ਬਗਾਵਤ ਬਣਿਆ। ਜਹਾਂਗੀਰ ਦੀਆਂ ਭੈੜੀਆਂ ਆਦਤਾਂ ਅਤੇ ਅਨੇਕਾਂ ਬਗਾਵਤਾਂ ਕਾਰਨ ਅਕਬਰ ਉਸ ਤੋਂ ਬਹੁਤ ਨਰਾਜ਼ ਸੀ। ਉਸ ਨੇ ਇੱਕ ਵਾਰ ਤਾਂ

ਜਹਾਂਗੀਰ ਦੀ ਜਗ੍ਹਾ ਖੁਸਰੋ ਨੂੰ ਬਾਦਸ਼ਾਹ ਬਣਾਉਣ ਦਾ ਫੈਸਲਾ ਕਰ ਲਿਆ ਸੀ। ਪਰ ਬਦਕਿਸਮਤੀ ਨੂੰ ਸੰਨ 1605 ਵਿੱਚ ਅਕਬਰ ਦੀ ਹੋਈ ਅਚਾਨਕ ਮੌਤ ਕਾਰਨ ਜਹਾਂਗੀਰ ਬਾਦਸ਼ਾਹ ਬਣ ਗਿਆ। ਪਰ ਖੁਸਰੋ ਗੱਦੀ 'ਤੇ ਆਪਣਾ ਹੱਕ ਸਮਝਦਾ ਸੀ। ਉਸ ਨੇ 6 ਅਪਰੈਲ 1606 ਨੂੰ ਬਗਾਵਤ ਕਰ ਦਿੱਤੀ ਤੇ 8000 ਸੈਨਿਕਾਂ ਦੇ ਦਸਤੇ ਨਾਲ ਲਾਹੌਰ 'ਤੇ ਕਬਜ਼ਾ ਕਰਨ ਲਈ ਚੱਲ ਗਿਆ। ਰਸਤੇ ਵਿੱਚ ਗੋਇੰਦਵਾਲ ਦੇ ਸਥਾਨ 'ਤੇ ਉਸ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਜਿੱਤ ਦਾ ਅਸ਼ੀਰਵਾਦ ਮੰਗਿਆ। ਗੁਰੂ ਸਾਹਿਬ ਨੇ ਗੁਰੂ ਘਰ ਦੀ ਪਰੰਪਰਾ ਮੁਤਾਬਕ ਉਸ ਦਾ ਸਵਾਗਤ ਕੀਤਾ ਤੇ ਉਹ ਲਾਹੌਰ ਨੂੰ ਕੂਚ ਕਰ ਗਿਆ। ਉਸ ਨੇ ਲਾਹੌਰ ਨੂੰ ਘੇਰਾ ਪਾ ਲਿਆ ਪਰ ਕਬਜ਼ਾ ਨਾ ਕਰ ਸਕਿਆ ਤੇ ਐਨੇ ਨੂੰ ਜਹਾਂਗੀਰ ਦੀ ਕਮਾਂਡ ਹੇਠ ਮੁਗਲ ਫੌਜ ਪਹੁੰਚ ਗਈ। ਭੈਰੋਵਾਲ ਦੀ ਜੰਗ ਵਿੱਚ ਖੁਸਰੋ ਹਾਰ ਗਿਆ ਤੇ ਉਸ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਖੁਸਰੋ ਦੇ ਸਾਥੀਆਂ ਨੂੰ ਚਾਂਦਨੀ ਚੌਕ ਬਜ਼ਾਰ ਵਿੱਚ ਸੂਲੀ 'ਤੇ ਟੰਗ ਦਿੱਤਾ ਗਿਆ ਤੇ ਖੁਸਰੋ ਨੂੰ ਪਲਕਾਂ ਸਿਊਂ ਕੇ ਕੈਦ ਵਿੱਚ ਸੁਟ ਦਿੱਤਾ ਗਿਆ ਜਿੱਥੇ 1622 ਵਿੱਚ ਉਸ ਦੀ ਮੌਤ ਹੋ ਗਈ।


ਜਦੋਂ ਖੁਸਰੋ ਅਤੇ ਗੁਰੂ ਸਾਹਿਬ ਦੀ ਮੁਲਾਕਾਤ ਬਾਰੇ ਖਬਰ ਦਿੱਲੀ ਪਹੁੰਚੀ ਤਾਂ ਪਹਿਲਾਂ ਹੀ ਮੌਕੇ ਦੀ ਭਾਲ ਵਿੱਚ ਬੈਠੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਸਾਹਮਣੇ ਜਾਨ ਬਚਾਉਣ ਲਈ ਮੁਸਲਮਾਨ ਬਣਨ, ਦੋ ਲੱਖ ਜੁਰਮਾਨਾ ਭਰਨ ਅਤੇ ਆਦਿ ਗ੍ਰੰਥ ਵਿੱਚ ਜਹਾਂਗੀਰ ਦੀ ਮਰਜ਼ੀ ਮੁਤਾਬਕ ਸੋਧ ਕਰਨ ਦੀ ਤਜਵੀਜ਼ ਰੱਖੀ ਗਈ। ਗੁਰੂ ਸਾਹਿਬ ਨੇ ਸਾਰੀਆਂ ਸ਼ਰਤਾਂ ਤੋਂ ਇਨਕਾਰ ਕਰ ਦਿੱਤਾ ਅਤੇ ਸ਼ਹੀਦੀ ਗਲੇ ਲਗਾਉਣ ਨੂੰ ਤਰਜੀਹ ਦਿੱਤੀ। ਸਾਈਂ ਮੀਆਂ ਮੀਰ ਨੇ ਗੁਰੂ ਸਾਹਿਬ ਨੂੰ ਬਚਾਉਣ ਦੀ ਬਹੁਤ ਵਾਹ ਲਗਾਈ ਪਰ ਸਫਲ ਨਾ ਹੋ ਸਕਿਆ। ਭਾਰੀ ਤਸੀਹੇ ਦੇ ਕੇ 30 ਮਈ 1606 ਵਾਲੇ ਦਿਨ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਕਿਸੇ ਸਮਕਾਲੀ ਹਿੰਦੂ ਜਾਂ ਮੁਸਲਿਮ ਇਤਿਹਾਸਕਾਰ ਨੇ ਲਿਖਤੀ ਵਰਨਣ ਨਹੀਂ ਕੀਤਾ। ਮੁਹੰਮਦ ਲਤੀਫ, ਕਨਿੰਘਮ, ਮੈਕਾਲਿਫ ਜਾਂ ਸਿੱਖ ਇਤਿਹਾਸਕਾਰਾਂ ਵੱਲੋਂ ਇਸ ਸਬੰਧੀ ਜੋ ਲਿਖਿਆ ਗਿਆ ਹੈ, ਉਹ ਦੋ ਢਾਈ ਸੌ ਸਾਲ ਬਾਅਦ ਸੁਣੀਆਂ ਸੁਣਾਈਆਂ ਗੱਲਾਂ 'ਤੇ ਅਧਾਰਿਤ ਹੈ। ਇਸ ਦਾ ਅੱਖੀਂ ਡਿੱਠਾ ਹਾਲ ਸਿਰਫ ਇੱਕ ਵਿਅਕਤੀ, ਲਿਸਬਨ ਸ਼ਹਿਰ (ਪੁਰਤਗਾਲ) ਦੇ ਰਹਿਣ ਵਾਲੇ ਈਸਾਈ ਪਾਦਰੀ ਜੇਰੋਮ ਜ਼ੇਵੀਅਰ (1549–1617 ਈਸਵੀ) ਨੇ ਲਿਖਿਆ ਹੈ। ਉਸ ਵਕਤ ਉਹ ਪੁਰਤਗਾਲ ਅਤੇ ਗੋਆ ਦੀ ਮੁੱਖ ਚਰਚ ਵੱਲੋਂ ਧਰਮ ਪ੍ਰਚਾਰ ਦੇ ਮਿਸ਼ਨ ਅਧੀਨ ਲਾਹੌਰ ਵਿੱਚ ਹਾਜ਼ਰ ਸੀ। ਉਸ ਨੇ ਗੁਰੂ ਸਾਹਿਬ ਨੂੰ ਦਿੱਤੇ ਜਾਣ ਵਾਲੇ ਤਸੀਹੇ ਆਪਣੀ ਅੱਖੀਂ ਵੇਖੇ ਸਨ। ਉਹ ਲਿਖਦਾ ਹੈ ਕਿ ਲਾਹੌਰ ਦੇ ਸਿੱਖਾਂ ਨੇ ਤਵਾਨ ਭਰ ਕੇ ਗੁਰੂ ਸਾਹਿਬ ਨੂੰ ਬਚਾਉਣ ਦਾ ਯਤਨ ਕੀਤਾ ਪਰ ਸਫਲ ਨਾ ਹੋ ਸਕੇ। ਉਸ ਨੇ ਲਿਬਸਨ ਚਰਚ ਨੂੰ ਲਿਖੀ ਆਪਣੀ ਚਿੱਠੀ ਵਿੱਚ ਗੁਰੂ ਸਾਹਿਬ ਨੂੰ ਦਿੱਤੇ ਗਏ ਤਸੀਹਿਆਂ ਅਤੇ ਜਿਸ ਸਬਰ ਅਤੇ ਸਹਿਣਸ਼ੀਲਤਾ ਨਾਲ ਗੁਰੂ ਸਾਹਿਬ ਨੇ ਇਸ ਜ਼ੁਲਮ ਦਾ ਸਾਹਮਣਾ ਕੀਤਾ, ਸੰਬੰਧੀ ਬਹੁਤ ਹੀ ਪ੍ਰਸੰਸਾਮਈ ਤਰੀਕੇ ਨਾਲ ਵੇਰਵਾ ਦਿੱਤਾ ਹੈ। ਇਹ ਗੁਰੂ ਸਾਹਿਬ ਦੀ ਸ਼ਹੀਦੀ ਦਾ ਇੱਕੋ ਇੱਕ ਅਤੇ ਸਟੀਕ ਅੱਖੀਂ ਡਿੱਠਾ ਵਰਨਣ ਹੈ। ਗੁਰੂ ਸਾਹਿਬ ਦੀ ਸ਼ਹੀਦੀ ਵਾਲੇ ਅਸਥਾਨ 'ਤੇ ਗੁਰਦਵਾਰਾ ਡੇਰਾ ਸਾਹਿਬ ਬਣਿਆ ਹੋਇਆ ਹੈ ਜਿਸ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। –0–

# ਧਰਮ ਦੇ ਨਾਂ 'ਤੇ ਹੋ ਰਹੀ ਲੁੱਟ

ਹਰ ਜੀਵ ਅਚੇਤ ਰੂਪ ਵਿੱਚ ਡਰਦਾ ਹੈ। ਡਰਦਾ ਹੈ ਬਿਮਾਰੀ ਤੋਂ, ਦੁਰਘਟਨਾਵਾਂ ਤੋਂ। ਅੱਗ, ਹਵਾ ਤੇ ਪਾਣੀ ਤੋਂ। ਖੌਫਜ਼ਦਾ ਹੈ ਡਾਇਣਾਂ ਤੋਂ, ਜਿੰਨਾਂ ਤੋਂ, ਭੂਤ-ਪ੍ਰੇਤਾਂ ਤੋਂ। ਭਾਵੇਂ ਇਨ੍ਹਾਂ ਪ੍ਰੇਤਾਂ ਆਦਿ ਦੀ ਕੋਈ ਹੋਂਦ ਨਹੀਂ ਹੈ ਪਰ ਖ਼ੁਦਗਰਜ਼ ਪੁਜਾਰੀਆਂ ਨੇ ਇਨ੍ਹਾਂ ਅਣਹੋਣੀਆਂ ਬਲਾਵਾਂ ਦੀ ਬਾਰ-ਬਾਰ ਪ੍ਰੋੜਤਾ ਕਰ ਕੇ ਇਨ੍ਹਾਂ ਨੂੰ 'ਸੱਚ ਵਰਗੇ' ਬਣਾ ਧਰਿਆ ਹੈ। ਜਦੋਂ ਕੋਈ ਡਰ ਮਨੁੱਖ ਦੇ ਦਿਮਾਗ ਵਿੱਚ ਧੱਸ ਜਾਵੇ ਤਾਂ ਉਸ ਨੂੰ ਕੱਢਣਾ ਬਹੁਤ ਔਖਾ ਹੋ ਜਾਂਦਾ ਹੈ। ਜਦੋਂ ਮਨੁੱਖੀ ਗਿਆਨ ਅਜੇ ਮੁੱਢਲੇ ਪੜਾਵਾਂ ਵਿਚੋਂ ਦੀ ਲੰਘ ਰਿਹਾ ਸੀ ਤਦੋਂ ਹੀ ਮੌਕਾ ਪ੍ਰਸਤ ਚਤੁਰ ਵਿਅਕਤੀਆਂ ਨੇ, ਘੱਟ ਅਕਲ ਵਾਲਿਆਂ ਨੂੰ 'ਕੁਰਾਹੇ ਪਾਉਣਾ ਤੇ ਲੁੱਟ ਕੇ ਖਾਣਾ' ਵਾਲਾ ਮੰਦਾ ਕਰਮ ਚਾਲੂ ਕਰ ਲਿਆ ਸੀ। ਅੱਗ ਡਰਾਉਂਦੀ ਹੈ, ਨੁਕਸਾਨ ਕਰਦੀ ਹੈ, ਇਸ ਦੀ ਪੂਜਾ ਕਰੋ। ਪਾਣੀ ਡੋਬ ਦਿੰਦਾ ਹੈ, ਹੜ੍ਹ ਆਉਂਦੇ ਹਨ, ਪੂਜਾ ਕਰੋ। ਕਈ ਦੇਸ਼ਾਂ

–ਕੈਪਟਨ
ਅਵਤਾਰ ਸਿੰਘ
97819–90206



ਵਿੱਚ ਸ਼ੇਰ ਦੀ ਪੂਜਾ ਹੋ ਰਹੀ ਹੈ। ਕਿਧਰੇ ਮਗਰਮੱਛ ਨੂੰ ਗੁਰੂ ਧਾਰਨ ਕਰੀ ਬੈਠੇ ਹਨ। ਦੋ ਦਾਣੇ, ਦੋ ਪੈਸੇ ਜਾਂ ਕੋਈ ਮੰਤਰ ਇਨ੍ਹਾਂ 'ਦੇਵਤਿਆਂ' ਨੂੰ ਅਰਪਣ ਕਰੋ। ਬਾਕੀ ਮਾਲ ਮੱਤਾ ਪੁਜਾਰੀਆਂ ਦੇ ਹਵਾਲੇ ਕਰੋ। ਜਿੰਨੇ ਕੁ ਲੋਕ ਸਿਆਣੇ ਹੋ ਕੇ ਪੁਜਾਰੀਆਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ। ਪੁਜਾਰੀ ਤਬਕਾ ਉਸ ਤੋਂ ਵਧੀਆ ਦਿਲ ਖਿੱਚਵਾਂ ਕੋਈ ਤਰੀਕਾ ਵਿਕਸਤ ਕਰ ਲੈਂਦੇ ਸਨ। ਧੋਖੇ ਤੋਂ ਬੱਚ ਜਾਣ ਵਾਲੇ ਥੋੜ੍ਹੇ, ਧਾਰਮਿਕ ਠੱਗੀ ਦਾ ਸ਼ਿਕਾਰ ਹੋਣ ਵਾਲੇ ਬਹੁਤੇ। ਸ਼ਾਇਦ ਦੁਨੀਆਂ ਦਾ ਸਭ ਤੋਂ ਵੱਧ ਪੈਸਾ ਧਰਮ ਦੇ ਕਾਰੋਬਾਰ'ਤੇ ਲੱਗਿਆ ਹੋਇਆ ਹੈ।

ਪੁਜਾਰੀ ਵਰਗ ਨੇ ਆਪਣੀ 'ਧਾਰਮਿਕ ਅਕਲ' ਰਾਹੀਂ ਲੋਕਾਂ ਨੂੰ ਅਜਿਹਾ ਦੀਵਾਨਾ ਬਣਾਇਆ ਕਿ ਲੋਕਾਂ ਨੇ ਪੱਥਰਾਂ ਨੂੰ ਰੱਬ ਜਾਣ ਕੇ ਪੂਜਿਆ। ਅਰਬਾਂ-ਖ਼ਰਬਾਂ ਰੁਪਏ ਅਰਪਣ ਕਰ ਦਿੱਤੇ। ਰੱਬ ਨੂੰ ਪੈਸੇ ਦੀ ਕੋਈ ਭੁੱਖ ਨਹੀਂ ਹੈ। ਸਾਰਾ ਮਾਲ ਮੱਤਾ ਪੁਜਾਰੀਆਂ ਦੇ ਪੇਟ ਵਿੱਚ ਪੈਂਦਾ ਗਿਆ। ਹੌਲੀ-ਹੌਲੀ ਮੂਰਤੀਆਂ ਚਾਂਦੀ ਦੀਆਂ, ਫਿਰ ਸੋਨੇ ਦੀਆਂ ਬਣ ਗਈਆਂ। ਲੋਕਾਂ ਨੇ ਆਪਣੇ ਤਨ ਤੋਂ ਸੋਨਾ ਉਤਾਰ ਕੇ ਮੂਰਤੀਆਂ ਅੱਗੇ ਭੇਟ ਕਰ ਦਿੱਤਾ। ਫਿਰ ਮੰਦਰਾਂ ਦੇ ਦਰਵਾਜੇ ਸੋਨੇ ਦੇ ਬਣਨ ਲੱਗੇ। ਕਈ ਥਾਈਂ ਤਾਂ ਪੂਰਾ ਮੰਦਰ (ਜਾਂ ਗੁਰਦੁਆਰਾ) ਹੀ ਸੋਨੇ ਵਿੱਚ ਮੜ੍ਹ ਦਿੱਤਾ ਗਿਆ। ਪੁਜਾਰੀਆਂ ਲਈ ਪਲੰਘ ਤੇ ਪਾਲਕੀਆਂ ਸੋਨੇ ਦੀਆਂ ਬਣਨ ਲੱਗੀਆਂ। ਆਪਣੀਆਂ ਜੁਆਨ ਬੇਟੀਆਂ (ਦੇਵ-ਦਾਸੀਆਂ) 'ਭਗਵਾਨ ਨਮਿਤ' ਧਰਮ ਮੰਦਰਾਂ ਵਿੱਚ ਦਾਨ ਕੀਤੀਆਂ ਜਾਣ ਲੱਗੀਆਂ। ਡਰਦੇ ਮਾਰੇ ਲੋਕਾਂ ਨੇ ਸਭ ਕੁਝ ਨਿਛਾਵਰ ਕਰ ਦਿੱਤਾ।

ਪੁਜਾਰੀ ਟੋਲੇ ਨੇ ਯਕੀਨ ਦੁਆਇਆ ਕਿ ਜਿੰਨਾਂ ਤੁਸੀਂ ਦਾਨ ਕਰੋਗੇ, ਅੱਗੇ ਜਾ ਕੇ ਉਸ ਦਾ ਹਜ਼ਾਰਾਂ ਗੁਣਾਂ ਵੱਧ ਪ੍ਰਾਪਤ ਕਰ ਲਉਗੇ। ਦੇਵਤਾ ਜੀ, ਭਗਵਾਨ ਜੀ ਬੜੇ ਦਿਆਲੂ ਹਨ। ਸੇਵਕਾਂ ਦੇ ਭੰਡਾਰ ਨੱਕੋ-ਨੱਕ ਭਰ ਦਿੰਦੇ ਹਨ। ਸੇਵਕਾਂ ਨੇ ਇਹ ਭੀ ਨਾ ਪੁੱਛਿਆ ਕਿ ਅੱਗੇ ਦਾ ਕੀ ਅਰਥ ਹੋਇਆ ਜੀ? ਇਸੇ ਜਨਮ ਵਿੱਚ ਅੱਗੇ ਜਾ ਕੇ ਸਾਨੂੰ ਹੀ ਮਿਲ ਜਾਵੇਗਾ ਜਾਂ ਸਾਡੀ ਔਲਾਦ ਨੂੰ ਕਿਸੇ ਅਗਲੇ-ਪਿਛਲੇ ਲੋਕ-ਪ੍ਰਲੋਕ ਵਿੱਚ? ਕਿਸੇ ਦੀ ਹਿੰਮਤ ਨਹੀਂ ਸੀ ਸਵਾਲ ਕਰਨ ਦੀ। ਜੇ ਕੋਈ 'ਸਿਰ ਫਿਰਿਆ' ਇਨਸਾਨ ਸਵਾਲ ਕਰ ਲੈਂਦਾ ਤਾਂ ਉਸ ਨੂੰ ਨਰਕਾਂ ਦਾ ਕੀੜਾ, ਚੌਰਾਸੀ ਦਾ ਖਾਜਾ, ਨਾਸਤਕ, ਪਾਪੀ ਜਾਂ ਧਰਮ ਦੋਖੀ ਕਹਿ ਕੇ ਦੁਰਕਾਰਿਆ ਜਾਂਦਾ। ਸਿਰ ਸੁੱਟ ਕੇ ਸਭ ਕੁਝ ਬਰਦਾਸ਼ਤ ਕਰਨ ਤੋਂ ਸਿਵਾਏ ਹੋਰ ਕੋਈ ਰਾਹ ਨਹੀਂ ਸੀ। ਰਾਜਿਆਂ ਦੇ ਰਾਜ ਦਾਨ ਵਿੱਚ ਲੈ ਲਏ। ਰਾਣੀਆਂ ਦਾਨ ਵਿੱਚ ਪ੍ਰਾਪਤ

ਕਰ ਲਈਆਂ। ਜਜਮਾਨ ਜੀ ਫਿਕਰ ਨਾ ਕਰੋ, "ਅਗਲੇ ਜਹਾਨ" ਵਿੱਚ ਅਤੀ ਸੁੰਦਰ ਸੋਹਣੀਆਂ, ਮਨ ਮੋਹਣੀਆਂ ਪਰੀਆਂ ਤੁਹਾਡਾ ਸੁਆਗਤ ਕਰਨ ਲਈ ਨੈਣ ਵਿਛਾ ਕੇ ਬਾਹਾਂ ਫੈਲਾ ਕੇ ਇੰਤਜ਼ਾਰ ਕਰ ਰਹੀਆਂ ਹਨ। ਬਹੁਤ ਬੇਅੰਤ ਹੈ ਇਹ ਧਰਮ ਵਾਲਾ ਕਾਰੋਬਾਰ। ਲੋਕੀਂ ਖੇਤਾਂ ਵਿੱਚ, ਫੈਕਟਰੀਆਂ ਵਿੱਚ, ਦੁਕਾਨਦਾਰੀ ਵਿੱਚ, ਮਜ਼ਦੂਰੀ ਵਿੱਚ, ਸਾਰੀ ਉਮਰ ਖ਼ੂਨ ਪਸੀਨਾ ਇੱਕ ਕਰਦੇ ਰਹਿੰਦੇ ਨੇ, ਫਿਰ ਭੀ ਗੁਜ਼ਾਰਾ ਹੀ ਚਲਦਾ ਹੈ ਪਰ ਧਰਮ ਵਾਲੇ ਧੰਦੇ ਵਿੱਚ ਉੱਲੂ ਬਣਾਓ, ਲੁੱਟ ਕੇ ਖਾਓ, ਅਗਲੇ ਜਨਮਾਂ ਦੇ ਲਾਰੇ ਲਾਓ ਤੇ ਐਸ਼ ਉਡਾਓ। ਲੋਕ ਮਿਹਨਤ ਕਰਦੇ ਹਨ। ਪੁਜਾਰੀ ਸਿਰਫ਼ ਅਰਦਾਸ ਕਰਦੇ ਹਨ। ਲੋਕੀਂ ਖੇਤੀ ਕਰਦੇ ਹਨ, ਪੁਜਾਰੀ ਕੇਵਲ ਸਿਮਰਨ ਕਰਦੇ ਹਨ। ਲੋਕੀਂ ਵਪਾਰ ਕਰਦੇ ਹਨ, ਪੁਜਾਰੀ ਕੇਵਲ ਮੰਤਰ ਪੜ੍ਹਦੇ ਹਨ। ਲੋਕੀਂ ਦੁਕਾਨਦਾਰੀਆਂ ਕਰਦੇ ਹਨ, ਪੁਜਾਰੀ ਉਨ੍ਹਾਂ ਲਈ ਅਰਦਾਸਾਂ ਕਰਦੇ ਹਨ। ਲੋਕੀਂ ਦਿਨ-ਰਾਤ ਦੌੜਦੇ ਹਨ, ਪੁਜਾਰੀ ਚੌਂਕੜਾ ਮਾਰ ਕੇ ਬੈਠਦੇ ਹਨ। ਲੋਕੀਂ ਚਾਰੇ ਬੰਨੇ ਚੌਕੰਨੇ ਹੋ ਕੇ ਅੱਖਾਂ ਖੋਲ ਕੇ ਚਲਦੇ ਹਨ, ਪੁਜਾਰੀ ਲੋਕ ਅੱਖਾਂ ਬੰਦ ਕਰ ਕੇ ਮਾਲਾ ਫੇਰਦੇ ਹਨ। ਬਾਕੀ ਸਾਰੇ ਕਾਰੋਬਾਰਾਂ ਵਿਚੋਂ ਮਨੁੱਖ ਇਸੇ ਜਨਮ ਵਿੱਚ ਨਫ਼ਾ ਜਾਂ ਨੁਕਸਾਨ ਪ੍ਰਾਪਤ ਕਰਦਾ ਹੈ। ਸਿਰਫ਼ ਧਰਮ ਹੀ ਹੈ ਜਿਥੇ ਅਗਲੇ ਜਨਮ ਦੇ ਲਾਰੇ ਲਾਏ ਜਾਂਦੇ ਹਨ। ਧਰਮ ਨੂੰ ਕਾਰੋਬਾਰ ਦੇ ਤੌਰ 'ਤੇ ਵਰਤਿਆ ਜਾਂਦਾ ਹੈ। "ਦਾਨ" ਇਸ ਜਨਮ ਵਿਚ, ਮੁਨਾਫ਼ਾ ਅਗਲੇ ਜਨਮ ਵਿੱਚ। ਕੋਈ ਜਵਾਬ ਦੇਹੀ ਨਹੀਂ। ਮਾਲ ਦੀ ਵਾਪਸੀ ਨਹੀਂ, ਕੰਮ ਪੂਰਾ ਹੋਣ ਦੀ ਗਰੰਟੀ ਨਹੀਂ। ਸਾਰੇ ਕਿਧਰੇ "ਰੱਬ ਦੇ ਆਸਰੇ ਰੱਬ ਦੇ ਨਾਮ'ਤੇ" ਖ਼ਰਬਾਂ ਦਾ ਵਾਪਾਰ ਚੱਲ ਰਿਹਾ ਹੈ, ਕਰੋੜਾਂ ਲੋਕ ਰੋਜ਼ੀ-ਰੋਟੀ ਕਮਾ ਰਹੇ ਹਨ। ਬਹੁਤ ਸਾਰੇ ਲੋਕਾਂ ਨੂੰ ਅਗਲੇ ਜਨਮ ਦੀਆਂ "ਟਿਕਟਾਂ" ਕੱਟ ਕੇ ਫੜਾ ਰਹੇ ਹਨ।

ਦੇਸ਼ ਦਾ ਬਾਦਸ਼ਾਹ ਹੋਵੇ, ਕੋਈ ਵਿਅਕਤੀ ਆਪਣੀ ਯੋਗਤਾ ਨਾਲ ਉਸ ਨੂੰ ਖ਼ੁਸ਼ ਕਰ ਲਵੇ। ਤਦੋਂ ਜੇ ਬਾਦਸ਼ਾਹ ਆਖੇ, ਇਸ ਨੂੰ ਇੱਕ ਕਿਲੋ ਸੋਨਾ ਦੇ ਦਿਓ। ਇਸ ਨੂੰ ਸੁੰਦਰ ਘੋੜਾ ਦੇ ਦਿਓ। ਇਸ ਨੂੰ ਇੱਕ ਰਾਜ ਦਾ ਸੂਬੇਦਾਰ ਨਿਯੁਕਤ ਕਰ ਦਿਓ। ਇਸ ਭਲੇ ਮਨੁੱਖ ਨੂੰ ਡੀ.ਸੀ. ਲਾ ਦਿਓ। ਅਮਕੇ ਵਿਅਕਤੀ ਨੂੰ ਪੰਜ ਲੱਖ, ਦੱਸ ਲਖ ਰੁਪਏ ਇਨਾਮ ਦੇ ਦਿਓ। ਮਹਾਰਾਜੇ ਦੇ ਹੁਕਮ ਕਰਨ ਦੀ ਦੇਰ ਹੈ ਕਿ ਸਾਰੇ ਕੰਮ ਤੁਰੰਤ ਹੋਣ ਲੱਗ ਪੈਂਦੇ ਹਨ। ਰਾਜਾ ਇਹ ਨਹੀਂ ਕਹਿੰਦਾ ਕਿ ਤੈਨੂੰ ਅਗਲੇ ਜਨਮ ਵਿੱਚ ਡੀ.ਸੀ. ਲਾਵਾਂਗਾ। ਅਗਲੇ ਜਨਮ ਵਿੱਚ ਹੀ ਰੁਪਏ-ਪੈਸੇ ਦਿਆਂਗਾ। ਕਿੰਨੇ ਕੁ ਦਿਨ ਰਾਜੇ ਦੀ ਆਖੀ ਦਾ ਕੋਈ ਸੱਚ ਮੰਨੇਗਾ। ਥੋੜ੍ਹੇ ਹੀ ਦਿਨਾਂ ਵਿੱਚ ਰਾਜੇ ਨੂੰ ਢੋਂਗੀ, ਪਾਖੰਡੀ, ਝੂਠਾ ਤੇ ਮੱਕਾਰ ਆਦਿ ਕਹਿਣ ਲਈ ਮਜਬੂਰ ਹੋਣਗੇ। ਹਰ ਇੱਕ ਦਿਆਨਤਦਾਰ ਮਨੁੱਖ ਜੋ ਵਚਨ ਕਰਦਾ ਹੈ, ਉਸ ਨੂੰ



ਪੂਰਾ ਕਰਨ ਲਈ ਪੂਰੀ ਵਾਹ ਲਾਉਂਦਾ ਹੈ। ਧਰਮ ਅਸਥਾਨਾਂ ਵਿੱਚ ਕਾਬਜ਼ ਹੋਏ ਲੋਕ ਨਿੱਤ ਦਿਨ ਝੂਠੇ ਵਾਅਦੇ ਕਰਦੇ ਹਨ। ਚੌਰਾਸੀ ਲੱਖ ਜੂਨਾਂ ਤੋਂ ਮੁਕਤ ਕਰਾਉਂਦੇ ਹਨ। ਸੁਰਗ ਦੀ ਟਿਕਟ ਕੱਟ ਕੇ ਦਿੰਦੇ ਹਨ। ਪਰੀਆਂ ਦੇ ਮੁਸਕਰਾਉਂਦੇ ਚਿਹਰੇ ਇੰਤਜ਼ਾਰ ਕਰਦੇ ਬਿਆਨ ਕਰਦੇ ਹਨ। ਜੋ ਮੰਗੋਗੇ ਸੁਰਗ ਵਿੱਚ ਉਹੀ ਪ੍ਰਾਪਤ ਹੋਵੇਗਾ। ਨਰਕਾਂ ਦੇ ਭਿਆਨਕ ਤਸੀਹੇ ਬਿਆਨਦੇ ਹਨ। ਉਥੇ ਰਾਖਸ਼ ਲੋਕ ਤੇਲ ਦੇ ਕੜਾਹਿਆਂ ਵਿੱਚ ਮਨੁੱਖਾਂ ਨੂੰ ਉਬਾਲ ਕੇ ਖਾ ਜਾਂਦੇ ਹਨ। ਮੁਕਦੀ ਗੱਲ ਕਿ ਪੁਜਾਰੀ ਤਬਕਾ ਧਰਤੀ ਦੀ ਗੱਲ ਨਹੀਂ ਕਰਦਾ, ਕਿਸੇ ਕਲਪਿਤ ਉਪਰਲੇ ਲੋਕ ਦੀ ਗੱਲ ਕਰਦਾ ਹੈ। ਇਥੋਂ ਦੇ ਲੋਕਾਂ ਨੂੰ ਸੁੱਖ ਇਥੇ ਕਿਵੇਂ ਦਿੱਤਾ ਜਾ ਸਕਦਾ ਹੈ, ਪੁਜਾਰੀ ਨਹੀਂ ਜਾਣਦਾ ਪਰ ਅਗਲੇ ਜਨਮ ਦਾ ਲਾਰਾ ਲਾਉਂਦਾ ਹੈ। ਜਿਉਂਦੇ ਜੀਅ ਬੰਧਨਾਂ ਤੋਂ ਮੁਕਤੀ ਨਹੀਂ ਦਿਵਾਉਂਦਾ, ਸਗੋਂ ਮਰਨ ਤੋਂ ਬਾਅਦ ਕਿਸੇ ਅਗਲੇ ਲੋਕ ਜਾਂ ਅਗਲੇ ਜਨਮ ਵਿੱਚ ਮੁਕਤੀ ਮਿਲੇਗੀ ਦਾ ਲਾਰਾ ਲਾਉਂਦਾ ਹੈ। ਬਹੁਤੀ ਵਾਰੀਂ ਅਰਦਾਸਾਂ ਵਿੱਚ ਝੂਠਾ ਵਿਸ਼ਵਾਸ ਭੀ ਦੁਆਉਂਦਾ ਹੈ ਕਿ **"ਅਮਕਾ ਸਿੰਘ ਜੀਵਨ ਯਾਤਰਾ ਸਮਾਪਤ ਕਰ ਕੇ ਆਪ ਜੀ ਦੇ ਚਰਨਾਂ ਵਿੱਚ ਪੁੱਜੇ ਹਨ, ਸਦੀਵ ਕਾਲ ਵਾਸਤੇ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ ਦੇਣਾ ਜੀ।"**

ਪਾਠਕ ਜਨੋ! ਗੌਰ ਫ਼ੁਰਮਾਓ, ਦੁਕਾਨਦਾਰ ਤੋਂ ਲੋੜੀਂਦੀਆਂ ਵਸਤਾਂ ਖਰੀਦ ਕੇ ਆਖੀਏ, ਪੈਸੇ ਅਗਲੇ ਜਨਮ ਵਿੱਚ ਦਿਆਂਗੇ। ਦੁਕਾਨਦਾਰ ਕੁਰਲਾਵੇਗਾ, "ਰੱਖ ਦੇ ਸਾਰਾ ਸਾਮਾਨ ਇਥੇ ਹੀ। ਜੇ ਪੈਸੇ ਅਗਲੇ ਜਨਮ ਵਿੱਚ ਤਾਂ ਸਾਮਾਨ ਭੀ ਅਗਲੇ ਜਨਮ ਵਿੱਚ ਲੈ ਲਵੀਂ। ਮੈਂ ਜ਼ਮੀਨ ਵੇਚਣ ਦੀ ਲਿਖਤ ਕਰ ਕੇ, ਚੰਗੀ ਮੋਟੀ ਰਕਮ ਪ੍ਰਾਪਤ ਕਰ ਕੇ, ਜ਼ਮੀਨ ਦਾ ਕਬਜ਼ਾ ਦੂਜੀ ਧਿਰ ਨੂੰ ਨਾ ਦਿਆਂ ਤੇ ਆਖਾਂ, ਜ਼ਮੀਨ ਦਾ ਕਬਜ਼ਾ ਅਗਲੇ ਜਨਮ ਵਿੱਚ ਮਿਲੇਗਾ। ਸੰਬੰਧਿਤ ਵਿਅਕਤੀ ਜਾਂ ਖ਼ੁਦ ਮਰੇਗਾ ਜਾਂ ਮੈਨੂੰ ਮਾਰ ਦੇਵੇਗਾ। ਹਰ ਤਰ੍ਹਾਂ ਦੇ ਕਾਰੋਬਾਰ ਇਥੇ ਹੀ ਇਸੇ ਜਨਮ ਵਿੱਚ ਹੁੰਦੇ ਹਨ। ਸਿਰਫ਼ ਪੁਜਾਰੀ ਟੋਲੇ ਹਨ ਜੋ ਅਗਲੇ ਜਨਮਾਂ ਦੇ ਝੂਠੇ ਲਾਰੇ ਲਾ ਕੇ ਲੋਕਾਂ ਨੂੰ ਸਦੀਆਂ ਤੋਂ ਲੁੱਟਦੇ ਆ ਰਹੇ ਹਨ। "ਮਰ ਗਏ ਪ੍ਰਾਣੀ ਲਈ ਅਸੀਂ ਹਵਨ ਕਰਦੇ ਹਾਂ। ਚੜ੍ਹਾਈ ਕਰ ਗਏ ਵਿਅਕਤੀ ਲਈ ਅਸੀਂ ਅਖੰਡ ਪਾਠ ਕਰਦੇ ਹਾਂ। ਅਸੀਂ ਅਰਦਾਸ ਕਰ ਕੇ ਮੁਕਤੀ ਦੁਆਉਂਦੇ ਹਾਂ। ਤੁਸੀਂ ਅੱਖਾਂ ਬੰਦ ਕਰ ਲਓ, ਬਸ ਦਾਨ ਕਰੀ ਚੱਲੋ, ਬਾਕੀ ਸਭ ਕੁਝ ਸਾਡੇ'ਤੇ ਛੱਡ ਦਿਓ।" ਧਰਮ ਇੱਕ ਬਹੁਤ ਵੱਡਾ ਕਾਰੋਬਾਰ ਜਾਂ ਵਾਪਾਰ ਬਣ ਚੁੱਕਿਆ ਹੈ। ਜਿਸ ਅਗਲੇ ਜਨਮ ਬਾਰੇ ਪੁਜਾਰੀ ਖ਼ੁਦ ਕੁਝ ਨਹੀਂ ਜਾਣਦੇ, ਉਸ ਬਾਰੇ ਘੰਟਿਆਂ ਬੱਧੀ ਬੋਲਦੇ ਰਹਿੰਦੇ ਹਨ, ਜੋ ਨਿਰਾ ਕੁਫ਼ਰ ਹੀ ਕੁਫ਼ਰ ਹੁੰਦਾ ਹੈ। ਸਾਲ 2016 ਵਿਚ 8 ਨਵੰਬਰ ਸ਼ਾਮ ਨੂੰ ਪ੍ਰਧਾਨ ਮੰਤਰੀ ਮੋਦੀ ਜੀ ਨੇ ਐਲਾਨ ਕਰ ਦਿੱਤਾ ਕਿ 500 ਅਤੇ 1000 ਦੇ ਨੋਟ ਬੰਦ ਹਨ, ਇਸ ਬਾਰੇ ਕਿਸੇ ਵੀ ਪੁਜਾਰੀ, ਤਾਂਤਰਿਕ, ਟੇਵੇ ਦੇਖਣ ਵਾਲੇ ਨੂੰ ਪਤਾ ਹੀ ਨਹੀਂ ਲੱਗਾ, ਅਗਲੇ ਜਨਮ ਦਾ ਪਤਾ ਕੀ ਲਗਾਉਣਗੇ। ਹੁਣ ਕਰੋਨਾ ਦੀ ਮਹਾਂਮਾਰੀ ਨੇ ਸਾਰੀ ਦੁਨੀਆਂ ਨੂੰ ਘੇਰਿਆ ਹੋਇਆ ਹੈ, ਕਿਥੇ ਗਏ ਤਾਂਤਰਿਕ, ਬਾਬੇ, ਜੋਤਸ਼ੀ ਕਿਸੇ ਨੂੰ ਵੀ ਪਤਾ ਨਹੀਂ ਲੱਗਾ, ਨਾ ਹੀ ਕਰੋਨਾ ਖਤਮ ਹੋਣ ਦਾ ਕਿਸੇ ਨੂੰ ਪਤਾ ਹੈ। ਕੋਈ ਕਹਿੰਦਾ ਹੈ ਸਾਡੇ ਪਿਤਾ ਜੀ ਨੂੰ ਜੇਲ੍ਹ ਵਿਚ ਸੁੱਟਿਆ ਹੈ ਤਾਂ ਕਰੋਨਾ ਹੋਇਆ। ਭਾਈ ਜੇਲ੍ਹ ਤਾਂ ਭਾਰਤ ਦੀ ਹੈ ਸਾਰੀ ਦੁਨੀਆਂ ਕਰੋਨਾ ਦੀ ਮਾਰ ਝੱਲ ਰਹੀ ਹੈ। ਸੋ ਤੁਸੀਂ ਆਪ ਹੀ ਸੋਚ ਲਵੋ ਕੋਈ ਜਾਦੂ ਟੂਣਾ ਵਗੈਰਾ ਕੁਝ ਨਹੀਂ ਹੈ, ਅਗਲਾ ਜਨਮ ਤਾਂ ਦੂਰ ਦੀ ਗੱਲ ਹੈ। ਸੰਗਤਾਂ ਨੂੰ ਸੁਚੇਤ ਹੋਣਾ ਪਵੇਗਾ, ਅਜਿਹੇ ਝੂਠ ਨੂੰ ਸਟੇਜਾਂ ਤੋਂ ਬੰਦ ਕਰਨਾ ਪਵੇਗਾ। ਅਸੀਂ ਜੋ ਕੁਝ ਲੈਣਾ ਹੈ, ਇਸੇ ਧਰਤੀ'ਤੇ ਇਸੇ ਜਨਮ ਵਿੱਚ ਲੈਣਾ ਹੈ। ਇਸ ਵਾਸਤੇ ਪੁਜਾਰੀਆਂ ਦੀਆਂ ਠੱਗੀਆਂ ਤੋਂ ਬਚਣਾ ਜ਼ਰੂਰੀ ਹੈ। ਪੜ੍ਹੋ ਪਾਵਨ ਵਾਕ-

**ਗਿਆਨੀ ਧਿਆਨੀ ਬਹੁ ਉਪਦੇਸੀ**
**ਇਹੁ ਜਗੁ ਸਗਲੋ ਧੰਧਾ ॥**
**ਕਹਿ ਕਬੀਰ ਇਕ ਰਾਮ ਨਾਮ**
**ਬਿਨੁ ਇਆ ਜਗੁ ਮਾਇਆ ਅੰਧਾ॥**

**(338)**

-0-

# ਪੰਜਾਬ ਵਿਧਾਨ ਸਭਾ ਵਿਚ ਪੋਸਤ ਖੇਤੀ ਦੀ ਮੰਗ

# ਨਸ਼ਾ ਪ੍ਰਚਲਨ ਵਿਰੁੱਧ ਗੈਰ-ਸੰਜੀਦਾ ਪਹੁੰਚ

-ਰਸ਼ਪਾਲ ਸਿੰਘ ਹੁਸ਼ਿਆਰਪੁਰ # 98554-40151

ਪੰਜਾਬ ਵਿਧਾਨ ਸਭਾ ਦੇ ਮਾਰਚ 2024 ਦੇ ਸ਼ੈਸ਼ਨ ਵਿਚ ਹਲਕਾ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਪੰਜਾਬ ਵਿਚ ਪੋਸਤ ਦੀ ਖੇਤੀ ਮੁੜ ਸ਼ੁਰੂ ਕਰਨ ਅਤੇ ਪੋਸਤ ਦੇ ਠੇਕੇ ਖੋਲ੍ਹੇ ਜਾਣ ਦੀ ਮੰਗ ਕੀਤੀ। ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਹਮਾਇਤ ਦੇਂਦਿਆਂ ਕਿਹਾ ਕਿ ਪੋਸਤ ਦੀ ਖੇਤੀ ਨਾਲ ਜਵਾਨੀ ਅਤੇ ਕਿਰਸਾਨੀ ਦਾ ਭਲਾ ਹੋਵੇਗਾ। ਤਰਕ ਦਿੱਤਾ ਕਿ ਸਾਡੀ ਜਵਾਨੀ ਸਿੰਥੈਟਿਕ ਨਸ਼ਿਆਂ ਦੀ ਆਦੀ ਹੋ ਰਹੀ ਹੈ ਅਤੇ ਹਰ ਸਾਲ ਸੈਂਕੜੇ ਮੌਤਾਂ ਹੋ ਰਹੀਆਂ ਹਨ। ਜਦ ਕਿ ਭੁੱਕੀ ਜਾਂ ਅਫ਼ੀਮ ਦੀ ਵਰਤੋਂ ਨਾਲ ਮੌਤ ਨਹੀਂ ਹੁੰਦੀ। ਆਮ ਆਦਮੀ ਪਾਰਟੀ ਸੱਤਾ ਧਿਰ ਦੇ ਹੋਰ ਵੀ ਵਿਧਾਇਕਾਂ ਨੇ ਵੀ ਇਸ ਮੁੱਦੇ'ਤੇ ਗੋਸ਼ਟੀਆਂ ਕਰਵਾਉਣ ਦੀ ਹਾਮੀ ਭਰੀ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆ ਨੇ ਸਪੱਸ਼ਟ ਕੀਤਾ ਕਿ ਸਰਕਾਰ ਦੀ ਪੋਸਤ ਦੀ ਖੇਤੀ ਸ਼ੁਰੂ ਕਰਨ ਦੀ ਕੋਈ ਯੋਜਨਾ ਨਹੀਂ ਹੈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਸਵਾਲ ਦਾ ਜਵਾਬ ਦਿੰਦਿਆਂ ਵਿਧਾਇਕ ਫੌਜਾ ਸਿੰਘ ਸਰਾਰੀ ਨੇ ਦੱਸਿਆ ਕਿ ਅਫ਼ੀਮ ਦੇ ਠੇਕੇ ਬੰਦ ਕਰਵਾਉਣ ਵਾਸਤੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਭਾਰਤ ਦੇ ਰਾਸ਼ਟਰਪਤੀ ਨੂੰ ਲਿਖਿਆ ਸੀ।



ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਕਿਰਸਾਨੀ ਨੂੰ ਲਾਭ ਪਹੁੰਚਾਉਣ ਦੀ ਗੱਲ ਤੁਰਨੀ ਸਲਾਹੁਣਯੋਗ ਹੈ। ਪਰ ਪੋਸਤ ਦੀ ਖੇਤੀ ਨੂੰ ਗੁੰਝਲਦਾਰ ਸਮੱਸਿਆ ਦਾ ਹੱਲ ਚਿਤਵਣਾ ਵੱਡੀ ਗੈਰ-ਸੰਜੀਦਗੀ ਦਾ ਸੰਕੇਤ ਹੈ। **ਵਿਡੰਬਨਾ ਇਹ ਹੈ ਕਿ ਇਹ ਗੱਲ ਉਦੋਂ ਉੱਠੀ ਹੈ ਜਦੋਂ ਗੰਗਸਰ ਜੈਤੋਂ ਮੋਰਚੇ ਦੀ 100 ਸਾਲਾ ਸ਼ਤਾਬਦੀ 21 ਫਰਵਰੀ 2024 ਨੂੰ ਮਨਾਈ ਗਈ ਹੈ।** ਅਕਾਲੀ ਮੋਰਚਿਆਂ ਵਿਚੋਂ ਲੰਮਾ ਮੋਰਚਾ ਜੈਤੋਂ ਦਾ ਹੀ ਹੈ ਅਤੇ ਜੈਤੋਂ ਮੋਰਚੇ ਦੇ ਪਿਛੋਕੜ ਦੀ ਮੁਖ ਹਸਤੀ ਮਹਾਰਾਜਾ ਰਿਪੁਦਮਨ ਸਿੰਘ ਸੀ। ਯੁਵਰਾਜ ਟਿੱਕਾ ਰਿਪੁਦਮਨ ਸਿੰਘ 28 ਸਾਲ ਦੀ ਉਮਰ ਵਿਚ 24 ਜਨਵਰੀ 1912 ਈ: ਨੂੰ ਨਾਭੇ ਦੀ ਰਾਜਗੱਦੀ'ਤੇ ਬੈਠੇ ਸਨ। **ਇਸ ਤੋਂ ਪਹਿਲਾਂ ਇਹ ਸੰਨ 1906 ਤੋਂ 1908 ਤੱਕ ਦੋ ਸਾਲ ਹਿੰਦੁਸਤਾਨ ਦੇ ਅੰਗਰੇਜ਼ ਜਨਰਲ ਦੀ ਕੌਂਸਲ ਦੇ ਮੈਂਬਰ ਸਨ ਤਾਂ ਨਸ਼ਿਆਂ ਦੀ ਵਰਤੋਂ ਦੇ ਉਲਟ ਬੋਲਦਿਆਂ ਕਿਹਾ ਸੀ ਕਿ "ਮੈਨੂੰ ਪਤਾ ਹੈ ਕਿ ਅਫ਼ੀਮ ਅਤੇ ਨਸ਼ੇ ਵਾਲੀਆਂ ਹੋਰ ਚੀਜ਼ਾਂ ਤੋਂ ਵਸੂਲੇ ਜਾਂਦੇ ਟੈਕਸ ਸਰਕਾਰ ਦੀ ਆਮਦਨ ਦੇ ਵੱਡੇ ਜ਼ਰੀਏ ਹਨ, ਪਰ ਮੈਂ ਇਹ ਕਹਿਣ ਦੀ ਖੁੱਲ੍ਹ ਲੈਂਦਾ ਹਾਂ ਕਿ ਇਹ ਆਮਦਨੀ ਜਨਤਾ ਦੀ ਇਖਲਾਕੀ ਅਧੋਗਤੀ ਦੇ ਸਾਧਨਾ ਤੋਂ ਪੈਦਾ ਕੀਤੀ ਜਾ ਰਹੀ ਹੈ (This revenue is collected at the expense of the cause of morality)"।** 23 ਸਾਲ ਦੀ ਭਰ ਜਵਾਨੀ ਉਮਰ ਵਿਚ ਨਸ਼ਿਆਂ ਦਾ ਵਿਰੋਧ ਕੀਤਾ ਅਤੇ ਹੋਰ ਵੀ ਆਜ਼ਾਦ ਖਿਆਲਾਂ ਨੂੰ ਤਰਜੀਹ ਦੇਂਦਿਆਂ ਸਰਕਾਰੀ ਮਤਿਆਂ ਦੀ ਹਮਾਇਤ ਦੀ ਥਾਂ ਨੈਸ਼ਨਲਿਸਟ ਮੈਂਬਰਾਂ- ਜੀ.ਕੇ. ਗੋਖਲੇ, ਆਰ. ਬੀ. ਘੋਸ਼ ਅਤੇ ਪੰਡਿਤ ਮਦਨ ਮੋਹਨ ਮਾਲਵੀਆ ਆਦਿ ਵਲੋਂ ਉਠਾਏ ਮਸਲਿਆਂ ਦੀ ਹਮਾਇਤ ਕੀਤੀ। ਇਸ ਕਾਰਨ ਆਪ ਅੰਗਰੇਜ਼ ਸਰਕਾਰ ਦੀ ਅੱਖ ਵਿਚ ਰੜਕਣ ਲੱਗ ਪਏ ਸਨ। ਨਤੀਜਾ ਕਿ 9 ਜੁਲਾਈ 1923 ਈ: ਨੂੰ ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਮਾਲਕੀ ਤੋਂ ਵਾਂਝਾ ਕਰ ਕੇ ਬਦੋ-ਬਦੀ ਸੰਨ 1928 ਤੱਕ ਦੇਹਰਾਦੂਨ ਰੱਖਿਆ ਅਤੇ ਅੰਤ ਨੂੰ ਜਲਾਵਤਨੀ ਤੇ ਗੁੰਮਨਾਮੀ ਹਾਲਤ ਵਿਚ ਸੰਨ 1942 ਵਿਚ ਕੋਡਾਈ ਕਨਾਲ ਪਹਾੜੀ (ਮਦਰਾਸ) ਵਿਚ ਚਲਾਣਾ ਹੋ ਗਿਆ।

ਸਾਡੀ ਜਵਾਨੀ ਨੂੰ ਅਜਿਹੀ ਸੋਚ'ਤੇ ਮਾਣ ਹੋਣਾ ਚਾਹੀਦਾ ਸੀ। ਇਸ ਇਤਿਹਾਸ ਦੇ ਪਿੱਛੇ ਖੜ੍ਹੇ ਨਸ਼ਾ ਵਿਰੋਧੀ ਗੁਰਬਾਣੀ ਅਤੇ ਵੱਖ-ਵੱਖ ਧਰਮ ਗ੍ਰੰਥਾਂ ਦੇ ਸੰਦੇਸ਼ ਦੇ ਵਾਰਸ ਵਜੋਂ ਉਭਾਰ ਹੋਣਾ ਚਾਹੀਦਾ ਸੀ। ਸਿੱਖ ਧਰਮ ਵਿਚ ਤੰਬਾਕੂ ਦੀ ਵਰਤੋਂ ਕਰਨ ਵਾਲਾ ਕੁਰਹਿਤੀਏ ਵਜੋਂ ਸਿੱਖੀ ਵਿਚੋਂ ਖਾਰਜ ਮੰਨਿਆ ਜਾਂਦਾ ਹੈ। ਸੁਤੰਤਰਤਾ ਸੰਗਰਾਮੀ ਸਿਰਕੱਢ ਨੇਤਾਵਾਂ ਨੇ ਅੰਗਰੇਜ਼ਾਂ ਦੀ ਆਬਕਾਰੀ ਨੀਤੀ ਦਾ ਰੱਜ ਕੇ ਵਿਰੋਧ ਕੀਤਾ। ਮਹਾਤਮਾ ਗਾਂਧੀ ਨੇ ਸ਼ਰਾਬ ਟੈਕਸ ਨਾਲ ਵਿੱਦਿਆ ਦੇਣ ਦੀ ਸਕੀਮ ਨੂੰ ਸਿਰੇ ਤੋਂ ਨਕਾਰਿਆ ਅਤੇ ਐਲਾਨ ਕੀਤਾ ਕਿ ਭਾਰਤ ਆਜ਼ਾਦ ਹੁੰਦਿਆਂ ਹੀ ਸ਼ਰਾਬ ਦਾ ਬਾਈਕਾਟ ਕੀਤਾ ਜਾਵੇਗਾ। ਕੇਸ਼ਵ ਚੰਦਰ ਅਤੇ ਭਾਰਤੀ ਰਾਸ਼ਟਰ ਕਾਂਗਰਸ ਦੇ ਮੋਢੀ ਹਿਊਮ ਨੇ ਸ਼ਰਾਬ ਤੋਂ ਆਮਦਨ ਨੀਤੀ ਨੂੰ ਅੰਗਰੇਜ਼ ਸਰਕਾਰ ਦੇ ਮੱਥੇ'ਤੇ ਕਲੰਕ ਕਿਹਾ। ਰਾਜਾ ਰਾਮ ਮੋਹਨ ਰਾਏ ਅਤੇ ਗੋਪਾਲ ਕ੍ਰਿਸ਼ਨ ਗੋਖਲੇ ਨੇ ਲੰਦਨ ਪੁੱਜ ਕੇ ਇਸ ਟੈਕਸ ਨੀਤੀ ਨੂੰ ਰੱਦ ਕਰਨ ਲਈ ਸੰਘਰਸ਼ ਕੀਤਾ। ਸੁਆਮੀ ਦਇਆਨੰਦ ਨੇ ਨਸ਼ਾ ਪ੍ਰਦਾਨ ਨੀਤੀ ਨੂੰ ਵੰਗਾਰਿਆ। ਦੇਸ਼ ਦੀਆਂ ਔਰਤਾਂ ਨੇ ਠੇਕਿਆਂ ਅੱਗੇ ਧਰਨੇ ਦਿੱਤੇ ਅਤੇ ਜੇਲ੍ਹਾਂ ਵਿਚ ਤਸੀਹੇ ਸਹਿਣ ਕੀਤੇ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਤੰਬਾਕੂ ਅਤੇ ਸ਼ਰਾਬ, ਨਸ਼ਿਆਂ ਦੇ ਘਰ ਵਿਚ ਦਾਖ਼ਲ ਹੋਣ ਵਾਲੇ ਦਰਵਾਜ਼ੇ ਹਨ। ਤ੍ਰਾਸਦੀ ਕਿ ਨੌਜਵਾਨੀ ਵਾਸਤੇ ਤੰਬਾਕੂ ਦਾ ਪ੍ਰਬੰਧ ਚੁਫੇਰੇ ਹਰ ਕੋਨੇ ਵਿਚ ਅਤੇ ਸ਼ਰਾਬ ਦੇ ਠੇਕਿਆਂ ਦਾ ਸਰਕਾਰੀ ਪ੍ਰਬੰਧ ਹਰ ਚੌਕ ਵਿਚ ਹੈ। ਪਰ ਮਾਣ-ਮੱਤੇ ਇਤਿਹਾਸ ਨਾਲ ਜੋੜਨ ਵਾਲੇ ਪੁਸਤਕਾਲਿਆਂ, ਅਜਾਇਬ ਘਰਾਂ ਅਤੇ ਸ਼ੁੱਧ ਕੜ੍ਹੇ ਦੁੱਧ ਦੇ ਕੜਾਹਿਆਂ ਦੇ ਪ੍ਰਬੰਧ ਮੀਲਾਂ ਵਿਚ ਵੀ ਨਹੀਂ ਲੱਭਦੇ ਹਨ।ਖੇਡ-ਮੈਦਾਨਾਂ ਵਿਚ ਨਸ਼ਾ ਉਤਾਰਿਆ ਜਾ ਚੁੱਕਾ ਹੈ। ਨੈਤਿਕ ਸਰੋਕਾਰਾਂ ਦੀਆਂ ਯੋਜਨਾਵਾਂ ਨੇ ਨਸ਼ੇ ਨੂੰ ਨਾਂਹ ਕਹਿਣੀ ਸੀ। ਨਸ਼ੇ ਦੀ ਮੰਗ ਰੋਕਣੀ ਸੀ । ਦੇਸ਼ ਦੀਆਂ ਅਤੇ ਅਗਾਂਹ ਸੂਬਿਆਂ ਦੀਆਂ ਸਰਹੱਦਾਂ ਪਾਰ ਕਰਕੇ ਰਸਾਇਣਕ ਨਸ਼ੇ ਕਿਵੇਂ ਪਹੁੰਚੇ ਇਹ ਜਵਾਬਦੇਹੀ ਚਾਹੀਦੀ ਸੀ। ਰਾਜਨੀਤਕ ਲੋਕਾਂ, ਅਫ਼ਸਰਸ਼ਾਹੀ ਅਤੇ ਡੇਰਾ ਰੂਪੀ ਨਸ਼ਿਆਂ ਦੇ ਅੱਡਿਆਂ ਦੀ ਨਿਸ਼ਾਨਦੇਹੀ ਕਰਕੇ ਮਿਸਾਲੀ ਕਾਰਵਾਈ ਹੋਣੀ ਚਾਹੀਦੀ ਸੀ।

ਹੈਰਾਨਗੀ ਕਿ ਨਸ਼ਿਆਂ ਦੁਆਰਾ ਨਸ਼ਾ ਮੁਕਤੀ ਦਾ ਤੋੜ ਲੱਭਿਆ ਜਾ ਰਿਹਾ ਹੈ।ਨਸ਼ੇ ਤਾਂ ਸਦੀਆਂ ਤੋਂ ਕੁਝ ਨਾ ਕੁਝ ਲੋਕ ਕਰਦੇ ਆਏ ਹਨ ਤੇ ਕਰਦੇ ਰਹਿਣਗੇ। ਸਵਾਲ ਤਾਂ ਇਹ ਹੈ ਕਿ ਭਾਰੀ ਤੇ ਬਹੁ-ਗਿਣਤੀ ਜਵਾਨੀ ਨਸ਼ਿਆਂ ਦੀ ਗ੍ਰਿਫ਼ਤ ਵਿਚ ਕਿਵੇਂ ਆ ਗਈ। ਪੋਸਤ-ਭੁੱਕੀ-ਅਫ਼ੀਮ ਵਾਲੇ ਤਾਂ ਬਹੁਤ ਘੱਟ ਲੋਕ ਹੀ ਹੁੰਦੇ ਸਨ ਪੰਜਾਬ ਵਿਚ। ਪੋਸਤ ਦੀ ਖੇਤੀ ਨੂੰ ਸੰਜੀਵਨੀ ਬੂਟੀ ਸਿੱਧ ਕਰਦਿਆਂ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਤੋਂ ਬਜ਼ੁਰਗਾਂ ਤੱਕ

ਬਾਕੀ ਸਫਾ 21 'ਤੇ

# ਸਿੱਖ ਕੌਮ ਖੋਜੀ ਕਲਮਕਾਰ ਪੈਦਾ ਕਰਨ ਬਾਰੇ ਨਿਰਨਾ ਲਵੇ

**-ਗਿਆਨੀ ਕੇਵਲ ਸਿੰਘ** (ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ) 95920-93472, panthaknagara@gmail.com

ਇਤਿਹਾਸ ਅੰਦਰ ਕੌਮਾਂ ਦੀ ਮਜ਼ਬੂਤ ਸਥਾਪਤੀ ਵਾਸਤੇ ਉਸ ਕੌਮ ਦੇ ਸਮਰਪਿਤ ਕਲਮਕਾਰਾਂ ਦਾ ਵੱਡਾ ਹਿੱਸਾ ਹੁੰਦਾ ਹੈ। ਸਿੱਖ ਕੌਮ ਨੇ ਕਲਮਕਾਰਾਂ ਦਾ ਮਜ਼ਬੂਤ ਪੂਰ ਸਿੰਘ ਸਭਾ ਲਹਿਰ ਦੇ ਦੌਰ ਵਿਚ ਪੈਦਾ ਕੀਤਾ। ਉਸ ਦੌਰ ਦਾ ਇਤਿਹਾਸ ਪੜ੍ਹਿਆਂ ਸਿੱਖ ਕੌਮ ਦਾ ਸਿਰ ਉੱਚਾ ਹੁੰਦਾ ਹੈ। ਦੂਜੀਆਂ ਕੌਮਾਂ ਦੇ ਮੁਕਾਬਲੇ ਛੋਟੀ ਤੇ ਖਿੰਡੀ ਪੁੰਡੀ ਹੋਣ ਦੇ ਬਾਵਜੂਦ ਵੀ ਆਪਣੇ ਕੌਮੀ ਜਥੇਬੰਦਕ ਫਰਜ਼ਾਂ ਲਈ ਲਾਮਬੰਦ ਹੋਣ ਵਿਚ ਸਫਲ ਹੁੰਦੀ ਹੈ। ਤਿੰਨ ਵੱਡੀਆਂ ਮਜ਼੍ਹਬੀ ਤਾਕਤਾਂ ਜਿੱਥੇ ਆਪਣੇ ਮਜ਼੍ਹਬੀ ਆਧਾਰ ਨੂੰ ਮਜ਼ਬੂਤ ਕਰਨ ਲਈ ਲਾਮਬੰਦ ਹੁੰਦੀਆਂ ਹਨ, ਉੱਥੇ ਉਨ੍ਹਾਂ ਦੇ ਅੰਦਰ ਇਕ ਦੂਜੇ ਨੂੰ ਖੋਰਾ ਲਾਉਣ ਦੀ ਭਾਵਨਾ ਵੀ ਹੈ। ਸਿੱਧੇ ਅਸਿੱਧੇ ਢੰਗ ਨਾਲ ਤਿੰਨੇ ਤਾਕਤਾਂ ਇਸਲਾਮਿਕ, ਹਿੰਦੂਤਵ ਅਤੇ ਈਸਾਈਅਤ ਸਿੱਖ ਕੌਮ ਖਤਮ ਕਰਨ ਦੀ ਧਾਰਨਾ ਲੈ ਕੇ ਕੰਮ ਕਰਦੀਆਂ ਦਿਸਦੀਆਂ ਹਨ। ਇਨ੍ਹਾਂ ਤਿੰਨਾਂ ਹੀ ਤਾਕਤਾਂ ਦੇ ਦਿਲ ਦਿਮਾਗ ਅੰਦਰ ਇਹ ਖਿਆਲ ਘੁੰਮ ਰਿਹਾ ਹੈ ਕਿ ਸਿੱਖ ਕੌਮ ਸੰਨ 1849 ਈ: ਵਿਚ ਰਾਜ ਭਾਗ ਖਤਮ ਹੋਣ ਬਾਅਦ ਆਪਣੀ ਕੌਮੀ ਵਿਉਂਤਬੰਦੀ ਦੇ ਸਮਰੱਥ ਨਹੀਂ ਹੈ ਅਤੇ ਨਾ ਹੀ ਇਸ ਬਾਰੇ ਸੋਚਣ ਹੀ ਦੇਣਾ ਚਾਹੀਦਾ ਹੈ। ਆਪਣੀ ਮਨਸ਼ਾ ਪੂਰਤੀ ਲਈ ਉਨ੍ਹਾਂ ਨੇ ਆਪਣੀ ਆਪਣੀ ਸਮਰੱਥਾ ਅਨੁਸਾਰ ਸੋਚਿਆ ਵੀ, ਵਿਉਂਤਿਆ ਵੀ ਅਤੇ ਕੰਮ ਵੀ ਕੀਤਾ।

ਰਾਜ-ਭਾਗ ਦੇ ਤਖਤੋ ਤਾਜ ਤੋਂ ਸੰਨ 1839 ਵਿਚ ਸਿੱਖ ਕੌਮ ਡਗਮਗਾਉਣੀ ਸ਼ੁਰੂ ਹੋ ਗਈ ਸੀ। ਸਿੱਖ ਰਾਜ-ਭਾਗ ਦੇ ਹੁੰਦਿਆਂ ਉਪਰੋਕਤ ਵਿਰੋਧੀ ਤਾਕਤਾਂ ਇਸ ਮੌਕੇ ਦੀ ਤਾਕ ਵਿਚ ਸਨ ਕਿ ਕਿਸੇ ਨ ਕਿਸੇ ਤਰ੍ਹਾਂ ਇਹ ਮਹਾਨ ਤਪ ਤੇਜ ਵਾਲੀ ਅਤੇ ਸੰਸਾਰ ਦਾ ਸਭ ਤੋਂ ਬਿਹਤਰੀਨ ਰਾਜ ਪ੍ਰਬੰਧ ਦੇਣ ਵਾਲੀ ਕੌਮ ਘਸਿਆਰੀ ਬਣ ਕੇ ਦਰ-ਬ-ਦਰ ਠੋਕਰਾਂ ਖਾਣ ਲਈ ਮਜਬੂਰ ਹੋਵੇ। ਸਿੱਖ ਰਾਜ ਘਰਾਣੇ ਦੀਆਂ ਦਰਾਰਾਂ ਨੂੰ ਹੋਰ ਤੋਂ ਹੋਰ ਮੋਕਲਾ ਕਰਨ, ਇਕ ਦੂਜੇ ਪ੍ਰਤੀ ਨਫ਼ਰਤ ਭਰਨ ਅਤੇ ਏਥੋਂ ਤਕ ਕਿ ਖ਼ੂਨ ਦੇ ਪਿਆਸੇ ਬਣਾਉਣ ਲਈ ਇਨ੍ਹਾਂ ਅੰਦਰ ਬੈਠੀਆਂ ਤਾਕਤਾਂ ਵਿਚੋਂ ਹਿੰਦੂਵਾਦੀ ਡੋਗਰਾਸ਼ਾਹੀ ਅਤੇ ਈਸਾਈਅਤ ਦੀ ਪਕੜ ਵਾਲੀ ਈਸਟ ਇੰਡੀਆ ਕੰਪਨੀ ਦੇ ਤੇਜ ਤਰਾਰ ਦਿਮਾਗ ਨੇ ਪੂਰੀ ਵਿਉਂਤਬੰਦੀ ਨਾਲ ਅਲੱਗ ਅਲੱਗ ਦਿਖਾਈ ਦੇ ਕੇ, ਅੰਦਰੋਂ ਇਕ ਹੋ ਕੇ ਕੰਮ ਕਰਦੇ ਇਤਿਹਾਸ ਦੇ ਪੰਨਿਆਂ ਨੂੰ ਪੜ੍ਹ ਸੁਣ ਸਕਦੇ ਹਾਂ।

ਇੱਕੀਵੀਂ ਸਦੀ ਦਾ ਦੂਜਾ ਦਹਾਕਾ ਮੁਕਣ ਜਾ ਰਿਹਾ ਹੈ। ਸੰਸਾਰ ਭਰ ਅੰਦਰ ਸਫ਼ਲ ਕਿਰਤੀ ਅਤੇ ਕਾਰੋਬਾਰੀ ਦੇ ਤੌਰ ਤੇ ਸਿੱਖ ਕੌਮ ਦੀ ਸਥਾਪਤੀ ਜੱਗ ਜ਼ਾਹਰ ਹੈ। ਸਿੱਖ ਗੁਰੂ ਸਾਹਿਬਾਨ ਵਲੋਂ ਸਦੀਆਂ ਦੀ ਘਾਲ ਨਾਲ ਇਸ ਦੀਆਂ ਡੂੰਘੀਆਂ ਜੜ੍ਹਾਂ ਅੰਦਰ ਇਨਸਾਨੀਅਤ ਦੇ ਅਮੋਲਕ ਮਹਾਨ ਗੁਣ ਭਰ, ਸਚਿਆਰਤਾ ਦਾ ਮਜ਼ਬੂਤ ਆਧਾਰ ਅਤੇ ਨਿਰਮਲ ਨਿਆਰੇਪਨ ਦਾ ਮਹੱਲ ਬਖਸ਼ਿਆ। ਬਖਸ਼ੇ ਗਏ ਅਮੋਲਕ ਗੁਣਾਂ ਦੀ ਅਮੀਰ ਤਾਸੀਰ ਪੀੜ੍ਹੀ ਦਰ ਪੀੜ੍ਹੀ ਆਪਣੀ ਸੁਗੰਧ ਖਿਲਾਰੀ ਅੱਜ ਵੀ ਜਲਵਾਗਰ ਹੋ ਰਹੀ ਹੈ। ਨਾਮਵਰ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਦੀ ਵਾਰ ਦੇ ਬੋਲ ਹਨ : **ਹੁਕਮ ਰਜਾਈ ਚੱਲਣਾ ਜੋ ਕਰੇਂ ਚੰਗੇਰਾ। ਪੰਥ ਵਸੇ ਮੈਂ ਉੱਜੜਾਂ ਮਨ ਚਾਉ ਘਨੇਰਾ।** ਕੌਮਾਂ ਪ੍ਰਤੀ ਸਮਰਪਿਤ ਜਾਗਰੂਪ ਹਿੱਸਾ ਆਪਣੀ ਕੌਮੀ ਜਥੇਬੰਦੀ ਦੀ ਮਜ਼ਬੂਤੀ, ਇਕਸੁਰਤਾ ਤੇ ਇਕਸਾਰਤਾ ਲਈ ਹਰ ਵਕਤ ਤਤਪਰ ਰਹਿ ਕੰਮ ਕਰਦਾ ਹੈ। ਇਸ ਨੂੰ ਆਪਣੀ ਕੌਮ ਦੇ ਅੰਦਰਲੇ ਵਿਹੜੇ ਅੰਦਰ ਪਨਪ ਰਹੀਆਂ ਕਮਜ਼ੋਰੀਆਂ ਦਾ ਪੂਰਾ ਗਿਆਨ ਹੁੰਦਾ ਹੈ। ਆਲੇ-ਦੁਆਲੇ ਕੌਮ ਦੇ ਦਰਪੇਸ਼ ਵਿਰੋਧੀ ਤਾਕਤਾਂ ਵਲੋਂ ਨਵੇਂ ਨਵੇਂ ਰੂਪਾਂ ਅੰਦਰ ਖੜ੍ਹੀਆਂ ਹੋ ਰਹੀਆਂ ਚੁਣੌਤੀਆਂ ਬਾਰੇ ਵੀ ਸੋਹ ਹੁੰਦੀ ਹੈ। ਆਪਣੇ ਕੌਮ ਪ੍ਰਤੀ ਫਰਜ਼ਾਂ ਤੋਂ ਪੂਰੀ ਤਰ੍ਹਾਂ ਅਗਾਹ ਹੋਣ ਲਈ ਬੀਤੇ ਤੇ ਅੱਜ ਨੂੰ ਇਹ ਘੋਖਵੀਂ ਨਿਗਾਹ ਨਾਲ ਪੜ੍ਹਦਾ ਹੈ। ਮੁਕਾਬਲੇ ਦੇ ਯੋਗ ਸਹੀ ਧਿਰਾਂ ਨੂੰ ਜਗਾਉਂਦਾ ਵੀ ਹੈ।



22 ਮਾਰਚ ਤੋਂ 22 ਮਈ, 2020 ਦੇ ਅਰਸੇ ਦੌਰਾਨ ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਰਸ ਸਦਕਾ ਖ਼ੁਦ ਲਈ ਪੜ੍ਹਨ ਦਾ ਮੌਕਾ ਸਮਝਦਿਆਂ ਰੱਬੀ ਜੋਤ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਲੈ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਇਤਿਹਾਸ ਨੂੰ ਪੜ੍ਹਿਆ ਘੋਖਿਆ ਹੈ। ਮਹਿਸੂਸ ਕੀਤਾ ਹੈ ਕਿ ਆਪਣੇ ਮਹਾਨ ਸਤਿਗੁਰਾਂ ਦੀ ਅਦੁੱਤੀ ਸ਼ਖ਼ਸੀਅਤ ਨੂੰ ਅਸੀਂ ਵਰਤਮਾਨ ਮੌਕੇ ਆਪਣੇ ਕੌਮੀ ਹਿਰਦਿਆਂ ਅੰਦਰ ਵਸਾਉਣ ਤੋਂ ਬਹੁਤ ਹੀ ਬੁਰੀ ਤਰ੍ਹਾਂ ਖੁੰਝੇ ਹੋਏ ਹਾਂ। ਸਾਡਾ ਗੁਰੂਆਂ ਪ੍ਰਤੀ ਨਜ਼ਰੀਆ ਸਾਡੀਆਂ ਬੁੱਧੀ ਦੀਆਂ ਸੌੜੀਆਂ ਤੰਗ ਘੁੰਤਰਾਂ ਵਿਚੋਂ ਹੋ ਕੇ ਬਹੁਤ ਹੀ ਛੋਟਾ ਛੋਟਾ ਹੁੰਦਾ ਜਾ ਰਿਹਾ ਹੈ। ਸਿੱਖ ਗੁਰੂ ਸਾਹਿਬਾਨ ਪ੍ਰਤੀ ਜੋ ਵਿਸ਼ਵਾਸ਼ ਪਿਆਰ ਸਾਡੀਆਂ ਰਗਾਂ ਅੰਦਰ ਖ਼ੂਨ ਦੇ ਗੇੜੇ ਨਾਲੋ ਤੇਜ ਦੌੜਨਾ ਬੜਾ ਜ਼ਰੂਰੀ ਸੀ, ਅਸੀਂ ਉਸ ਤੋਂ ਬਹੁਤ ਪਿੱਛੇ ਹਾਂ। ਅਸੀਂ ਗੱਲੀਂ ਬਾਤੀਂ ਸੰਸਾਰ ਅੰਦਰ ਸਿੱਖ ਕੌਮ ਦੀ ਮਜ਼ਬੂਤੀ ਨਾਲ ਸਥਾਪਤੀ ਦੇ ਸੁਪਨੇ ਲਗਾਤਾਰ ਲੈ ਰਹੇ ਹਾਂ। ਸੁਪਨੇ ਸਾਕਾਰ ਕਰਨ ਵਾਸਤੇ ਬਤੌਰੇ ਸਿੱਖ ਜਿੱਥੇ ਅਮਲੀ ਤਪ ਤੇਜ ਦਾ ਪਰਤਾਪ ਹੋਣਾ ਜ਼ਰੂਰੀ ਹੈ, ਉੱਥੇ ਧਿਆਨ ਕੇਂਦ੍ਰਿਤ ਰੱਖਣਾ ਲਾਜ਼ਮੀ ਹੈ।

**ਅੱਜ ਕੌਮੀ ਵਿਹੜੇ ਅੰਦਰ ਝਾਤ ਮਾਰ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰ ਪਾਤਸ਼ਾਹ ਜੀ ਦੀਆਂ ਜੀਵਨ ਘਾਲਣਾਵਾਂ ਤੋਂ ਬਲਿਹਾਰ ਜਾ ਕੇ ਲਿਖਣ ਵਾਲੀਆਂ ਕਲਮਾਂ ਟਾਵੀਆਂ ਹੀ ਨਜ਼ਰੇ ਪੈਂਦੀਆਂ ਹਨ। ਕਲਮਾਂ ਚੱਲ ਵੀ ਰਹੀਆਂ ਹਨ ਤੇ ਭੁਲੇਖਾ ਵੀ ਪਾ ਰਹੀਆਂ ਹਨ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਖ਼ਾਲਸਾ ਪੰਥ ਦੀ ਵਾੜ ਵਿਚ ਹੀ ਹਨ? ਉਨ੍ਹਾਂ ਵਿਚ ਬਹੁਤਿਆਂ ਪਾਸ ਗੁਰਬਾਣੀ ਗਿਆਨ ਦੀ ਕਮਾਈ ਹੋਈ ਗਹਿਰਾਈ ਤੇ ਮਾਣੇ ਹੋਏ ਰਸ ਦੀ ਜਿੱਥੇ ਘਾਟ ਮਹਿਸੂਸ ਹੁੰਦੀ ਹੈ, ਉੱਥੇ ਇਤਿਹਾਸਕ ਪੱਖ ਨੂੰ ਗੁਰਬਾਣੀ ਗਿਆਨ ਦੀ ਅਕੱਟ ਕਸੌਟੀ'ਤੇ ਪਰਖਣ ਦੀ ਹਿੰਮਤ ਅਤੇ ਜਾਚ ਦੇ ਪੱਖੋਂ ਕੋਰਾਪਨ ਹੈ। ਕੌਮੀ ਘਰ ਦੇ ਵਿਹੜੇ ਅੰਦਰ ਨਵੇਂ ਕੌਮ-ਪ੍ਰਸਤ ਕਲਮਕਾਰ ਤਿਆਰ ਕਰਨ ਦੀ ਬੀਤੇ ਕਈ ਦਹਾਕਿਆਂ ਤੋਂ ਤੁਰੀ ਆਉਂਦੀ ਘਾਟ ਨੇ ਆਣ ਵੰਗਾਰਿਆ ਹੈ। ਸਿੱਖ ਕੌਮ ਜਾਗਰੂਪ ਵਾਰਸਾਂ ਅਤੇ ਕੌਮੀ ਸੰਸਥਾਵਾਂ ਦੇ ਮੁਖੀਆਂ ਸਾਹਮਣੇ ਇਕ ਰੂਹ ਦੀ ਹੂਕ ਵਜੋਂ ਇਹ ਅੱਖਰ ਪੇਸ਼ ਕਰਨ ਦਾ ਹੀਆ ਕੀਤਾ ਹੈ। ਅਸੀਂ ਮੁੜ ਧਿਆਨ ਕੇਂਦ੍ਰਿਤ ਕਰੀਏ। ਆਪਣੇ ਕੌਮੀ ਅਨਮੋਲ ਸਰਮਾਏ ਨੂੰ ਗੁਰਬਾਣੀ ਗਿਆਨ ਦੇ ਯੁਗ ਪਲਟਾਊ ਬਲ ਨੂੰ ਅਪਣਾ ਕੇ ਗੁਰਮਤਿ ਸਿਧਾਂਤਾਂ ਤੇ ਸਿੱਖ ਰਹਿਤ ਮਰਯਾਦਾ ਜੀਵਨ-ਜਾਚ ਵਾਲੇ ਨੌਜਵਾਨ ਕਲਮਕਾਰ ਸਖ਼ਤ ਘਾਲਣਾ ਘਾਲ ਕੇ ਪੈਦਾ ਕਰਨ ਦਾ ਦਾਈਆ ਨਿਸ਼ਚਿਤ ਕਰੀਏ।**

ਹਰ ਸਾਲ ਦਸੰਬਰ ਮਹੀਨੇ ਅੰਦਰ ਸਿੱਖ ਨਵੀਂ ਪੀੜ੍ਹੀ ਨੂੰ ਗੁਰੂ ਪਿਆਰ ਵਿਸ਼ਵਾਸ਼ ਨਾਲ ਭਰਨ ਬਾਰੇ ਸਿੱਖ ਕੌਮ ਅੰਦਰ ਜਜ਼ਬੇ ਦਾ ਹੜ੍ਹ ਆਉਂਦਾ ਹੈ। ਅਸੀਂ ਗੁਰੂ

ਸਪੁੱਤਰਾਂ ਮਹਾਨ ਸ਼ਹੀਦਾਂ ਕੌਮੀ ਬਾਬਿਆਂ ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਪੜ੍ਹਨ-ਸੁਣਨ, ਵਿਚਾਰਨ ਤੇ ਪ੍ਰਚਾਰਨ ਉੱਤੇ ਬਹੁਤ ਜ਼ੋਰ ਦੇਂਦੇ ਹਾਂ। ਐਸਾ ਕਰਨਾ ਸਾਡਾ ਕੌਮੀ ਫਰਜ਼ ਵੀ ਬਣਦਾ ਹੈ। ਸਦੀਆਂ ਬੀਤ ਜਾਣ ਤੇ ਵੀ ਸਾਡੇ ਕੌਮੀ ਸ਼ਹੀਦਾਂ ਦਾ ਇਤਿਹਾਸ ਹਰ ਵੇਲੇ ਨਵਾਂ ਤੇ ਤਰੋਤਾਜ਼ਾ ਹੋ ਕੇ ਸਾਡੀਆਂ ਰਗਾਂ ਵਿਚ ਜੰਮੇ ਹੋਏ ਖ਼ੂਨ ਨੂੰ ਉਬਾਲ ਦੇਂਦਾ ਹੈ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਉੱਪਰ ਪਤਾ ਨਹੀਂ ਕਿੰਨਾ ਕੁ ਨਵਾਂ ਲਿਖਣ ਬੋਲਣ ਦਾ ਕੰਮ ਵਾਰਤਕ ਅਤੇ ਕਵਿਤਾ ਦੇ ਰੂਪ ਵਿਚ ਹੋ ਜਾਂਦਾ ਹੈ।

ਦਾਸ (ਕੇਵਲ ਸਿੰਘ) ਇਨ੍ਹਾਂ ਸ਼ਹਾਦਤਾਂ ਨੂੰ ਹੋਰ ਸਮਝਣ ਘੋਖਣ ਦੇ ਨਜ਼ਰੀਏ ਨਾਲ ਪੁਸਤਕਾਂ ਦੇ ਪੁਰਾਤਨ ਅਦਾਰੇ ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ ਵਿਖੇ ਸ: ਗੁਰਸਾਗਰ ਸਿੰਘ ਜੀ ਪਾਸ ਗਿਆ। ਇਤਿਹਾਸਕ ਇਹਨਾਂ ਸ਼ਹੀਦੀ ਵਰਤਾਰਿਆਂ ਦੀ ਗੱਲ ਚੱਲੀ ਤਾਂ ਕਹਿਣ ਲੱਗੇ ਤੁਸਾਂ ਅੱਲਾ ਯਾਰ ਖਾਂ ਜੋਗੀ ਦੀਆਂ ਲਿਖਤਾਂ ਜਾਂ ਭਾਈ ਦੁਨਾ ਸਿੰਘ ਜੀ ਦੀਆ ਲਿਖਤਾਂ ਜੋ ਸ੍ਰ: ਪਿਆਰਾ ਸਿੰਘ ਪਦਮ ਜੀ ਦੁਆਰਾ ਸੰਪਾਦਨ ਹਨ, ਪੜ੍ਹੀਆਂ ਹੀ ਹਨ। ਇਹਨਾਂ ਸ਼ਹੀਦੀਆਂ ਬਾਰੇ ਇਕ ਪੁਰਾਣੀ ਕਾਵਿਕ ਲਿਖਤ ਨਵੀਂ ਛਪ ਕੇ ਸਾਹਮਣੇ ਆਈ ਹੈ, ਉਸ ਨੂੰ ਵੀ ਪੜ੍ਹੋ। ਦਾਸ ਇਸ ਲਿਖਤ ਨੂੰ ਅਦਬ ਨਾਲ ਲੈ ਕੇ ਆਇਆ ਜੋ ਸ: ਗੁਰਬਖਸ਼ ਸਿੰਘ ਜੀ ਕੇਸਰੀ ਹੁਣਾਂ ਦੀ ਹੈ।

ਸਮਾਜ ਸੇਵਾ ਤੇ ਕੌਮੀ ਜ਼ਿੰਮੇਵਾਰੀਆਂ ਦੇ ਚੱਲਦੇ ਰੁਝੇਵਿਆਂ ਕਰਕੇ ਇਸ ਪੁਸਤਕ ਨੂੰ ਨਾਲ ਤਾਂ ਲੰਮਾ ਸਮਾਂ ਚੁੱਕੀ ਰੱਖਿਆ ਪਰ ਪੜ੍ਹ ਨਾ ਸਕਿਆ। ਹੁਣ ਜਦੋਂ ਰੱਬੀ ਬਖਸ਼ੇ ਸਮੇਂ ਦਰਮਿਆਨ ਇਸ ਪੁਸਤਕ ਨੂੰ ਪੜ੍ਹਨ ਦਾ ਮੌਕਾ ਮਿਲਿਆ ਤਾਂ ਰੋਮ ਰੋਮ ਬੇਮੁਹਾਰੇ ਅੰਗੜਾਈ ਲੈ ਗਿਆ। ਲੇਖਕ, ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ, ਡਾ: ਜੋਧ ਸਿੰਘ ਜੀ , ਗਿ: ਦਿੱਤ ਸਿੰਘ ਜੀ ਆਦਿ ਮਹਾਨ ਲੇਖਕਾਂ ਦਾ ਸਮਕਾਲੀ ਕੱਟੜ ਸਿੰਘ ਸਭੀਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਪਰਣਾਈ ਸ਼ਖ਼ਸੀਅਤ ਹੈ। ਪੁਸਤਕ ਦੇ ਸੰਪਾਦਕ ਡਾ: ਕਰਨੈਲ ਸਿੰਘ ਸੋਮਲ ਹਨ, ਜੋ ਕੌਮੀ ਹੀਰੇ ਸਿੰਘ ਸਭਾ ਲਹਿਰ ਦੇ ਮਹਾਨ ਯੋਧੇ ਗਿਆਨੀ ਦਿੱਤ ਸਿੰਘ ਜੀ ਦੇ ਪਿੰਡ ਨੰਦਗੜ੍ਹ ਕਲੌੜ ਦੇ ਵਸਨੀਕ ਹਨ। ਉਹਨਾਂ ਨੇ ਸ: ਗੁਰਬਖਸ਼ ਸਿੰਘ ਜੀ ਕੇਸਰੀ ਦੇ ਜੀਵਨ ਤੱਥਾਂ ਨੂੰ ਲੱਭਣ ਵਾਲੀ ਪੇਸ਼ ਕਰਨ ਵਾਲੀ ਕਮਾਲ ਕਰ ਦਿੱਤੀ ਹੈ। ਕਵਿਤਾ ਭਾਗ ਤੋਂ ਪਹਿਲਾਂ ਲੇਖਕ ਦੀ ਸ਼ਖ਼ਸੀਅਤ ਦਾ ਪੇਸ਼ ਕੀਤਾ ਗਿਆ ਜੀਵਨ ਘਾਲਣਾ ਦਾ ਸੰਖੇਪ ਅਤੇ ਮਹੱਤਵਪੂਰਨ ਖ਼ਾਕਾ ਹੈ। ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਪੜ੍ਹਦਿਆਂ ਪੜ੍ਹਦਿਆਂ ਇਸ ਕੌਮ-ਪ੍ਰਸਤ ਲੇਖਕ ਦੀ ਕਰਨੀ' ਤੇ ਨਾ ਕੇਵਲ ਮਾਣ ਹੋਇਆ ਹੈ ਬਲਕਿ ਖ਼ੁਦ ਦੀਆਂ ਕਮਜ਼ੋਰੀਆਂ ਦਾ ਪਸਚਾਤਾਪ ਵੀ ਹੋਇਆ ਹੈ। ਉਸ ਵਕਤ ਚੱਲੀਆਂ ਕਲਮਾਂ ਦਾ ਕੌਮੀ ਮੁਹਾਣ ਵਾਲਾ ਪੂਰ ਅੱਗੇ ਚੱਲ ਕੇ ਨਾਸਤਕਵਾਦ ਦੇ ਰੇਗਿਸਥਾਨ ਅੰਦਰ ਖੁਸ਼ਕ ਖੁਸ਼ਕ ਹੁੰਦਾ ਦਿਖਾਈ ਦੇਣ ਲੱਗਦਾ ਹੈ।

ਅੱਜ ਕੌਮੀ ਵਿਹੜੇ ਅੰਦਰ ਝਾਤ ਮਾਰ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰ ਪਾਤਸ਼ਾਹ ਜੀ ਦੀਆਂ ਜੀਵਨ ਘਾਲਣਾਵਾਂ ਤੋਂ ਬਲਿਹਾਰ ਜਾ ਕੇ ਲਿਖਣ ਵਾਲੀਆਂ ਕਲਮਾਂ ਟਾਵੀਆਂ ਹੀ ਨਜ਼ਰੀ ਪੈਂਦੀਆਂ ਹਨ। ਕਲਮਾਂ ਚੱਲ ਵੀ ਰਹੀਆਂ ਹਨ ਤੇ ਭੁਲੇਖਾ ਵੀ ਪਾ ਰਹੀਆਂ ਹਨ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਖ਼ਾਲਸਾ ਪੰਥ ਦੀ ਵਾੜ ਵਿਚ ਹੀ ਹਨ? ਉਨ੍ਹਾਂ ਵਿਚ ਬਹੁਤਿਆਂ ਪਾਸ ਗੁਰਬਾਣੀ ਗਿਆਨ ਦੀ ਕਮਾਈ ਹੋਈ ਗਹਿਰਾਈ ਤੇ ਮਾਣੇ ਹੋਏ ਰਸ ਦੀ ਜਿੱਥੇ ਘਾਟ ਮਹਿਸੂਸ ਹੁੰਦੀ ਹੈ, ਉੱਥੇ ਇਤਿਹਾਸਕ ਪੱਖ ਨੂੰ ਗੁਰਬਾਣੀ ਗਿਆਨ ਦੀ ਅਕੱਟ ਕਸੌਟੀ'ਤੇ ਪਰਖਣ ਦੀ ਹਿੰਮਤ ਅਤੇ ਜਾਚ ਦੇ ਪੱਖੋਂ ਕੋਰਾਪਨ ਹੈ। ਕੌਮੀ ਘਰ ਦੇ ਵਿਹੜੇ ਅੰਦਰ ਨਵੇਂ ਕੌਮ-ਪ੍ਰਸਤ ਕਲਮਕਾਰ ਤਿਆਰ ਕਰਨ ਦੀ ਬੀਤੇ ਕਈ ਦਹਾਕਿਆਂ ਤੋਂ ਤੁਰੀ ਆਉਂਦੀ ਘਾਟ ਨੇ ਆਣ ਵੰਗਾਰਿਆ ਹੈ। ਸਿੱਖ ਕੌਮ ਜਾਗਰੂਪ ਵਾਰਸਾਂ ਅਤੇ ਕੌਮੀ ਸੰਸਥਾਵਾਂ ਦੇ ਮੁਖੀਆਂ ਸਾਹਮਣੇ ਇਕ ਰੂਹ ਦੀ ਹੂਕ ਵਜੋਂ ਇਹ ਅੱਖਰ ਪੇਸ਼ ਕਰਨ ਦਾ ਹੀਆ ਕੀਤਾ ਹੈ। ਅਸੀਂ ਮੁੜ ਧਿਆਨ ਕੇਂਦ੍ਰਿਤ ਕਰੀਏ। ਆਪਣੇ ਕੌਮੀ ਅਨਮੋਲ ਸਰਮਾਏ ਨੂੰ ਗੁਰਬਾਣੀ ਗਿਆਨ ਦੇ ਯੁਗ ਪਲਟਾਊ ਬਲ ਨੂੰ ਅਪਣਾ ਕੇ ਗੁਰਮਤਿ ਸਿਧਾਂਤਾਂ ਤੇ ਸਿੱਖ ਰਹਿਤ ਮਰਯਾਦਾ ਜੀਵਨ-ਜਾਚ ਵਾਲੇ ਨੌਜਵਾਨ ਕਲਮਕਾਰ ਸਖ਼ਤ ਘਾਲਣਾ ਘਾਲ ਕੇ ਪੈਦਾ ਕਰਨ ਦਾ ਦਾਈਆ ਨਿਸ਼ਚਿਤ ਕਰੀਏ।

ਅੱਜ ਵੀ ਸਾਡੇ ਕੋਲ ਸ: ਅਜਮੇਰ ਸਿੰਘ ਜੀ ਵਰਗੇ ਪ੍ਰੌੜ ਕੌਮ-ਪ੍ਰਸਤ ਲੇਖਕ ਮੌਜੂਦ ਹਨ। ਅਜਿਹੇ ਹੋਰ ਵੀ ਵਿਦਵਾਨਾਂ ਦੀ ਦੇਖ-ਰੇਖ ਹੇਠ ਸਿੰਘ ਸਭਾ ਲਹਿਰ ਦੀ ਕੁੱਖ ਵਿਚੋਂ ਪੈਦਾ ਹੋਏ ਲੇਖਕਾਂ ਵਰਗੇ ਲੇਖਕ ਕੌਮੀ ਵਿਹੜੇ ਦਾ ਸ਼ਿੰਗਾਰ ਬਣਾ ਸਕਦੇ ਹਾਂ। ਅੱਜ ਵੀ ਸਾਡੇ ਚਹੁੰ ਪਾਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗਿਆਨ ਵਿਚਾਰਧਾਰਾ ਨੂੰ ਤੇ ਸਿੱਖ ਇਤਿਹਾਸ ਦੇ ਸਿਧਾਂਤਕ ਵਿਰਸੇ ਨੂੰ ਨੁਕਸਾਨ ਪਹੁੰਚਾਉਣ ਲਈ ਮਿਥ ਕੇ ਚਲਣ ਵਾਲੀਆਂ ਕਲਮਾਂ ਦੀ ਫੌਜ ਕੰਮ ਕਰ ਰਹੀ ਹੈ। ਜੋ ਵੱਖ-ਵੱਖ ਭਾਸ਼ਾਵਾਂ ਵਿਚ ਆਪਣੇ ਮਿਥੇ ਹੋਏ ਨਿਸ਼ਾਨੇ ਸਰ ਕਰਨ ਵਾਸਤੇ ਬਿਨ੍ਹਾਂ ਰੋਕ ਅੱਗੇ ਤੋਂ ਅੱਗੇ ਵਧਦੇ ਆ ਰਹੇ ਹਨ। ਸਿੱਖ ਜ਼ਿੰਮੇਵਾਰ ਸੰਸਥਾਵਾਂ ਦੇ ਪ੍ਰਬੰਧਕ ਕੌਮੀ ਸਮਰਪਿਤ ਭਾਵਨਾ ਤੋਂ ਭਟਕੇ ਹੋਣ ਕਰਕੇ ਕੌਮੀ ਇਕਸੁਰਤਾ ਅਤੇ ਇਕਸਾਰਤਾ ਲਈ ਬਣਦੇ ਫਰਜ਼ਾਂ ਤੋਂ ਅਵੇਸਲੇ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਛਪਦੀਆਂ ਲਿਖਤਾਂ ਵਿਚ ਭਾਰੀ ਕੁਤਾਹੀਆਂ ਕਾਰਨ ਪੈਦਾ ਹੋਏ ਨਵੇਂ ਵਿਵਾਦਾਂ ਨੇ ਕੌਮੀ ਵਿਹੜੇ ਨੂੰ ਉਦਾਸ ਕੀਤਾ ਹੈ। ਦਾਸ ਨੇ 550 ਸਾਲਾ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਮਾਗਮ ਮੌਕੇ ਵਰਤਮਾਨ ਸਮੇਂ ਸ਼੍ਰੋ: ਗੁ: ਪ੍ਰੰ: ਕਮੇਟੀ ਵਲੋਂ ਗੁਰਮਤਿ ਪ੍ਰਕਾਸ਼ ਦੇ ਕੱਢੇ ਅੰਕਾਂ ਨੂੰ 1969 ਵਿਚ ਛਪੇ ਅੰਕਾਂ ਦੇ ਲਿਖਤੀ ਅਤੇ ਛਪਾਈ ਮਿਆਰ ਦੇ ਮੁਕਾਬਲੇ ਘੋਖਵੀਂ ਦ੍ਰਿਸ਼ਟੀ ਨਾਲ ਦੇਖਿਆ ਹੈ। ਮਹਿਸੂਸ ਕੀਤਾ ਹੈ 50 ਸਾਲਾਂ ਬਾਅਦ ਸਾਡਾ ਹਰ ਮਿਆਰ ਉੱਚਾ ਹੋਣ ਦੀ ਥਾਂ ਜ਼ਮੀਨਦੋਜ਼ ਹੋਇਆ ਹੈ। ਸਥਾਪਤ ਸਿਰਮੌਰ ਸੰਸਥਾਵਾਂ ਆਪਣੀ ਸਮਰੱਥਾ ਨੂੰ ਖੋਜੀ ਕਲਮਕਾਰ ਪੈਦਾ ਕਰਨ ਲਈ ਨਿਰਨਾ ਲੈਣ। ਜਿਸ ਨਾਲ ਕੌਮ ਨੂੰ ਬਲ ਤੇ ਉਤਸ਼ਾਹ ਮਿਲੇਗਾ। ਸੰਸਾਰ ਵਿਚ ਕੌਮੀ ਜੱਸ ਹੋਵੇਗਾ।

-0-

### ਸਫਾ 19 ਦਾ ਬਾਕੀ

ਦੀ ਖੁਰਾਕ ਨਾਲ ਸਬੰਧਤ ਫ਼ਸਲਾਂ ਦੇ ਮੰਡੀਕਰਨ ਦਾ ਅੱਜ ਤੱਕ ਕੋਈ ਨਿਸ਼ਚਤ ਪ੍ਰਬੰਧ ਨਹੀਂ ਹੋਇਆ ਤਾਂ ਕੀ ਇਸ ਖੇਤੀ ਨਾਲ ਕਿਸਾਨੀ ਦਾ ਭਲਾ ਹੋ ਜਾਵੇਗਾ? **ਜੇ ਪੋਸਤ ਖੇਤੀ ਨਾਲ ਕਿਸਾਨੀ ਨੂੰ ਲਾਭ ਮਿਲਦਾ ਹੈ ਤਾਂ ਜ਼ਰੂਰ ਕਰਨੀ ਚਾਹੀਦੀ ਹੈ। ਸ਼ਰਾਬ ਦੇ ਸਰੋਤ ਗੰਨੇ ਦੀ ਦੁਰਦਸ਼ਾ ਇਹ ਹੈ ਕਿ ਕਿਸਾਨਾਂ ਨੇ ਗੁੜ ਸ਼ੱਕਰ ਬਣਾਉਣ ਤੋਂ ਚਿਰੋਕਣਾ ਮੂੰਹ ਮੋੜ ਲਿਆ ਹੋਇਆ ਹੈ।**

ਇਸ ਸੱਚ ਨੂੰ ਵੀ ਸਵੀਕਾਰ ਕਰੀਏ ਕਿ ਪੰਜਾਬ ਵਿਚ ਠੇਕੇ ਬੰਦ ਹੋਣ ਉਪਰੰਤ ਅਫ਼ੀਮਚੀਆਂ ਨੇ ਰਾਜਸਥਾਨ ਨੂੰ ਰੈਣ-ਬਸੇਰਾ ਬਣਾ ਕੇ ਪੰਜਾਬ ਦੀਆਂ ਜ਼ਮੀਨਾਂ ਵੀ ਅਫ਼ੀਮ ਨੂੰ ਹੀ ਖੁਆ ਦਿੱਤੀਆਂ ਸਨ। ਅੱਜ ਉਨ੍ਹਾਂ ਨੂੰ ਗੰਗਾਨਗਰ ਵਿਚ ਝੌਂਪੜੀਆਂ ਦੇ ਬਣੇ ਬਾਸ਼ਿੰਦੇ ਵਜੋਂ ਵੇਖਿਆ ਜਾ ਸਕਦਾ ਹੈ। ਦੁਨੀਆਂ ਦੀ ਕੁੱਲ ਅਫ਼ੀਮ ਦਾ 80-85 ਫ਼ੀਸਦ ਪੋਸਤ ਦੀ ਕਾਸ਼ਤ ਕਰਨ ਵਾਲੇ ਅਫ਼ਗਾਨਿਸਤਾਨ ਵਿਚ ਤਾਲਿਬਾਨਾਂ ਨੇ ਸੱਤਾ ਵਿਚ ਆਉਂਦਿਆਂ ਪੋਸਤ ਖੇਤੀ ਵਿਰੁੱਧ ਬੇਹੱਦ ਸਖ਼ਤੀ ਕੀਤੀ ਸੀ। ਸੰਨ 1770 ਵਿਚ ਪੋਸਤ ਖੇਤੀ ਬੰਗਾਲ ਵਿਚ ਭਿਅੰਕਰ ਕਾਲ ਦਾ ਕਾਰਨ ਬਣੀ ਸੀ। ਬ੍ਰਿਟਿਸ਼ ਦਾ ਕੁਲੀਨ ਵਰਗ ਚੀਨ ਦੀ ਚਾਹ-ਪੱਤੀ ਦਾ ਦੀਵਾਨਾ ਹੋਣ ਕਰਕੇ ਚੀਨ ਨੂੰ ਅਫ਼ੀਮਚੀ ਬਣਾ ਗਿਆ ਸੀ। ਚੀਨ ਨੇ ਅਫ਼ੀਮ ਦੇ ਕੰਟੇਨਰ ਸਮੁੰਦਰ ਵਿਚ ਰੋੜ੍ਹ ਦਿੱਤੇ ਤਾਂ ਗੋਰਿਆਂ ਨੇ ਬੁਖਲਾਹਟ ਵਿਚ ਆ ਕੇ ਓਪੀਅਮ ਵਾਰ ਨਾਲ ਜਾਣੀਆਂ ਜਾਂਦੀਆਂ ਦੋ ਜੰਗਾਂ ਕੀਤੀਆਂ।

ਸਵਾਲ ਇਹ ਵੀ ਹੈ ਕਿ ਕੀ ਕਾਨੂੰਨਨ ਸ਼ਰਾਬ ਦੇ ਠੇਕੇ ਨਾਬਾਲਗਾਂ ਨੂੰ ਸ਼ਰਾਬ ਤੋਂ ਸੁਰੱਖਿਅਤ ਰੱਖ ਸਕੇ ਹਨ ਜਾਂ ਪੰਜਾਬ ਨੂੰ ਜਾਅਲੀ ਸ਼ਰਾਬ ਦੀ ਤਸਕਰੀ ਤੋਂ ਬਚਾ ਸਕੇ ਹਨ ? ਜਵਾਬ ਨਹੀਂ ਹੈ। ਕਦੇ ਕਿਸੇ ਵੀ ਅਫ਼ੀਮ ਦੇ ਅਮਲੀਆਂ ਦੇ ਘਰਾਂ 'ਚ ਜਾ ਕੇ ਸਰਵੇ ਕਰਕੇ ਜਾਣੀਏ ਕਿ ਅਮਲੀਆਂ ਕਾਰਨ ਪਰਿਵਾਰ ਕਿਵੇਂ ਬਰਬਾਦ ਹੋਏ ਜਾਂ ਤਰੱਕੀਆਂ ਵਿਚ ਪਛੜੇ।

ਵਿਜ਼ਟਿੰਗ ਸੋਸ਼ਿਆਲੋਜਿਸਟ ਐਨ.ਜੀ.ਓ.ਜ਼ ਪ੍ਰੋਜੈਕਟਸ
ਫੌਰਮਰ ਪ੍ਰੋਜੈਕਟ ਡਾਇਰੈਕਟਰ ਤੇ ਕੌਂਸਲਰ ਨਸ਼ਾ ਛੁਡਾਊ ਕੇਂਦਰ
(ਸਰਕਾਰ ਸਪਾਂਸਰਡ)




ਗੁਰਮੁਖ ਸਿੰਘ 'ਮੱਫਲੀ ਕਲਾਂ' 99145-65367

# ਲਾਲਚੀ ਲੱਕੜਹਾਰਾ

ਬੱਚਿਓ, ਤੁਸੀਂ ਇਮਾਨਦਾਰ ਲੱਕੜਹਾਰੇ ਦੀ ਕਹਾਣੀ ਤਾਂ ਜ਼ਰੂਰ ਪੜ੍ਹੀ ਹੋਵੇਗੀ ਕਿ ਕਿਵੇਂ ਨਦੀ ਦੇ ਦੇਵਤੇ ਨੇ ਉਸ ਦੀ ਇਮਾਨਦਾਰੀ ਤੋਂ ਖ਼ੁਸ਼ ਹੋ ਕੇ ਤਿੰਨੇ ਹੀ ਕੁਹਾੜੇ (ਸੋਨੇ, ਚਾਂਦੀ ਤੇ ਉਸ ਦਾ ਲੋਹੇ ਦਾ) ਉਸ ਨੂੰ ਦਿੱਤੇ ਸੀ ਪਰ ਇਹ ਆਧੁਨਿਕ ਲੱਕੜਹਾਰਾ, ਉਸ ਲੱਕੜਹਾਰੇ ਦੀ ਤਰ੍ਹਾਂ ਇਮਾਨਦਾਰ ਅਤੇ ਮਿਹਨਤੀ ਨਹੀਂ ਹੈ। ਉਹ ਕੰਮ ਵੀ ਨਹੀਂ ਸੀ ਕਰਨਾ ਚਾਹੁੰਦਾ ਤੇ ਰਾਤੋ-ਰਾਤ ਅਮੀਰ ਵੀ ਹੋਣਾ ਚਾਹੁੰਦਾ ਹੈ।

ਇਸ ਆਧੁਨਿਕ ਲੱਕੜਹਾਰੇ ਨੂੰ ਜੇਕਰ ਪਿੰਡ ਵਿਚੋਂ ਕੋਈ ਵਿਅਕਤੀ ਆਪਣੇ ਖੇਤਾਂ ਵਿਚ ਕੰਮ ਕਰਨ ਲਈ ਦਿਹਾੜੀ 'ਤੇ ਜਾਣ ਲਈ ਕਹਿੰਦਾ ਤਾਂ ਉਹ ਉਸ ਨੂੰ ਕੰਮ 'ਤੇ ਜਾਣ ਤੋਂ ਝੱਟ ਮਨ੍ਹਾਂ ਕਰ ਦਿੰਦਾ। ਬੜੀ ਮੁਸ਼ਕਿਲ ਨਾਲ ਲੱਕੜਹਾਰੇ ਦੀ ਪਤਨੀ ਲੋਕਾਂ ਦੇ ਘਰਾਂ ਵਿਚ ਚੁੱਲ੍ਹਾ-ਚਾਕਾ ਕਰਕੇ ਘਰ ਦਾ ਗੁਜ਼ਾਰਾ ਕਰਦੀ ਸੀ।

ਇਸ ਆਧੁਨਿਕ ਲੱਕੜਹਾਰੇ ਦੀ ਪਤਨੀ ਨੇ ਉਸ ਨੂੰ ਬਥੇਰਾ ਕੋਈ ਕੰਮਕਾਰ ਕਰਨ ਲਈ ਜ਼ੋਰ ਲਾਇਆ ਪਰ ਉਸ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ। ਲੱਕੜਹਾਰੇ ਦੀ ਇਸੇ ਮਨੋਬਿਰਤੀ ਦੇ ਚਲਦਿਆਂ ਅਕਸਰ ਹੀ ਦੋਵਾਂ ਵਿਚਾਲੇ ਝਗੜਾ ਰਹਿੰਦਾ ਸੀ। ਇਸ ਰੋਜ਼ਾਂ ਝਗੜੇ ਤੋਂ ਤੰਗ ਆ ਕੇ ਲੱਕੜਹਾਰੇ ਦੀ ਪਤਨੀ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਪੇਕੇ ਘਰ ਚਲੀ ਗਈ। ਹੁਣ ਲੱਕੜਹਾਰੇ ਨੂੰ ਘਰ ਵਿਚ ਰੋਕਣ-ਟੋਕਣ ਵਾਲਾ ਕੋਈ ਨਹੀਂ ਤੇ ਆਪਣੀਆਂ ਮਨਮਰਜ਼ੀਆਂ ਕਰਦਾ। ਸਵੇਰ ਤੋਂ ਹੀ ਘਰੋਂ ਨਿਕਲ ਜਾਂਦਾ ਤੇ ਸਾਰਾ ਦਿਨ ਪਿੰਡ ਦੇ ਲੋਕਾਂ ਦੀ ਸੱਥ ਵਿਚ ਬੈਠਾ ਰਹਿੰਦਾ ਤੇ ਦੇਰ ਰਾਤ ਘਰ ਵੜਦਾ।

ਇਕ ਦਿਨ ਬੈਠੇ-ਬੈਠੇ ਇਸ ਆਧੁਨਿਕ ਲੱਕੜਹਾਰੇ ਨੇ ਇਕ ਜੁਗਤ ਲੜਾਈ ਕਿ ਕਿਉਂ ਨਾ ਆਪਣੇ ਬਜ਼ੁਰਗ ਦੀ ਤਰ੍ਹਾਂ ਹੀ ਸੋਨੇ ਤੇ ਚਾਂਦੀ ਦੇ ਕੁਹਾੜੇ ਹਾਸਲ ਕੀਤੇ ਜਾਣ। ਅਗਲੇ ਹੀ ਦਿਨ ਸਵੇਰੇ ਸਹਿਜਰੇ ਹੀ ਉਹ ਆਪਣਾ ਲੋਹੇ ਦਾ ਕੁਹਾੜਾ ਚੁੱਕ ਕੇ ਲੱਕੜਾਂ ਕੱਟਣ ਲਈ ਜੰਗਲ ਵੱਲ ਚੱਲ ਪਿਆ ਅਤੇ ਜਾਂਦੇ-ਜਾਂਦੇ ਆਪਣੇ ਮਨ ਵਿਚ ਕਈ ਤਰ੍ਹਾਂ ਦੀਆਂ ਜੁਗਤਾਂ ਘੜ ਰਿਹਾ ਸੀ। ਜੰਗਲ ਵਿਚ ਪਹੁੰਚ ਕੇ ਇਸ ਆਧੁਨਿਕ ਲੱਕੜਹਾਰੇ ਨੇ ਨਦੀ ਦੇ ਕਿਨਾਰੇ ਲੱਗੇ ਇਕ ਦਰੱਖ਼ਤ 'ਤੇ ਚੜ੍ਹ ਕੇ ਲੱਕੜਾਂ ਕੱਟਣੀਆਂ ਸ਼ੁਰੂ ਦਿੱਤੀਆਂ ਤੇ ਜਾਣ-ਬੁੱਝ ਕੇ ਲੱਕੜਾਂ ਕੱਟਦੇ ਹੋਏ ਨੇ ਆਪਣਾ ਕੁਹਾੜਾ ਨਦੀ ਵਿਚ ਸੁੱਟ ਦਿੱਤਾ ਅਤੇ ਨਦੀ ਦੇ ਕਿਨਾਰੇ ਬੈਠ ਕੇ ਮਗਰਮੱਛ ਦੇ ਹੰਝੂ ਵਹਾਉਣ ਲੱਗ ਪਿਆ। ਉਸ ਦਾ ਰੋਣਾ ਸੁਣ ਕੇ ਨਦੀ ਦਾ ਦੇਵਤਾ ਪ੍ਰਗਟ ਹੋ ਗਿਆ ਅਤੇ ਨਦੀ ਦੇ ਦੇਵਤੇ ਨੇ ਉਸ ਦੇ ਰੋਣ ਦਾ ਕਾਰਨ ਪੁੱਛਿਆ। ਆਧੁਨਿਕ ਲੱਕੜਹਾਰੇ ਨੇ ਆਪਣਾ ਘੜਿਆ-ਘੜਾਇਆ ਜਵਾਬ ਦਿੱਤਾ, ਦੇਵਤਾ ਜੀ, ਮੈਂ ਬਹੁਤ ਗ਼ਰੀਬ ਹਾਂ ਤੇ ਇਸ ਦਰੱਖਤ 'ਤੇ ਚੜ੍ਹ ਕੇ ਲੱਕੜਾਂ ਕੱਟ ਰਿਹਾ ਸੀ ਕਿ ਅਚਾਨਕ ਮੇਰੇ ਹੱਥ ਵਿਚੋਂ ਮੇਰਾ ਕੁਹਾੜਾ ਛੁੱਟ ਗਿਆ ਤੇ ਇਸ ਨਦੀ ਵਿਚ ਡਿੱਗ ਪਿਆ। ਨਦੀ ਦੇ ਦੇਵਤੇ ਨੇ ਲੱਕੜਹਾਰੇ ਨੂੰ ਕਿਹਾ ਕਿ ਤੁਸੀਂ ਨਿਰਾਸ਼ ਨਾ ਹੋਵੋ, ਮੈਂ ਤੁਹਾਡਾ ਕੁਹਾੜਾ ਹੁਣੇ ਲੈ ਕੇ ਆਇਆ। ਦੇਵਤੇ ਨੇ ਪਾਣੀ ਵਿਚ ਚੁੱਭੀ ਮਾਰੀ ਤੇ ਸੋਨੇ ਦਾ ਕੁਹਾੜਾ ਲੈ ਕੇ ਆ ਗਿਆ। ਨਦੀ ਦੇ ਦੇਵਤੇ ਦੇ ਪੁੱਛਣ ਤੋਂ ਪਹਿਲਾਂ ਹੀ ਲਾਲਚੀ ਲੱਕੜਹਾਰਾ ਬੋਲ ਪਿਆ, 'ਮਹਾਰਾਜ, ਮਹਾਰਾਜ, ਇਹੋ ਹੀ ਮੇਰਾ ਕੁਹਾੜਾ ਹੈ' ਅਤੇ ਨਦੀ ਦੇ ਦੇਵਤੇ ਨੂੰ ਪਾਣੀ ਵਿਚ ਦੂਜੀ ਚੁੱਭੀ ਮਾਰਨ ਦਾ ਮੌਕਾ ਹੀ ਨਹੀਂ ਦਿੱਤਾ।

ਲਾਲਚੀ ਲੱਕੜਹਾਰਾ ਹੁਣ ਸੋਨੇ ਦਾ ਕੁਹਾੜਾ ਪਾ ਕੇ ਬਹੁਤ ਖ਼ੁਸ਼ ਸੀ ਤੇ ਮਨ ਹੀ ਮਨ ਵਿਚ ਨਵੀਆਂ-ਨਵੀਆਂ ਸਕੀਮਾਂ ਘੜ ਰਿਹਾ ਸੀ। ਸੋਚ ਰਿਹਾ ਸੀ ਕਿ ਮੈਂ ਇਸ ਸੋਨੇ ਦੇ ਕੁਹਾੜੇ ਨੂੰ ਵੇਚ ਕੇ



ਇਕ ਵਧੀਆ ਘਰ ਬਣਾਵਾਂਗਾ, ਆਪਣੀ ਘਰ ਵਾਲੀ ਲਈ ਗਹਿਣੇ ਬਣਵਾਵਾਂਗਾ ਅਤੇ ਪੂਰੀ ਜ਼ਿੰਦਗੀ ਐਸ਼ੋ-ਆਰਾਮ ਨਾਲ ਬਿਤਾਵਾਂਗਾ।

ਘਰ ਜਾਣ ਵੇਲੇ ਲਾਲਚੀ ਲੱਕੜਹਾਰੇ ਨੂੰ ਰਸਤੇ ਵਿਚ ਹੀ ਸ਼ਾਮ ਪੈ ਗਈ। ਰਸਤੇ ਵਿਚ ਕੁਝ ਲੁਟੇਰਿਆਂ ਨੇ ਇਸ ਲਾਲਚੀ ਲੱਕੜਹਾਰੇ ਨੂੰ ਘੇਰ ਲਿਆ ਤੇ ਹੱਥ ਵਿਚ ਫੜਿਆ ਥੈਲਾ ਵਿਖਾਉਣ ਨੂੰ ਕਿਹਾ। ਹੁਣ ਲਾਲਚੀ ਲੱਕੜਹਾਰਾ ਥੈਲਾ ਨਾ ਵਿਖਾਵੇ। ਥੈਲਾ ਨਾ ਵਿਖਾਉਣ 'ਤੇ ਲੁਟੇਰਿਆਂ ਨੇ ਲਾਲਚੀ ਲੱਕੜਹਾਰੇ ਨੂੰ ਖ਼ੂਬ ਕੁਟਾਪਾ ਚਾੜ੍ਹਿਆ ਤੇ ਉਸ ਨੇ ਉਥੇ ਹੀ ਆਪਣਾ ਥੈਲਾ ਸੁੱਟ ਦਿੱਤਾ ਅਤੇ ਮਸਾਂ ਹੀ ਆਪਣੀ ਜਾਨ ਬਚਾ ਕੇ ਭੱਜਿਆ। -()-

## ਅਨਮੋਲ ਵਚਨ

- ਪੈਰ ਦੀ ਮੋਚ ਤੇ ਛੋਟੀ ਸੋਚ ਸਾਨੂੰ ਅੱਗੇ ਵਧਣ ਨਹੀਂ ਦਿੰਦੀ।
- ਕਿਸਮਤ ਨਾਲ ਲੜਨ ਵਿਚ ਮਜ਼ਾ ਆ ਰਿਹਾ ਹੈ, ਦੋਸਤੋ ਇਹ ਮੈਨੂੰ ਜਿੱਤਣ ਨਹੀਂ ਦੇ ਰਹੀ ਤੇ ਹਾਰ ਮੈਂ ਮੰਨ ਨਹੀਂ ਰਿਹਾ।
- ਜ਼ਿੰਦਗੀ ਨੂੰ ਬਦਲਣ ਲਈ ਵਕਤ ਨਹੀਂ ਲਗਦਾ, ਪਰ ਵਕਤ ਨੂੰ ਬਦਲਣ ਲਈ ਜ਼ਿੰਦਗੀ ਲੱਗ ਜਾਂਦੀ ਹੈ।
- ਕਾਮਯਾਬ ਲੋਕ ਖ਼ੁਸ਼ ਰਹਿਣ ਜਾਂ ਨਾ ਰਹਿਣ ਪਰ ਖ਼ੁਸ਼ ਰਹਿਣ ਵਾਲੇ ਲੋਕ ਕਾਮਯਾਬ ਜ਼ਰੂਰ ਹੁੰਦੇ ਹਨ।
- ਜਿਹੜਾ ਮਰਜ਼ੀ ਦਰਜਾ ਦੇ ਕੇ ਦੇਖ ਲਓ, ਛੱਡਣ ਵਾਲੇ ਛੱਡ ਹੀ ਜਾਂਦੇ ਹਨ।

ਬਾਲ ਕਹਾਣੀ

# ਅੰਗੂਰ ਮਿੱਠੇ ਹਨ

ਬਹਾਦਰ ਸਿੰਘ ਗੋਸਲ # 98764-52223

ਇਕ ਵਾਰ ਇਕ ਲੂੰਬੜੀ ਬਾਗ ਦੇ ਕੋਲੋਂ ਲੰਘ ਰਹੀ ਸੀ। ਬਾਗ ਵਿਚ ਅੰਗੂਰਾਂ ਦੀਆਂ ਉੱਚੀਆਂ-ਉੱਚੀਆਂ ਵੇਲਾਂ ਸਨ, ਜੋ ਪੱਕੇ ਅਤੇ ਵੱਡੇ-ਵੱਡੇ ਅੰਗੂਰਾਂ ਨਾਲ ਲੱਦੀਆਂ ਪਈਆਂ ਸਨ। ਬਹੁਤ ਮਿੱਠੀ ਮਹਿਕ ਆ ਰਹੀ ਸੀ। ਲੂੰਬੜੀ ਦੇ ਮੂੰਹ ਵਿਚ ਵੀ ਪਾਣੀ ਭਰ ਆਇਆ। ਉਸ ਨੇ ਅੰਗੂਰ ਖਾਣ ਦੀ ਸੋਚੀ ਅਤੇ ਵੇਲਾਂ ਪਾਸ ਚਲੀ ਗਈ, ਪਰ ਅੰਗੂਰ ਉੱਚੇ ਸਨ।

ਹੁਣ ਅੰਗੂਰ ਖਾਣ ਲਈ ਉਹ ਉੱਚੀ-ਉੱਚੀ ਛਾਲਾਂ ਲਗਾ ਕੇ ਅੰਗੂਰ ਤੋੜਨ ਦਾ ਯਤਨ ਕਰਦੀ, ਪਰ ਅੰਗੂਰਾਂ ਤੱਕ ਪਹੁੰਚ ਨਾ ਸਕੀ। ਥੱਕ-ਹਾਰ ਕੇ ਸੋਚਣ ਲੱਗੀ ਕਿ ਕੀ ਕੀਤਾ ਜਾਵੇ? ਉਸ ਨੇ ਮਨ ਵਿਚ ਸੋਚਿਆ, 'ਜੇ ਮੈਂ ਆਪਣੇ ਬਜ਼ੁਰਗਾਂ ਦੀ ਤਰ੍ਹਾਂ ਅੰਗੂਰ ਖੱਟੇ ਹਨ, ਕਹਿ ਕੇ ਚਲੀ ਗਈ, ਤਾਂ ਮੈਂ ਅੰਗੂਰ ਕਦੇ ਨਹੀਂ ਖਾ ਸਕਾਂਗੀ, ਨਾਲੇ ਬਜ਼ੁਰਗ ਤਾਂ ਪੁਰਾਣੇ ਜ਼ਮਾਨੇ ਦੇ ਸਨ, ਮੈਂ ਮਾਡਰਨ ਜ਼ਮਾਨੇ ਦੀ ਲੂੰਬੜੀ ਹਾਂ।' ਇਹ ਸੋਚ ਕੇ ਲੂੰਬੜੀ ਇਕ ਵੱਡੇ ਪੱਥਰ ਉੱਤੇ ਬੈਠ ਗਈ।

ਹੁਣ ਉਸ ਨੇ ਸੋਚਿਆ, '21ਵੀਂ ਸਦੀ ਚੱਲ ਰਹੀ ਹੈ, ਮੈਨੂੰ ਕੋਈ ਨਾ ਕੋਈ ਤਰਕੀਬ ਸੋਚਣੀ ਚਾਹੀਦੀ ਹੈ, ਨਹੀਂ ਤਾਂ ਮੇਰਾ 21ਵੀਂ ਸਦੀ ਵਿਚ ਜੰਮਣ ਦਾ ਕੀ ਫਾਇਦਾ?' ਲੂੰਬੜੀ ਬੈਠੀ ਸੋਚ ਹੀ ਰਹੀ ਸੀ ਕਿ ਦੂਰੋਂ ਆਉਂਦੇ ਇਕ ਗਧੇ ਨੇ ਉਸ ਨੂੰ ਅੰਗੂਰਾਂ ਲਈ ਛਲਾਂਗਾਂ ਲਗਾਉਂਦੀ ਨੂੰ ਦੇਖ ਲਿਆ ਸੀ। ਨੇੜੇ ਆ ਕੇ ਉਸ ਨੇ ਆਪਣੀ ਟਿਊਨ ਵਿਚ ਗਾਉਣਾ ਸ਼ੁਰੂ ਕੀਤਾ-

ਉੱਦਮ ਅੱਗੇ ਲਕਸ਼ਮੀ, ਪੱਖੇ ਅੱਗੇ ਪੌਣ।
ਜੇ ਦਲਿੱਦਰੀ ਬੈਠ ਜਾਣੇ, ਤਾਂ ਅੰਗੂਰ ਖਾਏਗਾ ਕੌਣ?

ਲੂੰਬੜੀ ਚੁੱਪ ਕਰ ਰਹੀ, ਤਾਂ ਗਧਾ ਬੋਲਿਆ, 'ਭੈਣ! ਅੰਗੂਰ ਖਾਣ ਦਾ ਇਰਾਦਾ ਹੈ ਤਾਂ ਮੇਰੇ ਲਈ ਕੋਈ ਸੇਵਾ ਦੱਸ?' ਲੂੰਬੜੀ ਖਿਝ ਕੇ ਬੋਲੀ, 'ਤੂੰ ਤਾਂ ਪਹਿਲਾਂ ਹੀ ਗਧਾ ਏਂ, ਤੂੰ ਮੇਰੀ ਕੀ ਸੇਵਾ ਕਰੇਂਗਾ?' ਹੁਣ ਗਧੇ ਤੋਂ ਵੀ ਚੁੱਪ ਨਾ ਰਿਹਾ ਗਿਆ, ਉਹ ਗੁੱਸੇ ਵਿਚ ਬੋਲਿਆ, 'ਕੀ ਤੂੰ ਵੀ ਮਨੁੱਖਾਂ ਨਾਲ ਜਾ ਰਲੀ ਅਤੇ ਮੇਰੇ ਬਾਰੇ ਮਨੁੱਖਾਂ ਵਾਂਗ ਹੀ ਸੋਚਣ ਲੱਗ ਪਈ? ਮੈਂ ਮਨੁੱਖ ਦੀ ਅੰਤਾਂ ਦੀ ਸੇਵਾ ਕਰਦਾ ਹਾਂ, ਬਿਨਾਂ ਝਗੜੇ ਅਤੇ ਬਿਨਾਂ ਬੋਲੇ, ਜਿੰਨਾ ਭਾਰ ਮਨੁੱਖ ਲੱਦ ਦਿੰਦਾ ਹੈ, ਢੋਂਦਾ ਰਹਿੰਦਾ ਹਾਂ। ਉਸ ਨੂੰ ਮੇਰੀ ਸੇਵਾ ਦੀ ਕੋਈ ਕਦਰ ਨਹੀਂ, ਉਲਟਾ ਮੇਰੀ ਸ਼ਰਾਫ਼ਤ ਅਤੇ ਚੁੱਪ ਨੂੰ ਦੇਖ ਕੇ ਹੀ ਉਹ ਮੈਨੂੰ ਗਧਾ ਕਰਕੇ ਬੁਲਾਉਂਦਾ ਹੈ। ਮੈਂ ਫਿਰ ਵੀ ਇਹੀ ਨਾਂਅ ਸਵੀਕਾਰ ਕਰ ਰੱਖਿਆ ਹੈ ਅਤੇ ਸੋਚਦਾ ਰਹਿੰਦਾ ਹਾਂ ਜਦੋਂ ਮਨੁੱਖ ਸੌ ਫੀਸਦੀ ਪੜ੍ਹ ਜਾਵੇਗਾ ਤਾਂ ਮੇਰਾ ਨਾਂਅ ਆਪ ਹੀ ਬਦਲ ਦੇਵੇਗਾ, ਪਰ ਅਜੇ ਉਹ ਟੀਚੇ ਤੋਂ ਬਹੁਤ ਦੂਰ ਹੈ।'

ਕੁਝ ਦੇਰ ਰੁਕ ਕੇ ਗਧਾ ਫਿਰ ਬੋਲਿਆ, 'ਹਾਂ, ਮੈਂ ਗਧਾ ਜ਼ਰੂਰ ਹਾਂ, ਪਰ ਮੌਕੇ 'ਤੇ ਕੰਮ ਆਉਣਾ ਅਤੇ ਕੋਈ ਨਵੀਂ ਸਕੀਮ ਦੱਸਣਾ ਮੇਰੀਆਂ ਖੂਬੀਆਂ ਵਿਚੋਂ ਇਕ ਹੈ, ਹੁਣ ਮੈਂ ਤੈਨੂੰ ਵੀ ਅੰਗੂਰ ਖਾਣ ਲਈ ਨਵੀਂ ਵਿਉਂਤ ਦੱਸਦਾ ਹਾਂ।' ਹੁਣ ਲੂੰਬੜੀ ਦੇ ਮੂੰਹ ਵਿਚੋਂ ਪਾਣੀ ਡਿਗਣ ਲੱਗਾ ਅਤੇ ਬੋਲੀ, 'ਹਾਂ-ਹਾਂ, ਛੇਤੀ ਦੱਸ, ਤਾਂ ਕਿ ਮੈਂ ਰੱਜ ਕੇ ਅੰਗੂਰ ਖਾ ਲਵਾਂ'। ਗਧੇ ਨੇ ਕਿਹਾ, 'ਮੈਂ ਵੇਲਾਂ ਹੇਠਾਂ ਖੜ੍ਹ ਜਾਵਾਂਗਾ, ਤੂੰ ਮੇਰੇ ਉੱਪਰ ਖੜ੍ਹ ਕੇ ਅੰਗੂਰਾਂ ਤੱਕ ਪਹੁੰਚ ਜਾਵੇਂਗੀ ਤੇ ਫਿਰ ਅੰਗੂਰ ਤੋੜ ਕੇ ਖਾ ਲੈਣਾ'। ਲੂੰਬੜੀ ਮੰਨ ਗਈ ਅਤੇ ਉਨ੍ਹਾਂ ਏਦਾਂ ਹੀ ਕੀਤਾ।

ਗਧੇ 'ਤੇ ਖੜ੍ਹ ਕੇ ਲੂੰਬੜੀ ਨੇ ਆਰਾਮ ਨਾਲ ਅੰਗੂਰ ਤੋੜ ਕੇ ਖਾਧੇ ਅਤੇ ਨਾਲ ਹੀ ਗਧੇ ਨੂੰ ਵੀ ਖਾਣ ਲਈ ਦਿੱਤੇ। ਹੁਣ ਗਧੇ ਨੇ ਲੂੰਬੜੀ ਨੂੰ ਪੁੱਛਿਆ, 'ਅੰਗੂਰ ਕਿਹੋ ਜਿਹੇ ਹਨ?' ਲੂੰਬੜੀ ਬੋਲੀ, 'ਅੰਗੂਰ ਤਾਂ ਬਹੁਤ ਮਿੱਠੇ ਹਨ, ਪਰ ਪਤਾ ਨਹੀਂ ਸਾਡੇ ਬਜ਼ੁਰਗ ਏਨੇ ਮਿੱਠੇ ਅੰਗੂਰਾਂ ਨੂੰ ਸਦੀਆਂ ਤੋਂ ਖੱਟੇ ਕਿਉਂ ਦੱਸੀ ਗਏ?' ਹੁਣ ਗਧਾ ਕਹਿਣ ਲੱਗਾ, "ਤੂੰ ਵੀ ਗਧੇ ਦੀ ਇਕ ਸਿਆਣੀ ਗੱਲ ਲੜ ਬੰਨ੍ਹ ਲੈਣਾ ਕਿ ਹਿੰਮਤ ਅਤੇ ਚੰਗੀ ਸੋਚ ਸਦਕਾ ਹਰ ਖੱਟੀ ਚੀਜ਼ ਮਿੱਠੀ ਬਣ ਜਾਂਦੀ ਹੈ।" -0-

# ਫੁੱਲਾਂ ਵਾਲੀ ਕਿਆਰੀ

ਬਲਜੀਤ ਸਿੰਘ ਅਕਲੀਆ 98721-21002

ਸਾਡੇ ਵਿਹੜੇ ਹੈ ਇਕ ਫੁੱਲਾਂ ਵਾਲੀ ਕਿਆਰੀ,
ਜੋ ਵੀ ਵੇਖੇ ਇਸ ਨੂੰ ਆਖੇ ਬੜੀ ਪਿਆਰੀ।
ਪਾਪਾ ਨੇ ਮਾਲੀ ਕੋਲੋਂ ਖਾਸ ਮੰਗਵਾਏ,
ਭਾਂਤ-ਭਾਂਤ ਦੇ ਫੁੱਲਾਂ ਵਾਲੇ ਬੂਟੇ ਲਗਾਏ।
ਫੁੱਲ ਪੈਣੇ ਜਦ ਜਾਣੀ ਧਰਤ ਸ਼ਿੰਗਾਰੀ,
ਸਾਡੇ ਵਿਹੜੇ ਹੈ ਇਕ ਫੁੱਲਾਂ ਵਾਲੀ ਕਿਆਰੀ।
ਨਿੱਕੇ-ਨਿੱਕੇ, ਵੱਡੇ-ਵੱਡੇ, ਰੰਗ-ਬਿਰੰਗੇ,
ਮਹਿਕਾਂ ਵੰਡਦੇ ਲਗਣ ਸੱਭ ਨੂੰ ਚੰਗੇ।
ਬਿਨਾਂ ਭੇਦ ਭਾਵ ਦੇ ਖ਼ੁਸ਼ਬੂਆਂ ਜਾਣ ਖਿਲਾਰੀ,
ਸਾਡੇ ਵਿਹੜੇ ਹੈ ਇਕ ਫੁੱਲਾਂ ਵਾਲੀ ਕਿਆਰੀ।
ਇਨ੍ਹਾਂ ਧੁੱਪ ਵਿਚ ਵੀ ਖਿੜ ਕੇ ਇਹੀ ਸਮਝਾਉਣਾ,
ਸਭਨਾਂ ਦਾ ਸਵਾਗਤ ਕਰੀਏ ਮੱਥੇ ਵੱਟ ਨਹੀਂ ਪਾਉਣਾ।
ਖੇਡ ਕੇ ਮਾਣੋ ਇਸ ਨੂੰ ਜ਼ਿੰਦਗੀ ਹੈ ਨਿਆਰੀ,
ਸਾਡੇ ਵਿਹੜੇ ਹੈ ਇਕ ਫੁੱਲਾਂ ਵਾਲੀ ਕਿਆਰੀ।
ਫੁੱਲਾਂ ਵਾਂਗ ਗੁਜ਼ਾਰੋ ਜ਼ਿੰਦਗੀ ਸਦਾ ਨਹੀਂ ਇਥੇ ਰਹਿਣਾ,
ਬਲਜੀਤ ਇਕ ਦਿਨ ਹੈ ਅਸਾਂ ਨੂੰ ਮੁਰਝਾਉਣਾ ਪੈਣਾ।
ਇੰਝ ਗੁਜ਼ਾਰੀਏ ਦਿਨ ਚੇਤੇ ਰੱਖੇ ਖ਼ਲਕਤ ਸਾਰੀ,
ਸਾਡੇ ਵਿਹੜੇ ਹੈ ਇਕ ਫੁੱਲਾਂ ਵਾਲੀ ਕਿਆਰੀ।

-0-

# ਕਰਜ਼ੇ ਦੀ ਪੰਡ

ਵੀਰਪਾਲ ਕੌਰ

'ਇਸ ਵਾਰ ਫਿਰ ਪੱਥਰ? ਭੈਣੇ ਤੇਰੀ ਧੀ ਤਾਂ ਮੇਰੇ ਪੁੱਤ ਦੀ ਪੱਥਰਾਂ ਨਾਲ ਝੋਲੀ ਭਰਨ 'ਤੇ ਤੁਲੀ ਹੋਈ ਐ, ਮੇਰੇ ਖਾਂਦਾਂ 'ਚ ਤਾਂ ਕਿਸੇ ਨੇ ਪੱਥਰ ਨਹੀਂ ਸੀ ਜੰਮੇ, ਸਗੋਂ ਲਾਲ ਹੀ ਜੰਮੇ ਨੇ, ਤੇ ਲਾਲਾਂ ਨਾਲ ਸਭ ਸੁਖੀ-ਸਾਂਦੀਂ ਵੱਸਦੇ ਐ, ਮੇਰੇ ਸੋਨੇ ਵਰਗੇ ਪੁੱਤ ਦੀ ਜਵਾਨੀ ਇਨ੍ਹਾਂ ਪੱਥਰਾਂ ਨੇ ਰੋਲ ਦੇਣੀ ਆ', ਬਿਸ਼ਨ ਸਿੰਘ ਦੀ ਮਾਂ ਆਪਣੀ ਕੁੜਮਣੀ ਨੂੰ ਤੀਜੀ ਕੁੜੀ ਹੋਣ ਦੇ ਅਫ਼ਸੋਸ 'ਚ ਮਨ ਦੀ ਭੜਾਸ ਬਾਹਰ ਕੱਢਦੀ ਹੋਈ ਕਹਿ ਰਹੀ ਸੀ।

ਦਿਨ, ਮਹੀਨੇ ਤੇ ਸਾਲ ਬੀਤਦੇ ਗਏ। ਬਿਸ਼ਨ ਸਿੰਘ ਆਪਣੇ ਕਰਜ਼ੇ ਦੀ ਮਾਰ ਹੇਠ ਆ ਆਪਣੀਆਂ ਧੀਆਂ ਨੂੰ ਸਧਾਰਨ ਸਕੂਲਾਂ ਵਿਚ ਪੜ੍ਹਾਉਂਦਾ ਰਿਹਾ। ਤਿੰਨੇ ਭੈਣਾਂ ਆਪਣੀ ਹਿੰਮਤ ਤੇ ਪਰਿਵਾਰ ਦੇ ਸਹਿਯੋਗ ਨਾਲ ਚੰਗਾ ਪੜ੍ਹ-ਲਿਖ ਗਈਆਂ। ਜਿਉਂ-ਜਿਉਂ ਉਨ੍ਹਾਂ ਦੀ ਪੜ੍ਹਾਈ ਖਤਮ ਹੁੰਦੀ ਗਈ, ਤਿਵੇਂ-ਤਿਵੇਂ ਹੀ ਪਰਮਾਤਮਾ ਦੀ ਮਿਹਰ ਨਾਲ ਉਨ੍ਹਾਂ ਨੂੰ ਨੌਕਰੀ ਮਿਲਦੀ ਗਈ।

ਇਕ ਸਰਕਾਰੀ ਅਧਿਆਪਕ, ਦੂਜੀ ਡੀ. ਐਸ. ਪੀ., ਤੀਜੀ ਡਾਕਟਰੀ ਦੀ ਡਿਗਰੀ ਲੈ ਗਈ।

ਤਿੰਨਾਂ ਹੀ ਧੀਆਂ ਨੇ ਮਿਲ ਕੇ ਆਪਣੇ ਪਿਉ ਦੀ ਗਰੀਬੀ ਤੇ ਘਰ ਦੀ ਹਾਲਤ ਨੂੰ ਥੋੜ੍ਹੇ ਹੀ ਸਮੇਂ 'ਚ ਸੁਧਾਰ ਦਿੱਤਾ। ਪੋਤੀਆਂ ਨੂੰ ਪੱਥਰ ਕਹਿਣ ਵਾਲੀ ਦਾਦੀ ਵੀ ਅੱਜ ਮੰਜੇ 'ਤੇ ਬੈਠੀ ਆਪਣੇ ਨੂੰਹ-ਪੁੱਤ ਨੂੰ ਸਲਾਹੁੰਦੀ ਨਹੀਂ ਸੀ ਥੱਕਦੀ ਤੇ ਪੋਤੀਆਂ ਨੂੰ ਵੱਡੇ ਅਹੁਦਿਆਂ 'ਤੇ ਵੇਖ ਕਹਿੰਦੀ, ਸ਼ਾਇਦ ਜੇਕਰ ਮੇਰੇ ਤਿੰਨੇ ਪੋਤੇ ਹੁੰਦੇ ਤਾਂ ਉਨ੍ਹਾਂ ਨੇ ਮੇਰੇ ਪੁੱਤ ਦੀ 'ਕਰਜ਼ੇ ਦੀ ਪੰਡ' ਭਾਰੀ ਕਰਨੀ ਸੀ, ਪਰ ਇਨ੍ਹਾਂ ਪੁੱਤਾਂ ਨੇ ਤਾਂ 'ਕਰਜ਼ੇ ਦੀ ਪੰਡ' ਆਪਣੇ ਪਿਉ ਦੇ ਸਿਰ ਤੋਂ ਚੁੱਕ ਆਪਣੇ ਸਿਰ 'ਤੇ ਰੱਖ ਲਈ ਏ, ਰੱਬਾ ਅਜਿਹੀਆਂ ਧੀਆਂ ਸਭ ਨੂੰ ਦੇਵੀਂ ਖਾਸ ਕਰਕੇ ਗਰੀਬ ਨੂੰ ਤਾਂ ਜ਼ਰੂਰ।

ਜਿਹੜੇ ਲੋਕ ਬਿਸ਼ਨ ਸਿੰਘ ਨੂੰ ਕਰਜ਼ਾਈ ਕਹਿੰਦੇ ਤੇ ਪਾਸਾ ਵੱਟ ਲੰਘਦੇ ਸੀ, ਅੱਜ ਉਹੀ ਲੋਕ ਬਿਸ਼ਨ ਸਿੰਘ ਨੂੰ ਸਲਾਮਾਂ ਕਰ ਲੰਘਦੇ ਨੇ।

-0-

# ਸਾਡਾ ਇਤਿਹਾਸ ਨੰ. 1

## ਅਸੀਂ ਕਿੱਥੇ ਹਾਂ? ਅਸਾਂ ਕਿੱਥੇ ਜਾਣਾ ਹੈ? ਤੇ ਉਥੇ ਕੀਕੂੰ ਜਾਣਾ ਹੈ?

**ਸ. ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ (ਸਿੱਖ ਰਾਜ ਪੂਰਬਲਾ ਸਮਾਂ) ਭਾਗ ਪਹਿਲਾਂ ਪੁਸਤਕ ਵਿਚੋਂ ਇਹ ਲੇਖ ਛਾਪ ਰਹੇ ਹਾਂ। ਉਮੀਦ ਹੈ ਪਾਠਕ ਜਨ ਪੜ੍ਹਕੇ ਲਾਹਾ ਲੈਣਗੇ। -ਸੰਪਾਦਕ**

**ਇਤਿਹਾਸ ਸੱਭਤਾ ਦਾ ਚਿੰਨ੍ਹ ਹੈ-**

ਸਿਆਣਿਆਂ ਨੇ ਬਾਜੀਆਂ ਗੱਲਾਂ ਮਲੂਮ ਕਰਨ ਦੇ ਗੁਰ ਥਾਪੇ ਹੋਏ ਹਨ, ਜਿਨ੍ਹਾਂ ਤੋਂ ਸਹਿਜੇ ਹੀ ਸਭ ਕੁਝ ਮਾਲੂਮ ਹੁੰਦਾ ਹੈ। ਜੇ ਕਰ ਕਿਸੇ ਦੇਸ਼ ਦੀ ਖ਼ੁਸ਼ਹਾਲੀ, ਕੰਗਾਲੀ ਦਾ ਪਤਾ ਕਰਨਾ ਹੋਵੇ, ਤਾਂ ਉਸ ਦੇਸ਼ ਦੇ ਸਿੱਕੇ ਨੂੰ ਵੇਖ ਲਵੋ। ਜੇ ਕਰ ਲੈਣ ਦੇਣ ਵਿਚ ਕੌਡੀਆਂ ਵਰਤਦੀਆਂ ਹਨ, ਤਾਂ ਉਹ ਦੇਸ਼ ਕੰਗਾਲ ਹੈ, ਜੇ ਕਰ ਸੋਨੇ ਦੇ ਸਿੱਕੇ ਦਾ ਚਲਨ ਹੈ ਤਾਂ ਉਹ ਦੇਸ਼ ਖ਼ੁਸ਼ਹਾਲ ਹੈ।

ਏਸੇ ਤਰ੍ਹਾਂ ਜੇ ਕਰ ਕਿਸੇ ਦੇਸ਼ ਦੀ ਉੱਨਤੀ ਦਾ ਪਤਾ ਕਰਨਾ ਹੋਵੇ ਤਾਂ ਪਿੰਡਾਂ ਵਿਚ ਜਾ ਕੇ ਤਰੀਮਤਾਂ ਦੀ ਹਾਲਤ ਨੂੰ ਵੇਖੋ। ਜੇ ਕਰ ਨਖਿੱਧ ਕੰਮ ਤ੍ਰੀਮਤਾਂ ਨੂੰ ਕਰਨੇ ਪੈਂਦੇ ਹਨ, ਖੇਤਾਂ ਵਿਚ ਵੀ ਤ੍ਰੀਮਤਾਂ ਹੀ ਕੰਮ ਕਰਦੀਆਂ ਹਨ, ਤਾਂ ਸਮਝ ਲਵੋ ਕਿ ਇਹ ਦੇਸ਼ ਅਜੇ ਬਹੁਤ ਪਿੱਛੇ ਹੈ। ਇਤਿਹਾਸ ਦੱਸਦਾ ਹੈ ਕਿ ਜੋ ਦੇਸ਼ ਜਿੰਨਾ ਜਾਂਗਲੀ ਹੁੰਦਾ ਹੈ, ਉਥੋਂ ਦੀਆਂ ਤ੍ਰੀਮਤਾਂ ਨੂੰ ਉਤਨੇ ਹੀ ਵਧੇਰੇ ਤੇ ਮਿਹਨਤ ਮੁਸ਼ੱਕਤ ਵਾਲੇ ਕੰਮ ਕਰਨੇ ਪੈਂਦੇ ਹਨ ਅਤੇ ਜਿਉਂ-ਜਿਉਂ ਉਹ ਦੇਸ਼ ਉੱਨਤ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਹੀ ਤ੍ਰੀਮਤਾਂ ਦੇ ਮਿਹਨਤ ਮੁਸ਼ੱਕਤ ਦੇ ਕੰਮ ਘਟਦੇ ਜਾਂਦੇ ਹਨ।

ਏਸੇ ਤਰ੍ਹਾਂ ਜੇ ਕਰ ਕਿਸੇ ਕੌਮ ਯਾ ਘਰਾਣੇ ਦੀ ਸਭਿਯਤਾ ਦਾ ਪਤਾ ਕਰਨਾ ਹੋਵੇ, ਤਾਂ ਵੇਖ ਲਵੋ ਕਿ ਉਹਨਾਂ ਦੇ ਇਤਿਹਾਸ ਦਾ ਕੀ ਹਾਲ ਹੈ। ਜੈਸਾ ਇਤਿਹਾਸ ਹੋਵੇਗਾ, ਸੱਭਤਾ ਵੀ ਵੈਸੀ ਹੀ ਹੋਵੇਗੀ। ਇਤਿਹਾਸ ਸੱਭਯਤਾ ਦਾ ਚਿੰਨ੍ਹ ਹੈ।

**ਅਸੀਂ ਕਿੱਥੇ ਹਾਂ-**

ਇਹ ਪਰਖਣ ਲਈ ਵੀ ਜਾਂਚ ਦੀ ਲੋੜ ਹੈ। ਇਕ ਨਿੱਕਾ ਬਾਲਕ ਕੋਲਾ ਲੈ ਕੇ ਕੰਧ ਉੱਤੇ ਵਿੰਗੀ-ਟੇਢੀ ਲੀਕ ਖਿੱਚ ਦੇਂਦਾ ਹੈ। ਕਹਿੰਦਾ ਹੈ ਇਹ ਮੋਰ ਹੈ। ਹੋਰ ਬਾਲਕ ਵੀ ਉਸ ਨੂੰ ਮੋਰ ਹੀ ਕਹਿੰਦੇ ਹਨ ਤੇ ਵੇਖ ਕੇ ਖੁਸ਼ ਹੁੰਦੇ ਹਨ, ਕਿ ਕਿਹਾ ਸੋਹਣਾ ਮੋਰ ਹੈ।

ਪਿੰਡਾਂ ਦੀ ਸੁਚੱਜੀ ਤ੍ਰੀਮਤ ਮਿੱਟੀ ਦੀ ਕੋਠੀ ਬਣਾਉਂਦੀ ਹੈ ਤੇ ਉਸ ਉੱਤੇ ਇਕ ਦੋ ਲੱਤਾਂ ਵਾਲਾ ਜਨੌਰ ਜਿਹਾ ਬਣਾ ਦੇਂਦੀ ਹੈ। ਦੂਜੀਆਂ ਤ੍ਰੀਮਤਾਂ ਵੇਖਣ ਆਉਂਦੀਆਂ ਹਨ ਤੇ ਖੁਸ਼ ਹੁੰਦੀਆਂ ਹਨ ਕਿ ਭਾਨੀ ਨੂੰ ਕਹੇ ਸੋਹਣੇ ਮੋਰ ਬਣਾਏ ਹਨ।

ਸੱਚ-ਮੁੱਚ, ਇਹ ਮੋਰ ਬਾਲਕਾਂ ਦੇ ਮੋਰਾਂ ਨਾਲੋਂ ਚੰਗੇ ਹਨ।

ਪੰਜਵੀਂ ਸੱਤਵੀਂ ਜਮਾਤ ਦਾ ਵਿਦਿਆਰਥੀ ਹੈ, ਜਿਸ ਨੇ ਅੱਜ ਤੀਕ ਕਿਤੇ ਮੋਰ ਨਹੀਂ ਵੇਖਿਆ, ਪਰ ਕਿਤਾਬਾਂ ਵਿਚ ਮੋਰਾਂ ਦੀਆਂ ਤਸਵੀਰਾਂ ਜ਼ਰੂਰ ਵੇਖੀਆਂ ਹਨ। ਉਹ ਕਾਗਜ਼ ਪੈਨਸਲ ਲੈ ਕੇ ਮੋਰ ਦੀ ਤਸਵੀਰ ਬਣਾਉਂਦਾ ਹੈ ਤੇ ਚੰਗੀ ਬਣਾਉਂਦਾ ਹੈ। ਉਸ ਦੇ ਦੂਜੇ ਜਮਾਤੀ ਆਪੋ ਵਿਚ ਕਹਿੰਦੇ ਹਨ ਕਿ ਗੁਰਦਿਆਲ ਸਿੰਘ ਦਾ ਹੱਥ ਕਿੱਡਾ ਸਾਫ਼ ਹੈ।

ਇਕ ਮੁਸੱਵਰ ਹੈ ਜੋ ਕਾਗਜ਼ ਉੱਤੇ ਹੂ-ਬ-ਹੂ ਮੋਰ ਬਣਾ ਦੇਂਦਾ ਹੈ ਤੇ ਵੈਸੇ ਹੀ ਰੰਗ ਭਰ ਦੇਂਦਾ ਹੈ। ਇਹ ਸੱਚ-ਮੁੱਚ ਕੁਦਰਤੀ ਮੋਰ ਹੈ।

ਪਰ ਜਿਸ ਦੀ ਜਿਤਨੀ-ਜਿਤਨੀ ਵਾਕਫ਼ੀ ਹੈ, ਉਹ ਹਰ ਇਕ ਮੋਰ ਨੂੰ ਉਤਨਾ ਹੀ ਪਸੰਦ ਕਰਦਾ ਹੈ। ਜਲੰਧਰ ਕਾਨਫਰੰਸ ਸਮੇਂ ਮੈਂ ਆਪਣੀ ਤਸਵੀਰਾਂ ਦੀ ਨੁਮਾਇਸ਼ ਵਿਚ ਇਕੋ ਤਰ੍ਹਾਂ ਦੀਆਂ ਦੋ ਤਸਵੀਰਾਂ ਰੱਖੀਆਂ ਸਨ, ਇਕ ਤਾਂ ਬਹੁਤ ਘਟੀਆ ਤਸਵੀਰ ਸੀ, ਜਿਸ ਵਿਚ ਬਰੀਕੀ ਕੁਝ ਨਹੀਂ ਸੀ, ਪਰ ਰੰਗ ਬੜੇ ਸ਼ੋਖ ਸਨ। ਇਹਨਾਂ ਤਸਵੀਰਾਂ ਉੱਤੇ ਲਿਖਿਆ ਹੋਇਆ ਸੀ ਕਿ ਦੋਹਾਂ ਵਿਚੋਂ ਆਪ ਨੂੰ ਕਿਹੜੀ ਤਸਵੀਰ ਚੰਗੀ ਲੱਗਦੀ ਹੈ। ਨੁਮਾਇਸ਼ ਤੋਂ ਮਗਰੋਂ ਮੇਰੇ ਆਦਮੀ ਨੇ ਮੈਨੂੰ ਦੱਸਿਆ ਕਿ ਬਹੁਤਿਆਂ ਨੇ ਘਟੀਆ ਤਸਵੀਰ ਨੂੰ ਹੀ ਚੰਗੀ ਜਾਣਿਆ ਸੀ, ਕਿਉਂ ਜੋ ਉਸ ਦੇ ਰੰਗ ਬੜੇ ਸ਼ੋਖ ਸਨ।

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ। ਆਪਣੀ-ਆਪਣੀ ਵਾਕਫ਼ੀ ਅਨੁਸਾਰ ਹੀ ਹਰ ਕੋਈ ਸਿੱਟਾ ਕੱਢਿਆ ਕਰਦਾ ਹੈ। ਅਸੀਂ ਕਿੱਥੇ ਹਾਂ, ਇਸ ਦਾ ਪਤਾ ਹਰ ਕੋਈ ਆਪਣੇ ਆਪ ਤੋਂ ਪੁੱਛ ਕੇ ਕਰ ਸਕਦਾ ਹੈ। ਪਰ ਜੇ ਮੈਥੋਂ ਪੁੱਛੋ, ਤਾਂ ਮੈਂ ਕਹਾਂਗਾ ਕਿ ਅਜੇ ਅਸੀਂ ਕੰਧਾਂ ਉਤੇ ਹੀ ਮੋਰ ਬਣਾ ਰਹੇ ਹਾਂ।

**ਅਸੀਂ ਕਿੱਥੇ ਜਾਣਾ ਹੈ-**

ਸਾਡੀ ਮੰਜ਼ਲ ਬੜੀ ਦੂਰ ਦੀ ਮੰਜ਼ਲ ਹੈ। ਅਸੀਂ ਬੜੇ ਦੂਰ ਬੈਠੇ ਹਾਂ ਤੇ ਅਵੇਸਲੇ ਬੈਠੇ ਹਾਂ ਤੇ ਸਮਝ ਰਹੇ ਹਾਂ ਕਿ ਅਸੀਂ ਮੰਜ਼ਲ ਮਾਰੀ ਬੈਠੇ ਹਾਂ। ਸੱਚ ਇਹ ਹੈ ਕਿ ਅਸਾਂ ਅਜੇ ਤੀਕ ਇਤਿਹਾਸ ਦੇ ਦਰਸ਼ਨ ਹੀ ਨਹੀਂ ਕੀਤੇ। ਅਸੀਂ ਜੋ ਕੁਝ ਵੇਖਦੇ ਹਾਂ ਉਸ ਨੂੰ ਇਤਿਹਾਸ ਕਹਿੰਦੇ ਹਾਂ ਅਤੇ ਜਿਸ ਦੇ ਹੱਥ ਵਿਚ ਕੋਲਾ ਆਉਂਦਾ ਹੈ, ਉਹ ਕੰਧ ਉੱਤੇ ਲੀਕ ਖਿੱਚ ਕੇ ਕਹਿ ਦਿੰਦਾ ਹੈ ਕਿ ਮੈਂ ਸੋਹਣਾ ਮੋਰ ਬਣਾਇਆ ਹੈ।

ਸਾਡੀ ਮੰਜ਼ਲ ਅਜਿਹਾ ਇਤਿਹਾਸ ਹੈ, ਜਿਹਾ ਕਿ ਸਭਿਯਾ ਕੌਮਾਂ ਦਾ ਇਤਿਹਾਸ ਹੁੰਦਾ ਹੈ। ਜੋ ਸਾਡਾ ਪਿੱਛਾ ਸਾਡੀਆਂ ਅੱਖਾਂ ਸਾਹਮਣੇ ਲਿਆ ਵਿਖਾਵੇ, ਪਿਛਲੀਆਂ ਔਕੜਾਂ ਤੋਂ ਸਾਡੀਆਂ ਆਉਣ ਵਾਲੀਆਂ ਔਕੜਾਂ ਲਈ ਸਿੱਖਿਆ ਦੇਵੇ, ਸਾਨੂੰ ਇਕ ਸਾਫ਼ ਸੜਕ ਵਿਖਾਏ ਜਿਸ ਉੱਤੇ ਅਸੀਂ ਪਿਛੇ ਚਲਦੇ ਆਏ ਸਾਂ। ਜੋ ਸਾਨੂੰ ਦੱਸੇ ਕਿ ਅਸੀਂ ਪਿੱਛੇ ਕੀ ਕੀ ਭੁੱਲਾਂ ਕੀਤੀਆਂ ਸਨ। ਉਹਨਾਂ ਭੁੱਲਾਂ ਲਈ ਸਾਨੂੰ ਕੀ ਕੀ ਦੁੱਖ ਸਹਿਣੇ ਪਏ ਤੇ ਉਨ੍ਹਾਂ ਦੁੱਖਾਂ ਤੋਂ ਅਸਾਂ ਕੀਕੂ ਛੁਟਕਾਰ ਪਾਏ। ਮੁੱਕਦੀ ਗੱਲ ਇਹ ਕਿ ਸਾਡੀ ਮੰਜ਼ਲ ਐਸਾ ਇਤਿਹਾਸ ਹੈ ਜੋ ਸਾਨੂੰ ਹਰ ਇਕ ਗੱਲ ਦਾ ਕਾਰਨ ਤੇ ਸਿੱਟਾ ਦੱਸੇ। ਜਿਸ ਇਤਿਹਾਸ ਵਿਚ ਇਹ ਦੋ ਗੱਲਾਂ ਨਹੀਂ ਹਨ, ਉਹ ਇਤਿਹਾਸ ਕੰਧ ਉਤਲੇ ਮੋਰ ਵਰਗਾ ਹੀ ਹੈ।

**ਉੱਥੇ ਕੀਕੂੰ ਜਾਣਾ ਹੈ-**

ਇਤਿਹਾਸ ਲਈ ਦੋ ਗੱਲਾਂ ਬੜੀਆਂ ਜ਼ਰੂਰੀ ਹਨ- ਇਤਿਹਾਸਕ ਮਸਾਲਾ ਤੇ ਉਸ ਨੂੰ ਵਾਚਣਾ। ਇਕ ਤੋਂ ਬਗੈਰ ਦੂਜੀ ਕਿਸੇ ਵੀ ਅਰਥ ਨਹੀਂ। ਮੈਂ ਹੁਣੇ ਹੀ ਦੱਸਾਂਗਾ ਕਿ ਕਿ 'ਵਾਚਣ' ਤੋਂ ਬਿਨਾਂ ਇਤਿਹਾਸਕ-ਮਸਾਲਾ ਕੀ ਕੁਝ ਭੁਲੇਖੇ ਪਾ ਸਕਦਾ ਹੈ।

ਇਤਿਹਾਸਕ ਮਸਾਲੇ ਦੀ ਸਾਡੇ ਪਾਸ ਭਾਰੀ ਥੁੜ੍ਹ ਹੈ ਅਤੇ ਅਜੇ ਤੀਕ ਇਸ ਥੁੜ੍ਹ ਨੂੰ ਪੂਰਾ ਕਰਨ ਦਾ ਕੋਈ ਯਤਨ ਨਹੀਂ ਕੀਤਾ ਗਿਆ। ਸੱਚ ਇਹ ਹੈ ਕਿ ਇਹ ਕੰਮ ਠਰਕੀਆਂ ਦੇ ਹਨ ਤੇ ਸਾਡੇ ਵਿਚ ਇਤਿਹਾਸ ਦੇ ਠਰਕੀ ਅਜੇ ਪੈਦਾ ਹੋਏ ਹੀ ਨਹੀਂ।

ਸਾਡੇ ਇਤਿਹਾਸ ਦਾ ਮਸਾਲਾ ਤਿੰਨ ਪਾਸਿਆਂ ਤੋਂ ਮਿਲ ਸਕਦਾ ਹੈ-

1. ਸਾਡੀਆਂ ਆਪਣੀਆਂ ਪੁਰਾਣੀਆਂ ਲਿਖਤਾਂ ਤੋਂ
2. ਮੂੰਹ-ਜ਼ਬਾਨੀ ਦੇ ਹਾਲਾਤ ਨੂੰ ਇਕੱਠਿਆਂ ਕਰਨ ਤੋਂ ਅਤੇ
3. ਫਾਰਸੀ ਅੰਗ੍ਰੇਜ਼ੀ ਦੇ ਪੁਰਾਣੇ ਇਤਿਹਾਸਾਂ ਤੋਂ।

ਮੈਂ ਹਰ-ਇਕ ਗੱਲ ਨੂੰ ਰਤਾ ਕੁ ਖੋਲ੍ਹ ਕੇ ਦੱਸਦਾ ਹਾਂ:

**1. ਸਾਡੀਆਂ ਪੁਰਾਣੀਆਂ ਲਿਖਤਾਂ–**

ਬਹੁਤ ਥੋੜ੍ਹੇ ਆਦਮੀਆਂ ਨੂੰ ਪਤਾ ਹੈ ਕਿ ਸਾਡੀਆਂ ਪੁਰਾਣੀਆਂ ਲਿਖਤਾਂ ਬਹੁਤ ਹਨ। ਇਨ੍ਹਾਂ ਤੋਂ ਬਹੁਤ ਜ਼ਰੂਰੀ ਮਸਾਲਾ ਮਿਲ ਸਕਦਾ ਹੈ। ਸਾਡੇ ਵਿਚ ਪੁਰਾਣੀਆਂ ਲਿਖਤਾਂ ਨੂੰ ਇਕੱਠੇ ਕਰਨ ਦਾ ਸ਼ੌਕ ਹੀ ਨਹੀਂ। ਉੱਨਤ ਕੌਮਾਂ ਵਿਚ ਸਰਦੇ-ਪੁੱਜਦੇ ਘਰਾਣਿਆਂ ਦੀ ਸ਼ਾਨ ਪੁਰਾਣੀਆਂ ਲਿਖਤਾਂ ਦਾ ਇਕੱਠਾ ਕਰਨਾ ਹੀ ਸਮਝੀ ਜਾਂਦੀ ਹੈ। ਮੁਗ਼ਲਾਂ ਦੇ ਸਮੇਂ ਕੋਈ ਸਰਦਾਰ ਐਸਾ ਨਹੀਂ ਸੀ, ਜਿਸ ਦੀ ਆਪਣੀ ਲਾਇਬਰੇਰੀ ਨਾ ਹੋਵੇ। ਅੱਜ ਕਲ੍ਹ ਵੀ ਪੱਛਮੀ ਅਮੀਰ ਲੋਕ ਆਪਣੇ ਪਰਾਹੁਣਿਆਂ ਨੂੰ ਫ਼ਖ਼ਰ ਨਾਲ ਆਪਣੀ ਲਾਇਬਰੇਰੀ ਵਿਖਾਉਂਦੇ ਹਨ ਤੇ ਲਿਖਤ ਨਾਲ ਪੁਰਾਣੀਆਂ ਕਿਤਾਬਾਂ ਉੱਤੇ ਬਹੁਤਾ ਫਖਰ ਕਰਦੇ ਹਨ, ਪਰ ਸਾਡੇ ਵਿਚੋਂ ਕਿਸੇ ਇਕ ਨੇ ਤਾਂ ਕੀ ਕੰਮ ਕਰਨਾ ਸੀ, ਵੱਡੇ-ਵੱਡੇ ਜਥਿਆਂ ਦੀ ਵੀ ਕੋਈ ਲਾਇਬਰੇਰੀ ਨਹੀਂ ਤੇ ਪੁਰਾਣੀਆਂ ਲਿਖਤਾਂ ਦਾ ਜ਼ਖੀਰਾ ਤਾਂ ਕਿਸੇ ਪਾਸ ਵੀ ਨਹੀਂ।

ਕੇਵਲ ਇਕ ਸੰਤ ਜਵਾਲਾ ਸਿੰਘ ਜੀ ਹਨ, ਜਿਨ੍ਹਾਂ ਨੂੰ ਪੁਰਾਣੀਆਂ ਲਿਖਤਾ ਦੇ ਇਕੱਠਾ ਕਰਨ ਦਾ ਸ਼ੌਕ ਹੈ, ਉਨ੍ਹਾਂ ਪਾਸ ਮੈਂ ਐਸੇ-ਐਸੇ ਲਿਖਤ ਦੇ ਗ੍ਰੰਥ ਵੇਖੇ ਹਨ ਜੋ ਸਰਕਾਰ ਪਟਿਆਲਾ ਦੀ ਲਾਇਬ੍ਰੇਰੀ ਵਿਚ ਵੀ ਨਹੀਂ ਹਨ। ਬਹੁਤ ਥੋੜ੍ਹਿਆਂ ਨੂੰ ਪਤਾ ਹੈ ਕਿ ਪੁਰਾਣੀਆਂ ਲਿਖਤਾਂ ਦਾ ਬਹੁਤ ਸਾਰਾ ਜ਼ਖੀਰਾ ਸੰਤ ਜਵਾਲਾ ਸਿੰਘ ਜੀ ਪਾਸ ਹੈ।

**2. ਮੂੰਹ ਜ਼ਬਾਨੀ ਦੇ ਹਾਲ–**

ਸਾਡਾ ਬਹੁਤ ਸਾਰਾ ਮਸਾਲਾ ਅਜੇ ਲਿਖਤ ਵਿਚ ਨਹੀਂ ਆਇਆ ਤੇ ਮੂੰਹ-ਜ਼ਬਾਨੀ ਯਾਦ ਹੈ। ਇਸ ਮਸਾਲੇ ਨੂੰ ਇਕੱਠਾ ਕਰਨ ਦਾ ਅੱਜ ਤੀਕ ਕੋਈ ਯਤਨ ਨਹੀਂ ਕੀਤਾ ਗਿਆ। 1904 ਈਸਵੀ ਦੀ ਗੱਲ ਹੈ ਕਿ ਮੈਨੂੰ ਇਕ ਬਿਰਧ ਪੁਰਸ਼ ਦੀ ਜ਼ਬਾਨੀ ਲਾਹੌਰ ਦਰਬਾਰ ਦੇ ਬਹੁਤ ਸਾਰੇ ਅੱਖੀਂ ਡਿੱਠੇ ਹਾਲਾਂ ਦਾ ਪਤਾ ਲੱਗਾ। ਨਾਲ ਹੀ ਮੈਨੂੰ ਇਹ ਦੱਸਿਆ ਗਿਆ ਕਿ ਹੁਣ ਦੀ ਪਲੇਗ ਪੁਰਾਣੇ ਆਦਮੀਆਂ ਦਾ ਸਫਾਇਆ ਕਰਦੀ ਜਾ ਰਹੀ ਹੈ। ਇਹ ਵੇਖ ਕੇ ਕਿ ਸਾਡਾ ਬੜਾ ਜ਼ਰੂਰੀ ਇਤਿਹਾਸਕ ਮਸਾਲਾ ਗੁੰਮ ਹੁੰਦਾ ਜਾ ਰਿਹਾ ਹੈ, ਮੈਂ ਆਪਣੀ ਬੀ.ਏ. ਦੀ ਪੜ੍ਹਾਈ ਛੱਡ ਕੇ ਪੁਰਾਣੇ-ਪੁਰਾਣੇ ਬਿਰਧਾਂ ਦੀ ਤਲਾਸ਼ ਵਿਚ ਤੁਰ ਪਿਆ। ਉਸ ਸਮੇਂ ਮੇਰੇ ਕਈ ਮਿੱਤਰਾਂ ਨੇ ਮੈਨੂੰ ਸਮਝਾਇਆ ਕਿ ਮੈਂ ਬੀ.ਏ. ਦੀ ਪੜ੍ਹਾਈ ਨਾ ਛੱਡਾਂ, ਬਲਕਿ ਕਈ ਮੈਨੂੰ ਅਜੇ ਤੀਕ ਵੀ ਚੇਤੇ ਕਰਵਾਇਆ ਕਰਦੇ ਹਨ ਕਿ ਅਸਾਂ ਤੈਨੂੰ ਅਕਲ ਦੀ ਗੱਲ ਜੋ ਕਹੀ ਸੀ, ਪਰ ਮੈਂ ਵੇਖਦਾ ਹਾਂ ਕਿ ਮੇਰਾ ਉੱਦਮ ਵਿਅਰਥ ਨਹੀਂ ਗਿਆ। ਮੈਨੂੰ ਐਸੇ-ਐਸੇ ਬਿਰਧ ਪੁਰਸ਼ ਮਿਲੇ ਸਨ, ਜੋ ਮੌਕੇ ਦੀਆਂ ਸ਼ਹਾਦਤਾਂ ਸਨ। ਇਕ ਮਹਾਰਾਜਾ ਖੜਕ ਸਿੰਘ ਦਾ ਗੜਵਈ ਸੀ ਜੋ ਸ: ਚੇਤ ਸਿੰਘ ਦੇ ਕਤਲ ਸਮੇਂ ਉਥੇ ਸੀ। ਇਕ ਸ: ਅਜੀਤ ਸਿੰਘ ਜੀ ਸੰਧਾਵਾਲੀਆ ਦਾ ਨੌਕਰ ਜੋ ਸਾਰੀਆਂ ਗੋਂਦਾਂ ਦਾ ਜਾਣੂ ਤੇ ਮਹਾਰਾਜਾ ਸ਼ੇਰ ਸਿੰਘ ਦੇ ਕਤਲ ਸਮੇਂ ਹਾਜ਼ਰ ਸੀ। ਇਕ ਸ: ਤੇਜਾ ਸਿੰਘ ਦਾ ਅਰਦਲੀ ਜੋ ਫੇਰੂ ਸ਼ਹਿਰ ਦੀ ਲੜਾਈ ਸਮੇਂ ਸ: ਤੇਜਾ ਸਿੰਘ ਦੇ ਨਾਲ ਸੀ ਤੇ ਜਾਣਦਾ ਸੀ ਕਿ ਜਿੱਤਿਆ ਹੋਇਆ ਮੈਦਾਨ ਸ: ਤੇਜਾ ਸਿੰਘ ਨੇ ਕਿਉਂ ਛੱਡ ਦਿੱਤਾ। ਇਕ ਸਰਦਾਰ ਜਵਾਹਰ ਸਿੰਘ ਦਾ ਨੌਕਰ ਜੋ ਉਸ ਦੇ ਕਤਲ ਸਮੇਂ ਉਸ ਦੇ ਨਾਲ ਸੀ। ਲਗਭਗ ਇਕ ਦਰਜਨ ਐਸੇ ਆਦਮੀ ਜੋ ਮੁਦਕੀ, ਫੇਰੂ ਸ਼ਹਿਰ, ਸਭਰਾਵਾਂ, ਰਾਮ ਨਗਰ, ਚੇਲਿਆਂ ਵਾਲੀ ਤੇ ਗੁਜਰਾਤ ਆਦਿ ਦੀਆਂ ਲੜਾਈਆਂ ਵਿਚ ਹਾਜ਼ਰ ਸਨ। ਜੇਕਰ ਉਸ ਸਮੇਂ ਮੈਂ ਉੱਦਮ ਨਾ ਕਰਦਾ, ਤਾਂ ਇਹ ਸਾਰਾ ਮਸਾਲਾ ਗੁੰਮ ਹੋ ਜਾਣਾ ਸੀ ਤੇ ਫੇਰ ਕਿਸੇ ਬਿਧ ਵੀ ਨਹੀਂ ਮਿਲਣਾ ਸੀ।

ਅਜੇ ਵੀ ਸਾਡਾ ਬਹੁਤ ਸਾਰਾ ਇਤਿਹਾਸਕ ਮਸਾਲਾ ਲੋਕਾਂ ਪਾਸ ਖਿੰਡਿਆ ਪਿਆ ਹੈ, ਜਿਸ ਨੂੰ ਇਕੱਠਾ ਕਰਨ ਦੀ ਲੋੜ ਹੈ। ਇਹ ਕਿਸੇ ਇਕ ਦੋ ਯਾ ਚਾਰ ਆਦਮੀਆਂ ਦਾ ਕੰਮ ਨਹੀਂ, ਇਹ ਜਥੇਬੰਦੀਆਂ ਦੀ ਲਗਾਤਾਰ ਕਈ ਸਾਲਾਂ ਦੀ ਮਿਹਨਤ ਦਾ ਕੰਮ ਹੈ। ਪਰ ਇਸ ਦਾ ਸਿੱਟਾ ਵੀ ਬੜਾ ਸੁਹਣਾ ਨਿਕਲੇਗਾ।

**3. ਸਮਕਾਲੀ ਇਤਿਹਾਸ–**

ਸਾਨੂੰ ਸਮਕਾਲੀ ਇਤਿਹਾਸਾਂ ਤੋਂ ਵੀ ਬੜੀ ਸਹਾਇਤਾ ਮਿਲ ਸਕਦੀ ਹੈ। ਅਨੇਕਾਂ ਇਤਿਹਾਸ ਹਨ, ਜਿਨ੍ਹਾਂ ਵਿਚ ਸਾਡੇ ਇਤਿਹਾਸ ਦੇ ਕੁਝ-ਕੁਝ ਟੁੱਕੜੇ ਪਏ ਹਨ, ਉਨ੍ਹਾਂ ਨੂੰ ਇਕ ਥਾਂ ਇਕੱਠੇ ਕਰਨ ਤੇ ਵਾਚਣ ਦੀ ਲੋੜ ਹੈ। ਇਹ ਕੰਮ ਥੋੜ੍ਹੇ ਖਰਚ 'ਤੇ ਜਤਨ ਦਾ ਕੰਮ ਹੈ, ਜਿਸ ਨੂੰ ਜਥੇ ਹੀ ਕਰ ਸਕਦੇ ਹਨ, ਕੋਈ ਇਕ ਆਦਮੀ ਨਹੀਂ ਕਰ ਸਕਦਾ।

ਮੈਂ ਪਿੱਛੇ ਦੱਸ ਆਇਆ ਹਾਂ ਕਿ ਸਾਡੇ ਕਿਸੇ ਜਥੇ ਪਾਸ ਕੋਈ ਲਾਇਬਰੇਰੀ ਨਹੀਂ, ਪਰ ਭਾਈ ਤਖ਼ਤ ਸਿੰਘ ਜੀ ਫੀਰੋਜ਼ਪੁਰ ਨੇ ਐਸੀ ਸੁੰਦਰ ਲਾਇਬਰੇਰੀ ਬਣਾ ਛੱਡੀ ਹੈ ਅਤੇ ਅਜੇਹੀਆਂ ਸੁਹਣੀਆਂ ਤਵਾਰੀਖਾਂ ਇਕੱਠੀਆਂ ਕਰ ਛੱਡੀਆਂ ਹਨ ਕਿ ਕੱਲਰ ਵਿਚ ਕੌਲ ਦੀ ਗੱਲ ਚੇਤੇ ਆ ਜਾਂਦੀ ਹੈ। ਵੱਡਿਆਂ-ਵੱਡਿਆਂ ਜਥਿਆਂ, ਵੱਡਿਆਂ-ਵੱਡਿਆਂ ਸਰਦਾਰਾਂ, ਅਮੀਰਾਂ ਤੇ ਰਾਜਿਆਂ-ਮਹਾਰਾਜਿਆਂ ਨੂੰ ਡੁੱਬ ਮਰਨਾ ਚਾਹੀਦਾ ਹੈ ਕਿ ਜੋ ਕੁਝ ਉਨ੍ਹਾਂ ਪਾਸੋਂ ਨਾ ਸਰਿਆ, ਉਹ ਕੁਝ ਭਾਈ ਤਖ਼ਤ ਸਿੰਘ ਜੀ ਨੇ ਕਰ ਵਿਖਾਇਆ। ਮੈਨੂੰ ਇਹ ਦੱਸਣ ਵਿਚ ਖ਼ੁਸ਼ੀ ਹੈ ਕਿ ਭਾਈ ਤਖ਼ਤ ਸਿੰਘ ਜੀ ਨੂੰ ਸਿੱਖ-ਇਤਿਹਾਸ ਦਾ ਠਰਕ ਹੈ। ਆਪ ਸਿੱਖ ਇਤਿਹਾਸ ਦੀ ਲੋੜ ਨੂੰ ਪੂਰੀ ਤਰ੍ਹਾਂ ਅਨੁਭਵ ਕਰਦੇ ਹਨ, ਇਹੋ ਕਾਰਨ ਹੈ ਕਿ ਆਪ ਅੱਜ ਤੀਕ, ਜਦ ਭੀ ਸਮਾਂ ਲੱਭਦਾ ਹੈ, ਔਖੇ ਸੌਖੇ ਹੋ ਕੇ ਵੀ ਤਵਾਰੀਖ ਜਮ੍ਹਾਂ ਕਰੀ ਜਾਂਦੇ ਹਨ।

ਚੂੰਕਿ ਅਸੀਂ ਆਪਣੇ ਕੌਮੀ ਇਤਿਹਾਸ ਦੀ ਲੋੜ ਨੂੰ ਪ੍ਰਤੀਤ ਨਹੀਂ ਕਰਦੇ, ਇਸ ਲਈ ਇਸ ਪਾਸੇ ਵੱਲ ਅਸੀਂ ਖਰਚ ਵੀ ਕੁਝ ਨਹੀਂ ਕਰਦੇ। ਹਿੰਦੁਸਤਾਨ ਦੀਆਂ ਕਈ ਲਾਇਬਰੇਰੀਆਂ ਵਿਚ ਅਜਿਹੀਆਂ ਤਵਾਰੀਖਾਂ ਪਈਆਂ ਹਨ, ਜਿਨ੍ਹਾਂ ਵਿਚ ਸਿੱਖਾਂ ਸੰਬੰਧੀ ਨਵੇਂ-ਨਵੇਂ ਹਾਲ ਹਨ। ਪੰਜਾਬ ਪਬਲਿਕ ਲਾਇਬਰੇਰੀ, ਖ਼ੁਦਾ ਬਖ਼ਸ਼ ਲਾਇਬਰੇਰੀ, ਰਾਮਪੁਰ ਲਾਇਬਰੇਰੀ ਅਤੇ ਜਾਦੋ ਨਾਥ ਦੀ ਲਾਇਬਰੇਰੀ ਵਿਚ ਕਈ ਤਵਾਰੀਖਾਂ ਹਨ ਜੋ ਸਿੱਖਾਂ ਦੀਆਂ ਲਾਇਬ੍ਰੇਰੀਆਂ ਵਿਚ ਹੋਣੀਆਂ ਚਾਹੀਦੀਆਂ ਹਨ। ਬਰਲਨ, ਪੈਰਿਸ ਤੇ ਲੰਡਨ ਦੀਆਂ ਲਾਇਬ੍ਰੇਰੀਆਂ ਵਿਚ ਬਹੁਤ ਸਾਰਾ ਮਸਾਲਾ ਸਾਡੇ ਇਤਿਹਾਸ ਦਾ ਪਿਆ ਹੈ, ਜਿਸ ਨੂੰ ਇਕੱਠਾ ਕਰਨ ਦੀ ਲੋੜ ਹੈ। ਥਾਂ-ਥਾਂ ਮੋਤੀ ਖਿਲਰੇ ਪਏ ਹਨ, ਪਰ ਇਕੱਠਾ ਕਰਨ ਵਾਲਾ ਕੋਈ ਨਹੀਂ ।

**4. ਇਤਿਹਾਸਕ ਮਸਾਲੇ ਨੂੰ ਵਾਚਣਾ–**

ਇਹ ਗੱਲ ਤਾਂ ਹੋਈ ਇਤਿਹਾਸਕ ਮਸਾਲੇ ਦੀ, ਜੋ ਭਾਗਾਂ ਨਾਲ ਹੀ ਇਕੱਠਾ ਹੋਊ ਤੇ ਜਿਸ ਨੂੰ ਕੋਈ ਭਾਗਾਂ ਵਾਲੀ ਹੀ ਵੇਖੂ ! ਪਰ ਜੋ ਕੁਝ ਸਾਡੇ ਪੱਲੇ ਹੈ, ਉਸ ਨੂੰ ਵੀ ਚੰਗੀ ਤਰ੍ਹਾਂ ਵਰਤਿਆ ਨਹੀਂ ਜਾਂਦਾ।

ਇਤਿਹਾਸ ਲਈ ਜਿਤਨਾ ਜ਼ਰੂਰੀ ਮਸਾਲਾ ਹੈ, ਉਸ ਤੋਂ ਵਧੇਰੇ ਜ਼ਰੂਰੀ ਉਸ ਨੂੰ ਵਾਚਣਾ ਹੈ। ਜਿਥੇ ਇਤਿਹਾਸ ਮੁਕੰਮਲ ਹੋਵੇ, ਉਥੇ ਨਵੇਂ ਲੱਭੇ ਮਸਾਲੇ ਨੂੰ ਥੋਹ ਸਿਰ ਸੁਖਾਲ ਨਾਲ ਵਰਤਿਆ ਜਾ ਸਕਦਾ ਹੈ ਪਰ ਜਿਥੇ ਇਤਿਹਾਸ ਅਧੂਰਾ ਹੋਵੇ, ਉਹ ਨਵੇਂ ਮਸਾਲੇ ਨੂੰ ਥੋਹ ਸਿਰ ਵਰਤਣਾ ਔਖਾ ਹੈ ਅਤੇ ਭੁਲੇਖਾ ਖਾ ਜਾਣ ਦਾ ਡਰ ਰਹਿੰਦਾ ਹੈ।

'ਵਾਚਣ' ਦੀ ਘੌਲ ਕਰ ਕੇ ਹੀ ਸਾਡੇ ਇਤਿਹਾਸਕਾਰ ਨੇ ਇਕੋ ਗੱਲ ਨੂੰ ਤਿੰਨ ਥਾਈਂ ਤਿੰਨ ਤਰ੍ਹਾਂ ਕਰ ਕੇ ਲਿਖਿਆ ਹੈ। ਮੈਂ 1906-1907 ਵਿੱਚ ਬੰਦਾ ਬਹਾਦਰ ਲਿਖਿਆ ਸੀ, ਚੂੰਕਿ ਨਵੇਂ ਲੱਭੇ ਮਸਾਲੇ ਨੂੰ 'ਵਾਚਣ' ਦਾ ਸਮਾਂ ਨਹੀਂ ਲੱਭਾ ਸੀ। ਇਸ ਲਈ ਮੈਂ ਬੜੀਆਂ ਭੁੱਲਾਂ ਕੀਤੀਆਂ ਸਨ। ਭਾਵੇਂ ਪਹਿਲੇ ਇਤਿਹਾਸਾਂ ਨਾਲੋਂ ਮੇਰਾ ਉੱਦਮ ਬੜਾ ਵਧ ਕੇ ਸੀ ਅਤੇ ਅੱਜ ਤੀਕ 'ਬੰਦਾ ਬਹਾਦਰ' ਚੰਗਾ ਇਤਿਹਾਸਕ ਲੇਖ ਸਮਝਿਆ ਜਾਂਦਾ ਹੈ, ਪਰ 21-22 ਸਾਲ ਮਗਰੋਂ ਹੁਣ ਜਦ ਮੈਂ ਉਸ ਨੂੰ ਪੜ੍ਹਦਾ ਹਾਂ ਤਾਂ ਮੈਂ ਆਪ ਸ਼ਰਮਿੰਦਾ ਹੁੰਦਾ ਹਾਂ ਕਿ ਮੈਂ ਕੀ ਕਰੀ ਗਿਆ ਸਾਂ।

ਜਦ ਤੀਕ ਇਤਿਹਾਸ ਨੂੰ 'ਵਾਚਿਆ' ਨਾ ਜਾਵੇ ਸਾਰੀਆਂ ਗੱਲਾਂ ਨੂੰ ਚੰਗੀ ਤਰ੍ਹਾਂ ਚੱਬਿਆ ਤੇ ਹਜ਼ਮ ਨਾ ਕੀਤਾ ਜਾਵੇ, ਇਤਿਹਾਸ ਦੇ ਕਿਸੇ ਹਿੱਸੇ ਨੂੰ ਲਿਖਣ ਦਾ ਯਤਨ ਕਰਨਾ ਜਾਣ ਕੇ ਖੂਹ ਵਿਚ ਛਾਲ ਮਾਰਨ ਦੇ ਤੁਲ ਹੈ। ਮੈਂ ਹੋਰਨਾਂ ਦੀ ਗੱਲਾਂ ਨਹੀਂ ਲਿਖਦਾ, ਮੈਂ ਆਪਣੀਆਂ ਹੀ ਗੱਲਾਂ ਦੱਸਦਾ ਹਾਂ, ਜਿਸ ਤੋਂ ਪਤਾ ਲੱਗ ਜਾਊ ਕਿ ਵਾਚਣ ਤੇ ਨਾ ਵਾਚਣ ਵਿਚ ਕਿਤਨਾ ਕੁ ਫਰਕ ਹੈ। 1903-4 ਦੀ ਗੱਲ ਹੈ ਕਿ ਮੈਂ ਗੁਰ-ਗਾਥਾ ਗ੍ਰੰਥ ਨਿਰਣੇ ਲਿਖਣਾ ਅਰੰਭਿਆ। ਮੈਂ ਆਪਣੇ ਇਤਿਹਾਸਾਂ ਨੂੰ ਵੀ ਪੜ੍ਹ

ਚੁੱਕਾ ਸਾਂ ਤੇ ਹੋਰ ਅਕਾਲੀ ਇਤਿਹਾਸਾਂ ਨੂੰ ਵੀ ਪੜ੍ਹ ਚੁੱਕਾ ਸਾਂ, ਪਰ ਵਾਚਿਆ ਕਿਸੇ ਨੂੰ ਵੀ ਨਹੀਂ ਸੀ। ਮੈਂ ਆਪਣੇ ਇਤਿਹਾਸਕ-ਗ੍ਰੰਥਾਂ ਵਿਚ ਕਈ ਮੋਟੀਆਂ-ਮੋਟੀਆਂ ਭੁੱਲਾਂ ਵੇਖੀਆਂ, ਜਿਨ੍ਹਾਂ ਨੂੰ ਮੈਂ ਸੋਧਣ ਦਾ ਜਤਨ ਕਰਨ ਲੱਗਾ। ਮੈਂ ਆਪਣੇ ਜੋਸ਼ ਵਿਚ ਇਕ ਭਾਰਾ ਪੋਥਾ ਲਿਖ ਮਾਰਿਆ ਜਿਸ ਨੂੰ ਸਿੱਖ-ਇਤਿਹਾਸ ਦੇ ਇਕ ਰਸੀਏ ਨੇ ਗਹੁ ਨਾਲ ਪੜ੍ਹਿਆ ਤੇ ਮਿਹਨਤ ਦੀ ਸ਼ਲਾਘਾ ਕਰ ਕੇ ਕਿਹਾ ਕਲਮ ਜ਼ਰਾ ਤਿੱਖੀ ਹੈ। ਇਸ ਤੋਂ ਦੋ ਤਿੰਨ ਸਾਲ ਮਗਰੋਂ ਹੀ ਮੈਨੂੰ ਸਮਝ ਆ ਗਈ ਕਿ ਮੈਂ ਐਵੇਂ ਵਿਅਰਥ ਹੀ ਮਿਹਨਤ ਕੀਤੀ ਸੀ, ਭੁੱਲਾਂ ਦੂਰ ਕਰਨ ਦੀ ਥਾਂ ਸਗੋਂ ਮੈਂ ਭੁੱਲਾਂ ਵਧਾ ਦਿੱਤੀਆਂ ਸਨ। ਇਤਿਹਾਸ ਦਾ ਨਵਾਂ ਖੋਜੀ ਜੇਕਰ ਹੁਣ ਵੀ ਮੇਰੀ ਮਿਹਨਤ ਤੇ ਖੋਜ ਦੀ ਜ਼ਰੂਰ ਸ਼ਲਾਘਾ ਕਰੇਗਾ, ਪਰ ਮੈਂ ਜਾਣਦਾ ਹਾਂ ਕਿ ਉਹ ਲਿਖਤ ਮੇਰੀ ਮੂਰਖਤਾ ਦਾ ਇਕ ਸਰੀਹਣ ਸਬੂਤ ਹੈ।

ਇਸ ਤੋਂ ਮਗਰੋਂ ਮੈਂ 'ਕੱਤਕ ਕਿ ਵਸਾਖ' ਨਾਮੇ ਕਿਤਾਬ ਲਿਖੀ। ਇਹ ਸੈਂਚੀ ਜਦ ਦੀ ਛਪੀ ਹੈ, ਮੈਂ ਨਹੀਂ ਵੇਖੀ, ਇਸ ਲਈ ਮੈਂ ਨਹੀਂ ਕਹਿ ਸਕਦਾ ਕਿ ਉਸ ਵਿਚ ਮੈਂ ਕੀ ਕੁਝ ਭੁੱਲਾਂ ਕੀਤੀਆਂ ਸਨ। ਪਰ ਇੱਕ ਗੱਲ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ ਕਿ ਜਿਸ ਕੰਮ ਲਈ ਮੈਂ ਓਦੋਂ ਕਿਤਨਾ ਕੁਝ ਲਿਖਿਆ ਸੀ, ਉਸ ਨੂੰ ਹੁਣ ਮੈਂ ਥੋੜ੍ਹੇ ਵਿੱਚ ਹੀ ਨਜਿੱਠ ਸਕਦਾ ਹਾਂ।

ਇਸ ਸੈਂਚੀ ਦੇ ਨਾਲ ਹੀ ਜੋ ਦੂਜੀ ਸੈਂਚੀ 'ਗੁਰਪੁਰਬ ਨਿਰਣੈ' ਨਾਮੇ ਲਿਖੀ ਸੀ। ਇਸ ਦੇ ਲਿਖਣ ਵਿਚ ਮੈਂ ਬੜੀ ਭਾਰੀ ਮਿਹਨਤ ਕੀਤੀ ਸੀ। ਮਿਹਨਤ ਵਿਚ ਮੈਂ ਕੋਈ ਕਸਰ ਨਹੀਂ ਛੱਡੀ ਸੀ। ਮੈਂ ਲਗਭਗ ਅੱਠ ਕੁ ਮਹੀਨੇ ਲਗਾਤਾਰ ਬਾਰਾਂ ਘੰਟੇ ਰੋਜ਼ਾਨਾ ਕੰਮ ਕਰ ਕੇ ਇਸ ਨੂੰ ਖਤਮ ਕੀਤਾ ਸੀ ਤੇ ਮੇਰਾ ਖ਼ਿਆਲ ਹੈ ਕਿ ਹੁਣ ਵੀ ਜੇ ਕੋਈ ਉਸ ਨੂੰ ਵੇਖੇਗਾ, ਮੇਰੀ ਮਿਹਨਤ ਦੀ ਸ਼ਲਾਘਾ ਕਰੇਗਾ, ਪਰ ਕਿਉਂਕਿ ਉਦੋਂ ਅਜੇ ਮੈਂ ਆਪਣੇ ਇਤਿਹਾਸ ਨੂੰ ਚੰਗੀ ਤਰ੍ਹਾਂ ਵਾਚ ਨਹੀਂ ਸਕਿਆ ਸਾਂ, ਇਸ ਲਈ ਹੁਣ ਮੈਂ ਸਮਝਦਾ ਹਾਂ ਕਿ ਮੈਂ ਕੁਝ ਕੁ ਥਾਈਂ ਉਸ ਵਿਚ ਵੀ ਭੁੱਲਾਂ ਕਰ ਬੈਠਾ ਹੋਇਆ ਹਾਂ। ਹੁਣ ਫੇਰ ਯਤਨ ਕਰਾਂ ਤਾਂ ਅੱਗੇ ਨਾਲੋਂ ਬਹੁਤ ਚੰਗਾ ਕੰਮ ਕਰਾਂ।

ਇਸ ਤੋਂ ਮਗਰੋਂ 1907 ਵਿਚ ਮੈਂ ਬੰਦਾ ਬਹਾਦਰ' ਲਿਖਿਆ। ਇਸ ਦੇ ਲਿਖਣ ਲਈ ਮੈਨੂੰ ਕੇਵਲ ਤਿੰਨ ਮਹੀਨੇ ਹੀ ਮਿਲੇ ਸਨ। ਦੋ ਮਹੀਨਿਆਂ ਵਿਚ ਫਿਰ ਫਿਰਾ ਕੇ ਮਸਾਲਾ ਇਕੱਠਾ ਕੀਤਾ ਅਤੇ ਇਕ ਮਹੀਨੇ ਵਿਚ ਉਸ ਮਸਾਲੇ ਦੀ ਤਰਤੀਬ ਕਰ ਕੇ ਇਹ ਸੈਂਚੀ ਖਤਮ ਕੀਤੀ। ਭਾਵੇਂ ਮੈਂ ਪੁਰਾਣੇ ਇਤਿਹਾਸਾਂ ਦੀ ਸਹਾਇਤਾ ਨਾਲ ਸਿੱਖ-ਇਤਿਹਾਸ ਦੇ ਇਸ ਸਮੇਂ ਦੇ ਹਾਲਾਤ ਨੂੰ ਸੁਲਝਾ ਤਾਂ ਲਿਆ। ਪਰ ਚੂੰਕਿ ਮੈਂ ਸਾਰੇ ਮਸਾਲੇ ਨੂੰ ਵਾਚ ਨਹੀਂ ਸਕਿਆ ਸਾਂ, ਇਸ ਲਈ ਮੈਂ ਅਨੇਕਾਂ ਭੁੱਲਾਂ ਕੀਤੀਆਂ ਸਨ ਅਤੇ ਇਸ ਵੇਲੇ ਜਦ ਮੈਂ ਪੜ੍ਹਦਾ ਹਾਂ, ਤਾਂ ਆਪ ਸ਼ਰਮਿੰਦਾ ਹੁੰਦਾ ਹਾਂ ਕਿ 1907 ਵਿਚ ਮੈਂ ਕਿੱਡਾ ਮੂਰਖ ਸਾਂ।

1905 ਦੀ ਗੱਲ ਹੈ ਕਿ ਮੈਂ ਦੀਵਾਨ ਰਾਜ ਜਸ ਜੀ ਦੀ ਲਿਖੀ ਹੋਈ 'ਤਵਾਰੀਖ ਰਿਆਸਤ ਕਪੂਰਥਲਾ' ਵਾਚਣ ਲੱਗਾ। ਦੀਵਾਨ ਜੀ ਕੋਈ ਇਤਿਹਾਸਕਾਰ ਤਾਂ ਸਨ ਹੀ ਨਹੀਂ, ਇਸ ਲਈ ਸ: ਜੱਸਾ ਸਿੰਘ ਜੀ ਦੇ ਪਹਿਲੇ ਹਾਲਾਤ ਵਿਚ ਆਪ ਨੇ ਬੜਾ ਝਮੇਲਾ ਪਾਇਆ ਹੈ। ਮੈਂ ਇਸ ਉਲਝੇਵੇਂ ਨੂੰ ਸੁਲਝਾਉਣਾ ਚਾਹਿਆ, ਪਰ ਦੋ ਕੁ ਹਫਤੇ ਟੱਕਰਾਂ ਮਾਰ ਕੇ ਇਹ ਕੰਮ ਛੱਡ ਦਿੱਤਾ, ਕਿਉਂ ਜੋ ਮੇਰੀ ਸਮਝ ਵਿੱਚ ਹੀ ਕੁਝ ਨਹੀਂ ਆਉਂਦਾ ਸੀ, ਪਰ 24 ਸਾਲ ਮਗਰੋਂ ਹੁਣ ਜਦ ਮੈਂ ਉਸੇ ਤਵਾਰੀਖ ਨੂੰ ਵੇਖਿਆ ਹੈ, ਤਾਂ ਮੈਨੂੰ ਕੁਝ ਵੀ ਔਖਾ ਨਹੀਂ ਜਾਪਦਾ। ਮੈਨੂੰ ਆਪਣੇ ਆਪ ਮਾਲੂਮ ਹੁੰਦਾ ਜਾਂਦਾ ਹੈ ਕਿ ਆਹ ਗੱਲ ਅੱਗੇ ਚਾਹੀਦੀ ਸੀ ਅਤੇ ਆਹ ਗੱਲ ਪਿੱਛੇ। ਆਹ ਗੱਲ ਦੀਵਾਨ ਜੀ ਨੇ ਜਾਣ ਕੇ ਗਲਤ ਲਿਖੀ ਹੈ ਅਤੇ ਐਥੇ ਦੀਵਾਨ ਜੀ ਤੋਂ ਅਣਭੋਲ ਹੀ ਭੁੱਲ ਹੋ ਗਈ ਹੈ। ਇਸ ਵੇਲੇ ਚੂੰਕਿ ਮੈਂ ਇਤਿਹਾਸ ਨੂੰ ਚੰਗੀ ਤਰ੍ਹਾਂ ਵਾਚ ਚੁੱਕਾ ਹੋਇਆ ਹਾਂ, ਇਸ ਲਈ ਆਪਣੇ ਆਪ ਹਰ ਇਕ ਗੱਲ ਖੁੱਲ੍ਹਦੀ ਜਾਂਦੀ ਹੈ।

ਉਨ੍ਹੀ ਹੀ ਦਿਨੀਂ ਛੇਵੀਂ ਪਾਤਸ਼ਾਹੀ ਜੀ ਦਾ ਸਮਾਂ ਮੇਰੀ ਸਮਝ ਵਿਚ ਨਹੀਂ ਆਉਂਦਾ ਸੀ। ਜੇਕਰ ਕੋਈ ਆਦਮੀ ਮੇਰੇ ਗੁਰਪੁਰਬ ਨਿਰਣੇ ਨੂੰ ਪੜ੍ਹੇ ਤਾਂ ਉਹ ਸਮਝ ਜਾਏਗਾ ਕਿ ਛੇਵੀਂ ਪਾਤਸ਼ਾਹੀ ਜੀ ਦੇ ਹਾਲ ਮੈਨੂੰ ਕੈਸੇ ਉਲਝੇ ਹੋਏ ਜਾਪਦੇ ਹਨ ਅਤੇ ਮੈਂ ਕਿੱਡੇ ਔਖ ਤੇ ਜਤਨ ਨਾਲ ਉਨ੍ਹਾਂ ਨੂੰ ਸੁਲਝਾ ਰਿਹਾ ਹਾਂ, ਪਰ ਹੁਣ ਉਹ ਸਮਾਂ ਮੇਰੇ ਸਾਹਮਣੇ ਸ਼ੀਸ਼ੇ ਵਾਂਗ ਹੈ ਅਤੇ ਸਭ ਅੱਗਾ-ਪਿੱਛਾ ਮੈਨੂੰ ਨਜ਼ਰ ਆ ਰਿਹਾ ਹੈ ਤੇ ਕੋਈ ਉਲਝੇਵਾਂ ਪ੍ਰਤੀਤ ਨਹੀਂ ਹੁੰਦਾ। ਕਾਰਨ ਇਹ ਹੈ ਕਿ ਮੈਂ ਇਤਿਹਾਸ ਨੂੰ ਚੰਗੀ ਤਰ੍ਹਾਂ ਵਾਚ ਚੁੱਕਾ ਹੋਇਆ ਹਾਂ।

ਮੈਂ ਹੁਣ ਵੀ ਕਹਿੰਦਾ ਹਾਂ ਕਿ ਸਾਡੇ ਇਤਿਹਾਸ ਦਾ ਛੇਵੀਂ ਪਾਤਸ਼ਾਹੀ ਜੀ ਦਾ ਸਮਾਂ, ਬੰਦਾ ਬਹਾਦਰ ਦਾ ਸਮਾਂ ਤੇ ਤਵਾਰੀਖ ਕਪੂਰਥਲਾ ਦਾ ਸ੍ਰ: ਜੱਸਾ ਸਿੰਘ ਜੀ ਦਾ ਸਮਾਂ ਇਹ ਐਸੇ ਉਲਝੇ ਹੋਏ ਹਨ ਕਿ ਕੋਈ ਆਦਮੀ ਜਿਸ ਨੇ ਦਸ ਵੀਹ ਸਾਲ ਇਤਿਹਾਸ ਨੂੰ ਚੰਗੀ ਤਰ੍ਹਾਂ ਵਾਚਿਆ ਹੋਇਆ ਨਾ ਹੋਵੇ, ਇਹਨਾਂ ਸਾਰਿਆਂ ਦੇ ਹਾਲਾਂ ਨੂੰ ਠੀਕ ਨਹੀਂ ਕਰ ਸਕਦਾ। ਪਹਿਲੇ ਦਿਨਾਂ ਵਿਚ ਮੈਂ ਆਪ ਇਹਨਾਂ ਹਾਲਾਂ ਨੂੰ ਪੜ੍ਹ-ਪੜ੍ਹ ਕੇ ਘਬਰਾ ਜਾਇਆ ਕਰਦਾ ਸਾਂ। ਮੈਨੂੰ ਨਿਸਚਾ ਹੈ ਕਿ ਜੋ ਵੀ ਖੋਜੀ ਇਨ੍ਹਾਂ ਨੂੰ ਪੜ੍ਹੇਗਾ, ਉਹ ਜ਼ਰੂਰ ਘਬਰਾ ਜਾਏਗਾ, ਪਰ ਜਿਉਂ-ਜਿਉਂ ਉਹ ਇਤਿਹਾਸ ਨੂੰ ਵਾਚਦਾ ਜਾਵੇਗਾ ਗੁੰਝਲਾਂ ਆਪਣੇ ਆਪ ਖੁਲ੍ਹਦੀਆਂ ਜਾਣਗੀਆਂ।

ਸ੍ਰ: ਰਤਨ ਸਿੰਘ ਜੀ ਨੇ ਆਪਣੇ 'ਪੰਥ ਪ੍ਰਕਾਸ਼' ਵਿਚ ਕੋਈ ਉਲਝੇਵੇਂ ਵਾਲੀ ਗੱਲ ਨਹੀਂ ਰੱਖੀ ਅਤੇ ਸੋਹਣੇ ਕ੍ਰਮਵਾਰ ਹਾਲ ਲਿਖੇ ਹਨ, ਪਰ ਕਿਤੇ ਕਿਤੇ ਆਪ ਵੀ ਅਜੇਹੀਆਂ ਗੱਲਾਂ ਲਿਖ ਗਏ ਹਨ, ਜਿਨ੍ਹਾਂ ਦਾ ਸਾਲ ਸੰਮਤ ਦੇਣਾ ਆਪ ਨੂੰ ਯਾਦ ਨਹੀਂ ਰਿਹਾ। ਜਿਸ ਆਦਮੀ ਨੇ ਇਤਿਹਾਸ ਨੂੰ 'ਵਾਚਿਆ' ਹੋਇਆ ਨਾ ਹੋਵੇਗਾ, ਉਹ ਜ਼ਰੂਰ ਭੁਲੇਖਾ ਖਾ ਜਾਏਗਾ ਅਤੇ ਇਹੋ ਕਾਰਨ ਹੈ ਕਿ ਭਾਈ ਗਿਆਨ ਸਿੰਘ ਜੀ ਨੇ ਆਪਣੇ 'ਪੰਥ ਪ੍ਰਕਾਸ਼' ਵਿਚ ਉਨ੍ਹਾਂ ਹਾਲਾਂ ਤੋਂ ਬੜਾ ਭੁਲੇਖਾ ਖਾਧਾ ਹੈ। ਮੈਂ ਕਈ ਸਾਲਾਂ ਤੀਕ ਭੁਲੇਖੇ ਵਿਚ ਰਿਹਾ। ਮੈਂ ਬਥੇਰਾ ਜਤਨ ਕੀਤਾ, ਪਰ ਰਾਹ ਸਾਫ ਨਾ ਹੋਵੇ। ਮੇਰਾ ਦਿਲ ਗਵਾਹੀ ਦੇਂਦਾ ਸੀ ਕਿ ਸ੍ਰ: ਰਤਨ ਸਿੰਘ ਉਲਝਣ ਪਾਉਣ ਵਾਲਾ ਬੰਦਾ ਨਹੀਂ, ਪਰ ਮੇਰੀ ਸਮਝ ਵਿਚ ਕੁਝ ਨਹੀਂ ਬੈਠਦਾ ਸੀ। ਮੈਂ ਇਹੋ ਸਮਝੀ ਗਿਆ ਕਿ ਅਜੇ ਮੈਂ ਇਤਿਹਾਸ ਨੂੰ ਚੰਗੀ ਤਰ੍ਹਾਂ ਵਾਚ ਨਹੀਂ ਸਕਿਆ, ਸੋ ਮੈਂ ਵਾਚੀ ਗਿਆ ਤੇ 'ਪੰਥ ਪ੍ਰਕਾਸ਼' ਦਾ ਪਾਠ ਕਰੀ ਗਿਆ। ਦੋ ਸਾਲ ਹੋਏ ਹਨ ਕਿ ਉਹ ਗੁੰਝਲਾਂ ਆਪੇ ਖੁੱਲ੍ਹ ਗਈਆਂ ਹਨ ਅਤੇ ਮੇਰਾ ਰਾਹ ਬਿਲਕੁਲ ਸਾਫ ਹੋ ਗਿਆ ਹੈ। ਮੈਂ ਹੈਰਾਨ ਹਾਂ ਕਿ ਖੋਜੀ ਇਕ ਦੋ ਇਧਰ-ਉਧਰ ਦੀਆਂ ਤਵਾਰੀਖਾਂ ਫੜ ਕੇ ਇਤਿਹਾਸ ਲਿਖਣ ਦਾ ਜਤਨ ਕਰਦੇ ਹਨ, ਉਹ ਕਿਸ ਤਰ੍ਹਾਂ ਗਲਤੀਆਂ ਤੋਂ ਬਚ ਸਕਦੇ ਹਨ। ਸਿੱਖ-ਇਤਿਹਾਸ ਦਾ ਕੰਮ ਅਜੇ ਬਹੁਤ ਔਖਾ ਕੰਮ ਹੈ। ਇਸ ਮੈਦਾਨ ਵਿਚ ਹਰ ਇਕ ਘੋੜ-ਚੜ੍ਹਾ ਤਲਵਾਰ ਨਹੀਂ ਮਾਰ ਸਕਦਾ।

ਮੈਂ ਇਤਿਹਾਸ 'ਵਾਚਣ' ਉਤੇ ਬਹੁਤ ਜ਼ੋਰ ਦਿੱਤਾ ਹੈ ਅਤੇ ਇਸ ਨੂੰ ਮੈਂ ਜ਼ਰੂਰੀ ਵੀ ਬਹੁਤ ਸਮਝਦਾ ਹਾਂ। ਮੈਨੂੰ ਨਿੱਕੀ ਉਮਰ ਤੋਂ ਇਤਿਹਾਸ ਦਾ ਠਰਕ ਸੀ। ਪਿੱਛਲੇ ਪੰਝੀ ਕੁ ਸਾਲ ਤੋਂ ਮੈਂ ਲਗਾਤਾਰ ਸਿੱਖ-ਇਤਿਹਾਸ ਨੂੰ ਵਾਚਦਾ ਆ ਰਿਹਾ ਹਾਂ, ਪਰ ਅਜੇ ਵੀ ਕਿਤੇ-ਕਿਤੇ ਮੈਨੂੰ ਅਟਕਾਂ ਭਾਸਦੀਆਂ ਹਨ। ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਇਸੇ ਮਸਾਲੇ ਤੋਂ, ਜਿਸ ਨੇ ਵੀਹ ਸਾਲ ਤਕ ਮੇਰੀ ਮੱਤ ਮਾਰ ਛੱਡੀ ਸੀ, ਦੂਜਾ ਆਦਮੀ ਕੀਕੂੰ ਠੀਕ ਸਿੱਟੇ ਕੱਢ ਸਕਦਾ ਹੈ, ਜਦ ਕਿ ਉਸ ਨੇ ਉਸ ਸਮੇਂ ਦੇ ਇਤਿਹਾਸ ਨੂੰ ਚੰਗੀ ਤਰ੍ਹਾਂ ਵਾਚਿਆ ਨਾ ਹੋਵੇ। ਜਦ ਰਾਹ ਸਾਫ ਹੋ ਗਿਆ, ਤਾਂ ਇਤਨੇ ਵਾਚਣ ਦੀ ਲੋੜ ਨਹੀਂ ਰਹੇਗੀ, ਪਰ ਇਸ ਤੋਂ ਪਹਿਲਾਂ ਪਹਿਲਾਂ ਜੇ ਕਰ ਕੋਈ ਨੇਕ ਨੀਤੀ ਨਾਲ ਇਤਿਹਾਸ ਲਿਖਣਾ ਚਾਹੇ ਉਸ ਲਈ ਜ਼ਰੂਰੀ ਹੈ ਕਿ ਉਹ ਦਸ ਵੀਹ ਸਾਲ ਇਸ ਕੰਮ ਉੱਤੇ ਲਾਏ, ਨਹੀਂ ਤਾਂ ਗੱਢ-ਤਰੁਪ ਕਰ ਦੇਣਾ ਤਾਂ ਕੋਈ ਔਖਾ ਕੰਮ ਨਹੀਂ ਅਤੇ ਜਾਣਕਾਰ ਆਦਮੀ ਇਸ ਨੂੰ 'ਇਤਿਹਾਸ' ਨਹੀਂ ਆਖ ਸਕਦੇ ਅਤੇ ਨਾ ਹੀ ਕੌਮ ਦਾ ਇਸ ਤੋਂ ਕੁਝ ਭਲਾ ਹੋ ਸਕਦਾ ਹੈ।

ਨਾਲ ਲੱਗਦੀ ਹੀ ਇਕ ਗੱਲ ਮੈਂ ਹੋਰ ਵੀ ਦੱਸ ਦੇਂਦਾ ਹਾਂ। ਸਿੱਖ ਰਿਆਸਤਾਂ ਦਾ ਇਤਿਹਾਸ ਸਾਡੇ ਕੌਮੀ ਇਤਿਹਾਸ ਦਾ ਇਕ ਜ਼ਰੂਰੀ ਅੰਗ ਹੈ। ਪਰ ਕੁਝ ਕੁ ਕਾਰਨਾਂ ਕਰ ਕੇ ਹਰ ਇਕ ਰਿਆਸਤ ਦੇ ਇਤਿਹਾਸ ਵਿਚ ਥਾਜ਼ੀ-ਥਾਜ਼ੀ ਥਾਈਂ ਜਾਣ-ਬੁਝ ਕੇ ਭੁੱਲਾਂ ਪਾਈਆਂ ਗਈਆਂ ਹਨ। ਉਨ੍ਹਾਂ ਭੁੱਲਾਂ ਤੋਂ ਬਚਣਾ ਬੜਾ ਔਖਾ ਹੈ ਅਤੇ ਇਸ ਗੱਲ ਲਈ ਇਤਿਹਾਸ ਦਾ ਡੂੰਘਾ ਵਾਚਣਾ ਬੜਾ ਜ਼ਰੂਰੀ ਹੈ। ਮਹਾਰਾਜਾ ਅਮਰ ਸਿੰਘ ਜੀ ਦੇ ਸਮੇਂ ਆਪ ਦੇ ਛੋਟੇ ਭਾਈ ਨੇ ਅੱਧੀ ਰਿਆਸਤ ਦਾ ਦਾਅਵਾ ਕਰ ਦਿੱਤਾ ਸੀ। ਉਸ ਵੇਲੇ

ਇਹ ਸਿੱਧ ਕਰਨਾ ਸੀ ਕਿ ਰਾਜ ਗੱਦੀ ਵੱਡੇ ਭਾਈ ਦਾ ਹੱਕ ਹੈ, ਛੋਟੇ ਨੂੰ ਗੁਜ਼ਾਰਾ ਹੀ ਮਿਲਦਾ ਆਇਆ ਹੈ। ਅਸਲ ਵਿਚ ਮਹਾਰਾਜਾ ਅਮਰ ਸਿੰਘ ਜੀ ਛੋਟੇ ਸਨ ਤੇ ਕੰਵਰ ਹਿੰਮਤ ਸਿੰਘ ਜੀ ਵੱਡੇ, ਸੋ ਉਸ ਸਮੇਂ ਇਹੋ ਸਿੱਧ ਕੀਤਾ ਗਿਆ ਕਿ ਮਹਾਰਾਜਾ ਅਮਰ ਸਿੰਘ ਜੀ ਵੱਡੇ ਸਨ, ਤੇ ਕੰਵਰ ਹਿੰਮਤ ਸਿੰਘ ਜੀ ਛੋਟੇ। ਇਸ ਦੇ ਨਾਲ ਸੰਮਤ 1820 ਤੋਂ 30 ਤੀਕ ਦੇ ਹਾਲਾਤ ਦੀ ਅਜੇਹੀ ਉਲਟਾ ਫੇਰੀ ਕੀਤੀ ਗਈ ਕਿ ਤੰਦ ਤਾਣੀ ਹੀ ਉਲਝ ਗਈ। ਕੋਈ ਆਦਮੀ ਜੋ ਸਾਧਾਰਨ ਰੀਤ ਨਾਲ ਇਨ੍ਹਾਂ ਹਾਲਾਂ ਨੂੰ ਪੜ੍ਹੇਗਾ, ਜ਼ਰੂਰ ਭੁਲੇਖਾ ਖਾ ਜਾਏਗਾ ਪਰ ਗਹੁ ਕਰਨ ਤੇ 'ਵਾਚਣ' ਦੇ ਚਾਨਣੇ ਨਾਲ ਸਭ ਕੁਝ ਸਾਫ਼ ਭਾਸ ਪਵੇਗਾ।

ਇਤਿਹਾਸ ਪਟਿਆਲਾ ਵਿਚ ਮੰਨਿਆ ਹੈ ਕਿ ਬੁਲਾਡਾ ਸਰ ਕਰ ਕੇ ਫੇਰ ਭਾਈਕਿਆਂ ਨੂੰ ਦਿੱਤਾ ਗਿਆ। ਭਾਈਕੇ ਮੰਨਦੇ ਹਨ ਕਿ ਸੁਨਾਮ ਅਸਾਂ ਸਰ ਕਰ ਕੇ ਮਹਾਰਾਜਾ ਆਲਾ ਸਿੰਘ ਜੀ ਨੂੰ ਦਿੱਤਾ । ਇਤਿਹਾਸ ਪਟਿਆਲਾ ਵਿਚ ਮੰਨਿਆ ਹੈ ਕਿ ਕੰਵਰ ਹਿੰਮਤ ਸਿੰਘ ਜੀ ਦੇ ਉਲਟ ਸਹਾਇਤਾ ਦੇਣ ਦੇ ਕਾਰਨ ਮਹਾਰਾਜਾ ਅਮਰ ਸਿੰਘ ਜੀ ਨੇ ਈਸੜੂ ਦਾ ਇਲਾਕਾ ਸ੍ਰ: ਜੱਸਾ ਸਿੰਘ ਜੀ ਨੂੰ ਦੇ ਦਿੱਤਾ, ਇਤਿਹਾਸ ਕਪੂਰਥਲਾ ਵਿਚ ਮੰਨਿਆ ਹੈ ਕਿ ਸ੍ਰ: ਜੱਸਾ ਸਿੰਘ ਜੀ ਨੇ ਇਸ ਤੋਂ ਅੱਠ ਸਾਲ ਪਹਿਲਾਂ ਈਸੜੂ ਤੇ ਪਾਇਲ ਦਾ ਇਲਾਕਾ। ਸਰ ਕੀਤਾ ਸੀ ਤੇ ਚੂੰਕਿ ਆਪ ਨੇ ਮਹਾਰਾਜਾ ਅਮਰ ਸਿੰਘ ਜੀ ਨੂੰ ਅੰਮ੍ਰਿਤ ਛਕਾਇਆ ਹੋਇਆ ਸੀ, ਇਸ ਲਈ ਪਾਇਲ ਦਾ ਇਲਾਕਾ ਮਹਾਰਾਜਾ ਸਾਹਿਬ ਨੂੰ ਦੇ ਦਿੱਤਾ।

ਇਸੇ ਤਰ੍ਹਾਂ ਅਨੇਕ ਗੱਲਾਂ ਲਿਖੀਆਂ ਜਾ ਸਕਦੀਆਂ ਹਨ, ਜੋ ਜਾਣ ਬੁੱਝ ਕੇ ਕਿਸੇ ਨਾ ਕਿਸੇ ਕਾਰਨ ਕਰ ਕੇ ਇਤਿਹਾਸਾਂ ਵਿਚ ਲਿਖੀਆਂ ਗਈਆਂ ਹਨ। ਇਹਨਾਂ ਭੁੱਲਾਂ ਤੋਂ ਕਦੇ ਬਚਿਆ ਜਾ ਸਕਦਾ ਹੈ, ਜੇ ਕਰ ਇਤਿਹਾਸ ਨੂੰ ਪੂਰੀ ਤਰ੍ਹਾਂ ਵਾਚਿਆ ਹੋਇਆ ਹੋਵੇ। ਇਤਿਹਾਸ ਦੇ ਵਾਚਣ ਨਾਲ ਤੁਹਾਡੇ ਵਿਚ ਇਕ ਸ਼ਕਤੀ ਪੈਦਾ ਹੋ ਜਾਵੇਗੀ, ਜਿਸ ਨਾਲ ਉਲਟੀ-ਪੁਲਟੀ ਗੱਲ ਨੂੰ ਵੇਖਦੇ ਸਾਰ ਤੁਸੀ ਸਭ ਕੁਝ ਸਮਝ-ਬੁਝ ਜਾਵੋਗੇ।

ਪਿਛਲੇ ਸਮਿਆਂ ਵਿਚ ਖਵਾਸ ਪੁਰੇ ਦਾ ਇਕ ਚਲਾਕ ਆਦਮੀ ਸੀ, ਜਿਸ ਨੇ ਝੂਠੇ ਫ਼ੁਰਮਾਨ ਬਣਾ ਕੇ ਸਰਕਾਰ ਕਪੂਰਥਲਾ, ਸਰਕਾਰ ਪਟਿਆਲਾ ਤੇ ਭਦੌੜ ਦੇ ਸਰਦਾਰਾਂ ਨੂੰ ਚੰਗਾ ਠੱਗਿਆ। ਉਹ ਫ਼ੁਰਮਾਨ ਅੱਜ ਤੀਕ ਸੱਚੇ ਫ਼ੁਰਮਾਨ ਸਮਝੇ ਜਾਂਦੇ ਹਨ ਅਤੇ ਤਵਾਰੀਖਾਂ ਵਿਚ ਉਹਨਾਂ ਤੋਂ ਗਲਤ ਸਿੱਟੇ ਕੱਢੇ ਗਏ ਹਨ। ਮੈਂ ਆਪ ਵੀ ਪਹਿਲਾ ਭੁਲੇਖਾ ਖਾਂਦਾ ਰਿਹਾ ਸਾਂ, ਪਰ ਇਤਿਹਾਸ ਦੇ ਵਾਚਣ ਨਾਲ ਅੰਤ ਮੈਨੂੰ ਚਾਨਣਾ ਹੋ ਗਿਆ ਅਤੇ ਮੈਂ ਬਹੁਤ ਸਾਰੀਆਂ ਭੁੱਲਾਂ ਤੋਂ ਬਚ ਗਿਆ।

ਮੁੱਕਦੀ ਗੱਲ ਇਹ ਕਿ ਜੋ ਮਸਾਲਾ ਸਾਹਮਣੇ ਹੈ, ਸਿੱਖ ਇਤਿਹਾਸ ਦਾ ਇਸ ਵੇਲੇ ਸਾਡੇ ਸਾਹਮਣੇ ਹੈ ਉਸ ਤੋਂ ਜੇਕਰ ਕਿਸੇ ਨੇ ਇਤਿਹਾਸ ਲਿਖਣਾ ਹੋਵੇ ਤਾਂ ਜੇਕਰ ਉਹ ਦਸ-ਵੀਹ ਸਾਲ ਲਗਾਤਾਰ ਇਸ ਮਸਾਲੇ ਨੂੰ ਨਾ ਵਾਚੇ, ਉਹ ਜ਼ਰੂਰ ਭੁੱਲਾਂ ਕਰੇਗਾ ਅਤੇ ਆਪ ਤੋਂ ਪਿੱਛੇ ਆਉਣ ਵਾਲੇ ਖੋਜੀਆਂ ਨੂੰ ਕੁਰਾਹੇ ਪਾਵੇਗਾ। ਮੈਂ ਆਪ ਇਸ ਕੰਡਿਆਂ ਵਾਲੇ ਰਾਹ ਤੁਰ ਚੁੱਕਾ ਹਾਂ, ਇਸ ਲਈ ਸਭ ਔਕੜਾਂ ਨੂੰ ਜਾਣਦਾ ਹਾਂ। ਦੱਸ ਵੀ ਇਸੇ ਲਈ ਰਿਹਾ ਹਾਂ ਕਿ ਭਲਾ ਕਿਸੇ ਕੰਮ ਆ ਜਾਵੇ।

ਸਿੱਖ-ਇਤਿਹਾਸ ਨੂੰ ਸੈਂਕੜੇ ਆਦਮੀਆਂ ਲਿਖਿਆ ਤੇ ਸੈਂਕੜੇ ਆਦਮੀ ਅਜੇ ਲਿਖਣਗੇ, ਪਰ ਜੋ ਕੋਈ ਇਤਿਹਾਸ ਦੀ ਖਾਤਰ ਲਿਖਣਾ ਚਾਹੁੰਦਾ ਹੈ, ਉਸ ਲਈ ਜ਼ਰੂਰੀ ਹੈ ਕਿ ਉਹ ਇਤਿਹਾਸ ਲਈ ਕਲਮ ਤਦ ਚੁੱਕੇ, ਜਦ ਉਸ ਨੂੰ ਸਾਰੀਆਂ ਗੱਲਾਂ ਸਪੱਸ਼ਟ ਪਈਆਂ ਭਾਸਣ, ਕਿਤੋਂ ਧੁੰਦਲਾਹਟ ਨਾ ਜਾਪੇ ਅਤੇ ਉਸ ਨੂੰ ਇਉਂ ਪਿਆ ਭਾਸੇ ਕਿ ਸਭ ਕੁਝ ਉਸ ਦੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ ਅਤੇ ਉਹ ਆਪ ਉਸ ਵਿਚ ਹਿੱਸਾ ਲੈ ਰਿਹਾ ਹੈ। ਇਹ ਅਵਸਥਾ ਬਾਰ-ਬਾਰ ਇਤਿਹਾਸ ਦੇ ਵਾਚਣ ਤੋਂ ਪ੍ਰਾਪਤ ਹੋ ਜਾਂਦੀ ਹੈ ਅਤੇ ਇਥੇ ਆ ਕੇ ਰਾਹ ਦੀ ਹਰ ਇਕ ਅਟਕ ਤੇ ਗੁੰਝਲ ਆਪੇ ਸਾਫ ਹੋ ਜਾਂਦੀ ਹੈ।

-0-


# ਗੁਰਮਤਿ ਸਿਖਲਾਈ ਕੈਂਪ 2024

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਮਈ-ਜੂਨ ਵਿਚ **ਗੁਰਮਤਿ ਸਿਖਲਾਈ ਕੈਂਪ** ਲਗਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਤੇ ਕੈਂਪਾਂ ਵਿਚ ਬੱਚਿਆਂ/ਨੌਜਵਾਨਾਂ ਨੂੰ ਗੁਰ-ਇਤਿਹਾਸ, ਗੁਰਬਾਣੀ, ਸਿੱਖ ਰਹਿਤ ਮਰਿਯਾਦਾ, ਨੈਤਿਕ ਕਦਰਾਂ-ਕੀਮਤਾਂ ਅਤੇ ਸਿੱਖ ਵਿਰਸੇ ਤੇ ਸੱਭਿਆਚਾਰ ਤੋਂ ਜਾਣੂੰ ਕਰਵਾਇਆ ਜਾਵੇਗਾ।

## • ਆਓ ! ਫਰਜ਼ ਨੂੰ ਪਛਾਣੀਏ •

ਆਪੋ-ਆਪਣੇ ਇਲਾਕੇ ਵਿਚ ਸਕੂਲਾਂ-ਕਾਲਜਾਂ ਵਿਚ **ਗੁਰਮਤਿ ਸਿਖਲਾਈ ਕੈਂਪ** ਲਗਵਾਈਏ।


**ਗੁਰਮਤਿ ਕੈਂਪ ਇੰਚਾਰਜ:**

**ਭਾਈ ਨਛੱਤਰ ਸਿੰਘ ਸੰਪਰਕ : 98555-51699**

**ਬੇਨਤੀ ਕਰਤਾ: ਗੁਰਮਤਿ ਗਿਆਨ ਮਿਸ਼ਨਰੀ ਕਾਲਜ**

**ਪੰਜਾਬੀ ਬਾਗ, ਜਵੱਦੀ, ਲੁਧਿਆਣਾ-141013 www.gurmatgian.com, www.fb.com/gurmatgian**

# ਖਾਲਸੇ ਦੀ ਚੜ੍ਹਦੀ ਕਲਾ ਦੀ ਗਾਥਾ



-ਕੈਪਟਨ
ਅਵਤਾਰ ਸਿੰਘ
97819-90206

ਮਈ 1746 ਈ. ਕਾਹਨੂੰਵਾਨ ਦੀ ਛੰਭ ਦੇ ਸਥਾਨ 'ਤੇ ਵਾਪਰੇ ਘੱਲੂਘਾਰੇ ਵਿਚ ਤਕਰੀਬਨ 7 ਤੋਂ 10 ਹਜ਼ਾਰ ਸਿੰਘ-ਸਿੰਘਣੀਆਂ, ਬਜ਼ੁਰਗ ਅਤੇ ਬੱਚੇ ਸ਼ਹੀਦ ਹੋਏ ਸਨ। ਐਨਾ ਵੱਡਾ ਨੁਕਸਾਨ ਹੋਣ ਉਪਰੰਤ ਵੀ ਖਾਲਸਾ ਚੜ੍ਹਦੀ ਕਲਾ ਵਿਚ ਵਿਚਰਦਾ ਰਿਹਾ। ਘੱਲੂਘਾਰੇ ਦਾ ਮਤਲਬ ਹੈ ਵੱਡੇ ਪੱਧਰ 'ਤੇ ਜਾਨ-ਮਾਲ ਦਾ ਨੁਕਸਾਨ ਹੋ ਜਾਣਾ।

ਸਿੱਖਾਂ ਨਾਲ ਹੋਏ ਘੱਲੂਘਾਰੇ, ਜ਼ੁਲਮ ਦੇ ਖਿਲਾਫ ਅਵਾਜ਼ ਚੁੱਕਣੀ ਅਤੇ ਹਕੂਮਤਾਂ ਨਾਲ ਹਰ ਤਰ੍ਹਾਂ ਟੱਕਰ ਲੈਣ ਕਰਕੇ ਹੀ ਵਾਪਰੇ ਹਨ। ਸਿੱਖ ਕੌਮ ਹਮੇਸ਼ਾਂ ਅਜ਼ਾਦੀ ਭਾਵੇਂ ਸੁਤੰਤਰਤਾ ਦੀ ਜੰਗ ਹਕੂਮਤ ਦੇ ਖਿਲਾਫ ਲੜਦੀ ਰਹੀ ਹੈ ਅਤੇ ਅੱਜ ਵੀ ਖੁਦਮੁਖਤਿਆਰੀ ਦੀ ਜੰਗ ਲੜ ਰਹੀ ਹੈ, ਤੀਜੇ ਘੱਲੂਘਾਰੇ (ਜੂਨ 1984) ਦਾ ਵੀ ਵੱਡਾ ਕਾਰਨ ਇਹ ਹੀ ਸੀ। ਹਰ ਹਕੂਮਤ ਆਪਣੇ ਵਿਰੁੱਧ ਉਠੀ ਆਵਾਜ਼ ਨੂੰ ਹਰ ਹੀਲੇ ਕੁਚਲ ਦੇਣਾ ਚਾਹੁੰਦੀ ਹੈ ਅਤੇ ਮੁਗ਼ਲ ਸਰਕਾਰਾਂ ਅਤੇ ਵਰਤਮਾਨ ਸਰਕਾਰਾਂ ਨੇ ਇਹੀ ਕੀਤਾ ਸੀ। 9 ਫਰਵਰੀ 1762 ਈ. ਨੂੰ ਸਿੱਖ ਕੌਮ ਦਾ ਬਹੁਤ ਵੱਡਾ ਜਾਨੀ ਨੁਕਸਾਨ ਹੋਇਆ। ਜਿਸ ਨੂੰ ਵੱਡਾ ਘੱਲੂਘਾਰਾ ਦਾ ਨਾਂਅ ਮਿਲਿਆ। ਇਹ ਮਲੇਰਕੋਟਲਾ ਨੇੜੇ ਪਿੰਡ ਕੁੱਪ-ਰੋਹੀੜਾ ਵਿਖੇ ਵਾਪਰਿਆ। ਸਿੱਖਾਂ ਦੇ ਅੰਦਰ ਸਵਤੰਤਰਤਾ ਦੀ ਚਿੰਗਾਰੀ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਤੋਂ ਹੀ ਧੁਖਣੀ ਸ਼ੁਰੂ ਹੋ ਗਈ ਸੀ, ਜੋ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਨ ਸਮੇਂ ਮੁਗ਼ਲ ਹਕੂਮਤ ਦੇ ਬਰਾਬਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉੱਚੇ ਥੜ੍ਹੇ 'ਤੇ ਬੈਠਣਾ ਸ਼ੁਰੂ ਕਰ ਦਿੱਤਾ ਅਤੇ ਹਕੂਮਤ ਦੇ ਜ਼ੁਲਮ ਵਿਰੁੱਧ ਆਵਾਜ਼ ਚੁੱਕ ਦਿੱਤੀ ਸੀ। ਜਿਸ ਦੇ ਫਲਸਰੂਪ ਚਾਰ ਜੰਗਾਂ ਵੀ ਲੜਣੀਆਂ ਪਈਆਂ। ਸੁਤੰਤਰਤਾ ਦੀ ਜੰਗ ਨੂੰ 1699 ਈ. ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜ ਕੇ ਹੋਰ ਪ੍ਰਚੰਡ ਕਰ ਦਿੱਤਾ। ਹਕੂਮਤ ਦੇ ਨਾਲ 14 ਜੰਗਾਂ ਲੜੀਆਂ ਅਤੇ ਮੁਗ਼ਲ ਸਲਤਨਤ ਦੇ ਬਰਾਬਰ ਫੌਜ ਖੜ੍ਹੀ ਕਰ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਿੱਖ ਸ਼ਕਤੀ ਦੀ ਅਗਵਾਈ ਕੀਤੀ ਅਤੇ ਪਹਿਲਾ ਸਿੱਖ ਰਾਜ ਵੀ ਕਾਇਮ ਕੀਤਾ। ਮਈ 1746 ਈ. ਵਿਚ ਕਾਹਨੂੰਵਾਨ ਦੀ ਛੰਭ ਦੇ ਸਥਾਨ 'ਤੇ ਛੋਟੇ ਘੱਲੂਘਾਰੇ ਦੇ ਵਾਪਰਨ ਤੋਂ ਉਪਰੰਤ 1748 ਈ. ਵਿਚ ਸਿੱਖ ਸ਼ਕਤੀ ਨੂੰ ਲਾਮਬੰਦ ਕਰਨ ਲਈ 11 ਮਿਸਲਾਂ ਇਕ ਹੋਈਆਂ ਅਤੇ ਅਪ੍ਰੈਲ 1748 ਵਿਚ ਦਲ ਖਾਲਸਾ ਦਾ ਗਠਨ ਕੀਤਾ ਗਿਆ। ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਖਾਲਸਾ ਆਜ਼ਾਦੀ ਦੀ ਜੰਗ ਲਈ ਜੂਝਦਾ ਰਿਹਾ।

ਅਪ੍ਰੈਲ 1761 ਵਿਚ ਪਾਣੀਪਤ ਦੀ ਤੀਜੀ ਲੜਾਈ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਮਰਾਠਿਆਂ ਨੂੰ ਬਹੁਤ ਬੁਰੀ ਤਰ੍ਹਾਂ ਹਰਾ ਦਿੱਤਾ ਸੀ। ਇਹ ਅਬਦਾਲੀ ਦੀ ਤਾਕਤ ਅਤੇ ਦਹਿਸ਼ਤ ਦਾ ਸਿਖਰ ਸੀ। ਉਸ ਦੀ ਸਾਰੇ ਅਫਗਾਨਿਸਤਾਨ ਅਤੇ ਹਿੰਦੁਸਤਾਨ ਉਪਰ ਸਰਦਾਰੀ ਸੀ। ਪਰ ਜਦੋਂ ਉਹ ਲੜਾਈ ਵਿਚ ਜੇਤੂ ਹੋ ਕੇ, ਪੰਜਾਬ ਰਾਹੀਂ ਵਾਪਸ ਅਫਗਾਨਿਸਤਾਨ ਨੂੰ ਜਾ ਰਿਹਾ ਸੀ ਤਾਂ ਉਸ ਪਾਸ ਬਹੁਤ ਵੱਡਾ ਲੁੱਟ ਦਾ ਮਾਲ ਸੀ। ਇਸ ਲੁੱਟ ਦੇ ਮਾਲ ਵਿਚ ਹਿੰਦੁਸਤਾਨੀ ਔਰਤਾਂ ਅਤੇ ਸੋਨਾ-ਚਾਂਦੀ ਸੀ। ਹਜ਼ਾਰਾਂ ਵਿਚ ਘੋੜੇ ਅਤੇ ਹਾਥੀ ਵੀ ਸਨ। ਪੰਜਾਬ ਵਿਚ ਦਲ ਖਾਲਸੇ ਦੇ ਜੰਗੀ ਗੁਰੀਲੇ ਹਰ ਦਰਿਆ ਦੇ ਪੱਤਣਾਂ ਉਤੇ ਛੁਪੇ ਬੈਠੇ ਸਨ। ਇਨ੍ਹਾਂ ਨੇ ਘੱਗਰ ਦਰਿਆ ਤੋਂ ਲੈ ਕੇ ਸਿੰਧ ਦਰਿਆ ਤਕ ਹਰ ਦਰਿਆ ਨੂੰ ਪਾਰ ਕਰਨ ਸਮੇਂ ਅਬਦਾਲੀ ਦੀ ਲੁਟੇਰੀ ਫੌਜ ਕੋਲੋਂ ਲੁੱਟ ਦੇ ਸਮਾਨ ਵਿਚੋਂ ਬਹੁਤ ਵੱਡਾ ਸਮਾਨ ਖੋਹ ਲਿਆ ਸੀ। ਇਸ ਵਿਚ ਸੈਂਕੜੇ ਤੇ ਹਜ਼ਾਰਾਂ ਔਰਤਾਂ ਨੂੰ ਛੁਡਵਾ ਲਿਆ ਗਿਆ ਸੀ। ਧਨ-ਦੌਲਤ ਵੀ ਖੋਹ ਲਿਆ ਸੀ ਅਤੇ ਘੋੜੇ-ਹਾਥੀ ਵੀ ਖੋਹ ਲਏ ਸਨ। ਅਬਦਾਲੀ ਸਿੱਖਾਂ ਦੇ ਗੁਰੀਲੇ



**ਸਿੱਖਾਂ ਉਪਰ ਇਹ ਹੱਲਾ ਅਚਨਚੇਤ ਹੋਇਆ ਸੀ ਤੇ ਉਹ ਚਾਣਚੱਕ ਕਾਬੂ ਆ ਗਏ ਸਨ। ਪਰ ਉਹ ਡਰਨ ਵਾਲੇ ਜਾਂ ਨੱਸ ਜਾਣ ਵਾਲੇ ਨਹੀਂ ਸਨ। ਸਾਰਿਆਂ ਨੇ ਰਲ ਕੇ ਫ਼ੈਸਲਾ ਕੀਤਾ ਕਿ ਵੈਰੀ ਦਾ ਡਟ ਕੇ ਅਖੀਰ ਸਾਹਾਂ ਤੀਕ ਟਾਕਰਾ ਕੀਤਾ ਜਾਵੇ। ਜਿਹੜੇ ਬੱਚੇ ਤੇ ਜ਼ਨਾਨੀਆਂ ਬਚ ਰਹੇ ਸਨ, ਉਨ੍ਹਾਂ ਨੂੰ ਵਿਚਕਾਰ ਕਰ ਕੇ ਸਿੱਖ ਅਗਾਂਹ ਤੁਰੇ। ਉਹ ਤੁਰਦੇ ਤੁਰਦੇ ਲੜਦੇ ਜਾਂਦੇ ਸਨ ਅਤੇ ਲੜਾਈ ਕਰਦੇ ਜਾਂਦੇ ਸਨ। ਕਦੇ ਕਦੇ ਉਹ ਠਹਿਰ ਕੇ ਪਿਛਾਂਹ ਵੈਰੀ ਉਪਰ ਜਾ ਪੈਂਦੇ ਸਨ ਅਤੇ ਚੰਗੇ ਆਹੂ ਲਾਹੁੰਦੇ ਸਨ। ਸ: ਸ਼ਾਮ ਸਿੰਘ ਕਰੋੜ ਸਿੰਘੀਆ, ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਚੜ੍ਹਤ ਸਿੰਘ ਸ਼ੁਕਰਚੱਕੀਆ ਖਾਲਸਾ ਦਲ ਦੀ ਕਮਾਨ ਕਰ ਰਹੇ ਸਨ ਅਤੇ ਵਹੀਰ ਨੂੰ ਬਚਾ ਕੇ ਲਈ ਜਾ ਰਹੇ ਸਨ। ਅਹਿਮਦ ਸ਼ਾਹ ਤਾਂ ਚਾਹੁੰਦਾ ਸੀ ਕਿ ਸਿੱਖਾਂ ਨਾਲ ਥੱਝਵੀਂ ਜੰਮਵੀਂ ਲੜਾਈ ਕਰਾਂ, ਪਰ ਸਿੱਖਾਂ ਨੇ ਅਜੇਹਾ ਮੌਕਾ ਨਾ ਦਿੱਤਾ। ਉਹ ਲੜਦੇ ਭਿੜਦੇ ਪਿੰਡ ਪਿੰਡ ਹੁੰਦੇ ਅਗਾਂਹ ਤੁਰੇ ਗਏ। ਕੁਤਬੇ, ਬਾਹਮਣੀ, ਗਹਿਲ, ਤੇ ਹੋਰ ਜਿਨ੍ਹੀਂ ਥਾਈਂ ਸਿੱਖ ਲੜਦੇ ਮਰਦੇ ਪਹੁੰਚਦੇ, ਉਥੇ ਦੇ ਲੋਕ ਉਨ੍ਹਾਂ ਨੂੰ ਪਨਾਹ ਦੇਣੋ ਨਾਂਹ ਕਰ ਦੇਂਦੇ। ਸਗੋਂ ਕਈ ਥਾਈਂ ਤਾਂ ਲੋਕ ਵੀ ਅੱਗੋਂ ਹੱਲਾ ਬੋਲ ਦੇਣ ਅਤੇ ਕਈਆਂ ਨੂੰ ਸ਼ਹੀਦ ਕਰ ਦੇਣ। ਸਿੱਖ ਲੜਦੇ ਭਿੜਦੇ ਅਗਾਂਹ ਤੁਰੇ ਗਏ। ਉਨ੍ਹਾਂ ਦਾ ਇਰਾਦਾ ਬਰਨਾਲੇ ਪਹੁੰਚਣ ਦਾ ਸੀ ਕਿਉਂਕਿ ਉਨ੍ਹਾਂ ਨੂੰ ਬਾਬਾ ਆਲਾ ਸਿੰਘ ਪਾਸੋਂ ਸਹਾਇਤਾ ਦੀ ਆਸ ਸੀ। ਨਾਲ ਹੀ ਇਹ ਵੀ ਖਿਆਲ ਸੀ ਕਿ ਜੇ ਉਸ ਨੇ ਮਦਦ ਨਾ ਵੀ ਕੀਤੀ, ਤਾਂ ਅਗਾਂਹ ਬਠਿੰਡੇ ਰੇਤਲੇ ਜਲ-ਹੀਣ ਇਲਾਕੇ ਵਿਚ ਜਾ ਵੜਾਂਗੇ।**

ਹਮਲਿਆਂ ਤੋਂ ਪ੍ਰੇਸ਼ਾਨ ਹੋ ਗਿਆ ਸੀ। ਉਸਨੇ ਸਿੱਖਾਂ ਨੂੰ ਸੋਧਣ ਲਈ ਆਪਣਾ ਅਗਲਾ ਹਮਲਾ ਸਿੱਖਾਂ ਉੱਤੇ ਕਰਨ ਦਾ ਫੈਸਲਾ ਕਰ ਲਿਆ ਪਰ ਇਸ ਵਾਰ ਉਹ ਆਪਣੀ ਲੁੱਟ ਨੂੰ ਬਚਾਉਣ ਕਰਕੇ ਵਾਪਸ ਜਾਣਾ ਚਾਹੁੰਦਾ ਸੀ। ਉਹ ਥੋੜ੍ਹੇ ਸਮੇਂ ਬਾਅਦ ਹੀ ਹਮਲਾ ਕਰਨ ਵਾਸਤੇ ਜਨਵਰੀ 1762 ਨੂੰ ਲਾਹੌਰ ਪਹੁੰਚ ਗਿਆ।

ਸੰਨ 1761 ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਹੇਠ ਸਿੱਖਾਂ ਨੇ ਲਾਹੌਰ ਉੱਤੇ ਕਬਜ਼ਾ ਕੀਤਾ ਤੇ ਸਿੱਕਾ ਚਲਾਇਆ। ਉਸ ਸਾਲ ਦਿਵਾਲੀ ਦੇ ਮੌਕੇ ਤੇ, 27 ਅਕਤੂਬਰ ਸੰਨ 1761 ਨੂੰ, ਸਰਬਤ ਖ਼ਾਲਸੇ ਦਾ ਇਕੱਠ ਸ੍ਰੀ ਅੰਮ੍ਰਿਤਸਰ ਹੋਇਆ। ਗੁਰਮਤਾ ਸੋਧਿਆ ਗਿਆ ਕਿ ਅਹਿਮਦਸ਼ਾਹ ਅਬਦਾਲੀ ਦੇ ਪੱਖੀਆਂ (ਹਮਾਇਤੀਆਂ) ਦੇ ਟਿਕਾਣੇ ਸਰ ਕੀਤੇ ਜਾਣ, ਕਿਉਂਕਿ ਇਹ ਦੇਸ਼ ਨੂੰ ਪਰਦੇਸੀ ਜੂਲੇ ਹੇਠੋਂ ਕੱਢ ਕੇ ਅਜ਼ਾਦ ਕਰਵਾਉਣ ਦੇ ਰਾਹ ਵਿਚ ਰੁਕਾਵਟਾਂ ਪਾ ਰਹੇ ਸਨ।

ਪਰਦੇਸੀ ਰਾਜ ਦਾ ਸਭ ਤੋਂ ਨੇੜੇ ਦਾ ਹਮਾਇਤੀ ਜੰਡਿਆਲੇ ਦਾ ਆਕਲਦਾਸ ਨਿਰੰਜਨੀਆ ਸੀ। ਇਹ ਸਦਾ ਹੀ ਸਿਖਾਂ ਦੇ ਵੈਰੀਆਂ ਦੀ ਹਮਾਇਤ ਕਰਦਾ ਰਿਹਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਸਰਬੱਤ ਖ਼ਾਲਸੇ ਦਾ ਇਹ ਫੈਸਲਾ ਆਕਲਦਾਸ ਨੂੰ ਦੱਸਿਆ। ਉਨ੍ਹਾਂ ਦਾ ਖ਼ਿਆਲ ਸੀ ਕਿ ਉਹ ਸਿੱਧਾ ਹੋ ਕੇ ਪੰਥ ਦੀ ਸ਼ਰਨ ਆਵੇਗਾ ਤੇ ਸਮਝੌਤਾ ਕਰ ਲਵੇਗਾ। ਪਰ ਉਸ ਨੇ ਤੁਰੰਤ ਅਹਿਮਦਸ਼ਾਹ ਅਬਦਾਲੀ ਨੂੰ ਚਿੱਠੀ ਲਿਖੀ ਤੇ ਸਹਾਇਤਾ ਲਈ ਬੇਨਤੀ ਕੀਤੀ।

ਅਹਿਮਦਸ਼ਾਹ ਅੱਗੇ ਹੀ ਹਿੰਦੁਸਤਾਨ ਤੇ ਚੜ੍ਹਿਆ ਆ ਰਿਹਾ ਸੀ। ਆਕਲਦਾਸ ਦੇ ਆਦਮੀ ਉਸ ਨੂੰ ਰੁਹਤਾਸ ਦੇ ਅਸਥਾਨ ਤੇ ਮਿਲੇ। ਉਹ ਮਾਰੋ ਮਾਰ ਕਰਦਾ ਜੰਡਿਆਲੇ ਪੁੱਜਾ। ਆ ਕੇ ਵੇਖਿਆ ਕਿ ਸਿੱਖ ਜੰਡਿਆਲੇ ਦਾ ਘੇਰਾ ਉਠਾ ਕੇ ਸਰਹਿੰਦ ਵੱਲ ਨੂੰ ਚਲੇ ਗਏ ਸਨ । ਕਾਰਨ ਇਹ ਸੀ ਕਿ ਉਹ ਚਾਹੁੰਦੇ ਸਨ ਕਿ ਆਪਣੇ ਬਾਲ ਬੱਚੇ ਤੇ ਟੱਬਰਾਂ ਕਬੀਲਿਆਂ ਨੂੰ ਹਮਲਾਵਰ ਦੇ ਰਾਹ ਤੋਂ ਲਾਂਭੇ ਕਿਸੇ ਸੁਰੱਖਿਅਤ ਥਾਂ ਤੇ ਪੁਚਾਇਆ ਜਾਵੇ ਤੇ ਫਿਰ ਉਸ ਨਾਲ ਦੋ ਹੱਥ ਕੀਤੇ ਜਾਣ। ਉਨ੍ਹਾਂ ਦਾ ਇਕ ਹੋਰ ਇਰਾਦਾ ਵੀ ਸੀ। ਜੈਨ ਖ਼ਾਂ ਸੂਬਾ ਸਰਹਿੰਦ ਨੇ ਪਿੱਛੇ ਜਿਹੇ ਸ. ਦਿਆਲ ਸਿੰਘ ਬਰਾੜ ਨੂੰ ਕਤਲ ਕਰਾਇਆ ਸੀ। ਸਿੱਖ ਉਸ ਪਾਸੋਂ ਸਰਦਾਰ ਦਿਆਲ ਸਿੰਘ ਬਰਾੜ ਜੀ ਦੀ ਮੌਤ ਦਾ ਬਦਲਾ ਲੈਣਾ ਚਾਹੁੰਦੇ ਸਨ। ਉਹ ਮਲੇਰਕੋਟਲੇ ਦੇ ਨੇੜੇ ਦੇ ਪਿੰਡਾਂ ਵਿਚ ਵਹੀਰ ਲੈ ਕੇ ਪੁੱਜੇ। ਮਲੇਰਕੋਟਲੇ ਦੇ ਹਾਕਮ ਭੀਖਨ ਖਾਂ ਨੇ ਜੈਨ ਖਾਂ ਨੂੰ ਮਦਦ ਲਈ ਲਿਖਿਆ ਅਤੇ ਨਾਲ ਹੀ ਅਹਿਮਦਸ਼ਾਹ ਨੂੰ ਵੀ ਖ਼ਬਰ ਭੇਜ ਦਿੱਤੀ।

ਅਹਿਮਦਸ਼ਾਹ ਜੰਡਿਆਲਿਓਂ ਹੋ ਕੇ ਲਾਹੌਰ ਪੁੱਜਾ ਸੀ। ਸਿੱਖਾਂ ਦੇ ਮਲੇਰਕੋਟਲੇ ਪਾਸ ਇਕੱਠੇ ਹੋਣ ਦੀ ਇਤਲਾਹ ਪੁੱਜਦਿਆਂ ਹੀ ਉਹ 3 ਫ਼ਰਵਰੀ, ਸੰਨ 1762 ਨੂੰ ਲਾਹੌਰੋਂ ਲਸ਼ਕਰ ਲੈ ਕੇ ਚੱਲ ਪਿਆ। ਬੜੀ ਤੇਜ਼ੀ ਨਾਲ ਪੰਧ ਮੁਕਾ ਕੇ 5 ਫਰਵਰੀ ਨੂੰ ਉਹ ਮਲੇਰਕੋਟਲੇ ਦੇ ਨੇੜੇ ਦੇ ਪਿੰਡ ਕੁੱਪ ਪਹੁੰਚਿਆ। ਇਥੇ ਤੀਹ ਕੁ ਹਜ਼ਾਰ ਸਿੱਖ ਆਪਣੇ ਟੱਬਰਾਂ ਤੇ ਮਾਲ ਮੱਤੇ ਸਮੇਤ ਉਤਰੇ ਹੋਏ ਸਨ। ਉਸ ਨੇ ਪਹਿਲਾਂ ਹੀ ਜ਼ੈਨ ਖ਼ਾਂ ਨੂੰ ਕਹਿ ਭੇਜਿਆ ਸੀ ਕਿ ਤੂੰ ਆਪਣੀ ਸਾਰੀ ਫੌਜ ਲੈ ਕੇ ਸਿੱਖਾਂ ਉਪਰ ਅਗਲੇ ਪਾਸਿਓਂ ਪਊ ਅਤੇ ਮੈਂ ਪਿਛਲੇ ਪਾਸਿਓਂ ਹੱਲਾ ਕਰਾਂਗਾ। ਅਹਿਮਦਸ਼ਾਹ ਨੇ ਆਪਣੀ ਫੌਜ ਨੂੰ ਇਹ ਹੁਕਮ ਦਿਤਾ ਸੀ ਕਿ ਹਿੰਦੁਸਤਾਨੀ ਲਿਬਾਸ ਵਿਚ ਜੋ ਵੀ ਬੰਦਾ ਟਕਰੇ ਉਸ ਨੂੰ ਪਾਰ ਬੁਲਾਇਆ ਜਾਵੇ। ਜ਼ੈਨ ਖ਼ਾਂ ਦੀ ਦੇਸੀ ਫ਼ੌਜ ਨੂੰ ਹੁਕਮ ਦਿਤਾ ਗਿਆ ਕਿ ਉਹ ਪਛਾਣ ਨਿਸ਼ਾਨੀ ਵਜੋਂ ਆਪਣੀਆਂ ਪੱਗਾਂ ਵਿਚ ਹਰੇ ਪੱਤੇ ਟੰਗ ਲੈਣ। ਕਈ ਹਜ਼ਾਰ ਸਿੱਖ ਜਿਨ੍ਹਾਂ ਵਿਚ ਬਹੁਤੇ ਬੱਚੇ ਤੇ ਜ਼ਨਾਨੀਆਂ ਸਨ, ਸ਼ਹੀਦ ਕੀਤੇ ਗਏ।

ਸਿੱਖਾਂ ਉਪਰ ਇਹ ਹੱਲਾ ਅਚਨਚੇਤ ਹੋਇਆ ਸੀ ਤੇ ਉਹ ਚਾਣਚੱਕ ਕਾਬੂ ਆ ਗਏ ਸਨ। ਪਰ ਉਹ ਡਰਨ ਵਾਲੇ ਜਾਂ ਨੱਸ ਜਾਣ ਵਾਲੇ ਨਹੀਂ ਸਨ। ਸਾਰਿਆਂ ਨੇ ਰਲ ਕੇ ਫ਼ੈਸਲਾ ਕੀਤਾ ਕਿ ਵੈਰੀ ਦਾ ਡਟ ਕੇ ਅਖੀਰ ਸਾਹਾਂ ਤੀਕ ਟਾਕਰਾ ਕੀਤਾ ਜਾਵੇ। ਜਿਹੜੇ ਬੱਚੇ ਤੇ ਜ਼ਨਾਨੀਆਂ ਬਚ ਰਹੇ ਸਨ, ਉਨ੍ਹਾਂ ਨੂੰ ਵਿਚਕਾਰ ਕਰ ਕੇ ਸਿੱਖ ਅਗਾਂਹ ਤੁਰੇ। ਉਹ ਤੁਰਦੇ ਤੁਰਦੇ ਲੜਦੇ ਜਾਂਦੇ ਸਨ ਅਤੇ ਲੜਾਈ ਕਰਦੇ ਜਾਂਦੇ ਸਨ। ਕਦੇ ਕਦੇ ਉਹ ਠਹਿਰ ਕੇ ਪਿਛਾਂਹ ਵੈਰੀ ਉਪਰ ਜਾ ਪੈਂਦੇ ਸਨ ਅਤੇ ਚੰਗੇ ਆਹੂ ਲਾਹੁੰਦੇ ਸਨ। ਸ: ਸ਼ਾਮ ਸਿੰਘ ਕਰੋੜ ਸਿੰਘੀਆ, ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਚੜ੍ਹਤ ਸਿੰਘ ਸ਼ੁਕਰਚੱਕੀਆ ਖਾਲਸਾ ਦਲ ਦੀ ਕਮਾਨ ਕਰ ਰਹੇ ਸਨ ਅਤੇ ਵਹੀਰ ਨੂੰ ਬਚਾ ਕੇ ਲਈ ਜਾ ਰਹੇ ਸਨ। ਅਹਿਮਦ ਸ਼ਾਹ ਤਾਂ ਚਾਹੁੰਦਾ ਸੀ ਕਿ ਸਿੱਖਾਂ ਨਾਲ ਝੱਝਵੀਂ ਜੰਮਵੀਂ ਲੜਾਈ ਕਰਾਂ, ਪਰ ਸਿੱਖਾਂ ਨੇ ਅਜੇਹਾ ਮੌਕਾ ਨਾ ਦਿੱਤਾ। ਉਹ ਲੜਦੇ ਭਿੜਦੇ ਪਿੰਡ ਪਿੰਡ ਹੁੰਦੇ ਅਗਾਂਹ ਤੁਰੇ ਗਏ। ਕੁਤਬੇ, ਬਾਹਮਣੀ, ਗਹਿਲ, ਤੇ ਹੋਰ ਜਿਨ੍ਹੀਂ ਥਾਈਂ ਸਿੱਖ ਲੜਦੇ ਮਰਦੇ ਪਹੁੰਚਦੇ, ਉਥੋ ਦੇ ਲੋਕ ਉਨ੍ਹਾਂ ਨੂੰ ਪਨਾਹ ਦੇਣੋ ਨਾਂਹ ਕਰ ਦੇਂਦੇ। ਸਗੋਂ ਕਈ ਥਾਈਂ ਤਾਂ ਲੋਕ ਵੀ ਅੱਗੋਂ ਹੱਲਾ ਬੋਲ ਦੇਣ ਅਤੇ ਕਈਆਂ ਨੂੰ ਸ਼ਹੀਦ ਕਰ ਦੇਣ। ਸਿੱਖ ਲੜਦੇ ਭਿੜਦੇ ਅਗਾਂਹ ਤੁਰੇ ਗਏ। ਉਨ੍ਹਾਂ ਦਾ ਇਰਾਦਾ ਬਰਨਾਲੇ ਪਹੁੰਚਣ ਦਾ ਸੀ ਕਿਉਂਕਿ ਉਨ੍ਹਾਂ ਨੂੰ ਬਾਬਾ ਆਲਾ ਸਿੰਘ ਪਾਸੋਂ ਸਹਾਇਤਾ ਦੀ ਆਸ ਸੀ। ਨਾਲ ਹੀ ਇਹ ਵੀ ਖ਼ਿਆਲ ਸੀ ਕਿ ਜੇ ਉਸ ਨੇ ਮਦਦ ਨਾ ਵੀ ਕੀਤੀ, ਤਾਂ ਅਗਾਂਹ ਬਠਿੰਡੇ ਰੇਤਲੇ ਜਲ-ਹੀਣ ਇਲਾਕੇ ਵਿਚ ਜਾ ਵੜਾਂਗੇ।



ਪਰ ਉਨ੍ਹਾਂ ਦੇ ਬਰਨਾਲੇ ਪਹੁੰਚਣ ਤੋਂ ਪਹਿਲਾਂ ਹੀ ਅਫ਼ਗਾਨ, ਵਹੀਰ ਦੇ ਬਾਹਰਲੇ ਰਾਖੇ ਦਲ ਨੂੰ ਚੀਰ ਕੇ ਵਹੀਰ ਉੱਪਰ ਜਾ ਪਏ। ਸ: ਚੜ੍ਹਤ ਸਿੰਘ ਤੇ ਜੱਸਾ ਸਿੰਘ ਨੇ ਬੜੀ ਮਰਦਾਨਗੀ ਨਾਲ ਵੈਰੀ ਦਲ ਦਾ ਟਾਕਰਾ ਕੀਤਾ ਅਤੇ ਲਹੂ ਲੁਹਾਣ ਹੋ ਜਾਣ ਤੇ ਵੀ ਵਹੀਰ ਨੂੰ ਬਚਾਉਣ ਦੇ ਜਤਨ ਕਰਦੇ ਰਹੇ। ਪਰ ਵੈਰੀ ਦਲ ਅਣਗਿਣਤ ਸੀ। ਅਫ਼ਗਾਨਾਂ ਨੇ ਘੱਟੋ ਘੱਟ ਦਸ ਹਜ਼ਾਰ ਸਿੱਖ-ਮਰਦ ਤੀਵੀਆਂ ਤੇ ਬੱਚੇ ਕਤਲ ਕਰ ਦਿੱਤੇ। ਇਹ ਕਤਲਾਮ 5 ਫ਼ਰਵਰੀ ਸੰਨ 1762 ਨੂੰ ਹੋਇਆ। ਇਸ ਨੂੰ ਇਤਿਹਾਸ ਵਿਚ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ।

ਏਡਾ ਵੱਡਾ ਜਾਨੀ ਨੁਕਸਾਨ ਹੋਣ ਤੋਂ ਬਾਅਦ ਵੀ ਖਾਲਸੇ ਨੇ ਚੜ੍ਹਦੀ ਕਲਾ ਵਿਚ ਅਰਦਾਸ ਕੀਤੀ ਅਤੇ ਅਕਾਲ ਪੁਰਖ ਦਾ ਭਾਣਾ ਮੰਨਦੇ ਹੋਏ ਆਪਣੇ ਸੰਘਰਸ਼ ਨੂੰ ਕਾਇਮ ਰੱਖਿਆ। ਅਕਤੂਬਰ 1762 ਈ. ਨੂੰ ਦੀਵਾਲੀ ਮੌਕੇ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖਾਲਸਾ ਨੇ ਮਤਾ ਪਾਸ ਕੀਤਾ ਕਿ ਅਬਦਾਲੀ ਤੋਂ ਇਸ ਕਤਲੇਆਮ ਦਾ ਬਦਲਾ ਲਿਆ ਜਾਵੇ। ਅਬਦਾਲੀ ਉਸ ਵਕਤ ਲਾਹੌਰ ਵਿਚ ਹੀ ਸੀ, ਉਹ ਸਿੱਖਾਂ ਦੇ ਹਮਲੇ ਤੋਂ ਪਹਿਲਾਂ ਹੀ ਅੰਮ੍ਰਿਤਸਰ ਆ ਪਹੁੰਚਿਆ। ਇਕ ਦਿਨ ਦੀ ਗੁਹਿਗੱਚ ਆਹਮੋ-ਸਾਹਮਣੇ ਲੜਾਈ ਹੋਈ। ਡਟਵੀਂ ਟੱਕਰ ਮਿਲਣ ਕਰਕੇ ਅਬਦਾਲੀ ਪਿੱਛੇ ਹਟ ਕੇ ਲਾਹੌਰ ਪਹੁੰਚ ਗਿਆ।

-0-

# ਕਾਵਿ ਕਿਆਰੀ

## ਪੰਚਮ ਪਾਤਸ਼ਾਹ

ਵਿਧਾਤਾ ਸਿੰਘ ਤੀਰ

ਅਰਸ਼ ਫ਼ਰਸ਼ ਮਿਲ ਕੇ ਢਾਹਾਂ ਮਾਰ ਰੋਏ,
ਹਾੜੇ ਕਰਨ ''ਸਾਂਈਆਂ ਦੇਵੀਂ ਧੀਰ ਆ ਕੇ ।
ਮੱਚੇ ਜ਼ੁਲਮ ਭਾਂਬੜ, ਲੂਸੇ ਸੜੇ ਸੀਨੇ,
ਆਪ ਪਾ ਛੇਤੀ ਮਿਹਰ-ਨੀਰ ਆ ਕੇ ।
ਪਹੁੰਚੀ ਕੂਕ ਦਰਗਾਹ ਵਿਚ ਦਰਦ ਵਾਲੀ ,
ਸਾਂਈ ਵਲੋਂ ਇਹ ਹੋਈ ਅਕਾਸ਼ ਬਾਣੀ ।
'ਚੋਲਾ ਜ਼ੁਲਮ ਦਾ ਚਾਰ ਦਿਨ ਲਾਲ ਰਹਿੰਦਾ ,
ਪਿਛੋਂ ਹੋਂਵਦਾ ਹੈ ਲੀਰ ਲੀਰ ਆ ਕੇ ।
ਛਿੱਕੇ ਅਦਲ ਇਨਸਾਫ਼ ਨੂੰ ਟੰਗ ਕੇ ਜਾਂ;
ਜ਼ੋਰ-ਜ਼ੁਲਮ ਤੇ ਜ਼ਾਲਮਾਂ ਲੱਕ ਬੱਧਾ ।
ਚੰਦੂ ਚੰਦਰ੍ਹੇ ਚੰਦਰੀ ਗੱਲ ਕੀਤੀ ,
ਰਤੀ ਜ਼ੁਲਮ ਕਮਾਣ ਤੋਂ ਸੰਗਿਆ ਨਾ ।
ਐਪਰ ਸ਼ਾਤੀ-ਪੁੰਜ ਨੇ ਮੰਨ ਭਾਣਾ ,
ਲੂਹਿਆ ਲੋਹ ਦੇ ਉੱਤੇ ਸਰੀਰ ਆ ਕੇ ।
ਤੱਤੀ ਰੇਤ ਸਿਰ ਤੇ,ਹੇਠਾਂ ਅੱਗ ਭਾਂਬੜ,
ਸ਼ਾਂਤ-ਮਈ ਦਾ ਦੇਵਤਾ ਸੋਭਦਾ ਸੀ ।
'ਜੇਕਰ ਕਹੋ ਤਾਂ ਕਰਾਂ ਫ਼ਨਾਹ ਦਾਤਾ ,
ਏਦਾਂ ਕਹਿਣ ਲੱਗਾ ਮੀਆਂ ਮੀਰ ਆ ਕੇ ।
ਅਰਜਨ ਦੇਵ ਸਤਿਗੁਰੂ ਜੀ ਇਉਂ ਬੋਲੇ ,
ਮੀਆਂ ਮੀਰ ਸਾਈਂ ! ਭਾਣਾ ਰੱਬ ਦਾ ਏ ।
'ਤੀਰ' ਅੰਤ ਸ਼ਾਤੀ ਸਬਰ ਜਿੱਤ ਗਿਆ,
ਜ਼ੁਲਮ ਹਾਰਿਆ ਕਿਵੇਂ ਅਖ਼ੀਰ ਆ ਕੇ । -0-

## ਅਰਜਨ ਗੁਰੂ ਪਿਆਰਾ

ਜੇਠ ਦਾ ਮਹੀਨਾ, ਗਰਮੀ ਸਤਾ ਰਹੀ ਹੈ
ਵਗਦੀ ਹਵਾ ਜੋ ਤੱਤੀ,ਪਾਣੀ ਸੁੱਕਾ ਰਹੀ ਹੈ।
ਤੱਤਾ ਤੇ ਅੱਗ ਰੇਤਾ, ਸਿਰ ਤੇ ਕੋਈ ਹੈ ਪਾਉਂਦਾਂ ।
ਭਾਨੀ ਦਾ ਲਾਲ ਤਾਂ ਵੀ, ਬਾਣੀ ਪਿਆ ਹੈ ਗਾਉਂਦਾਂ।
ਝੜਥਾ ਸਰੀਰ ਹੋਇਆ, ਤਨ ਪੈ ਗਏ ਨੇ ਛਾਲੇ
ਤਾਂ ਵੀ ਨਾ ਈਨ ਮੰਨੀ ਇਸ ਸਬਰ ਸ਼ਾਂਤੀ ਵਾਲੇ ।
ਅਰਜਨ ਗੁਰੂ ਪਿਆਰਾ, ਬੈਠਾ ਸੁਹਾ ਰਿਹਾ ਹੈ
ਤੱਤੀ ਤਵੀ ਤੇ ਬਹਿ ਕੇ, ਕਿੰਝ ਮੁਸਕਰਾ ਰਿਹਾ ਹੈ।
ਲਾਹੌਰ ਵੇਖੋ ਹੁਣ ਤੇ, ਕੀ ਨਜ਼ਰ ਆ ਰਿਹਾ ਹੈ
ਉਹ ਦੇਗ ਉਬਲਦੀ ਹੈ, ਅਰਜਨ ਨਹਾ ਰਿਹਾ ਹੈ।
ਸਭ ਵੇਖ ਵੇਖ ਲੋਕੀ, ਕਹਿੰਦੇ ਨੇ ਇਹ ਜ਼ਬਾਨੀ
ਅਰਜਨ ਗੁਰੂ ਤੂੰ ਧੰਨ ਹੈ,
ਧੰਨ ਤੇਰੀ ਮਾਤ ਭਾਨੀ ਧੰਨ ਤੇਰੀ ਮਾਤ ਭਾਨੀ।

## ਇਹ ਮੇਰੇ ਕਿਸਾਨਾਂ ਦਾ ਖ਼ੂਨ ਪਸੀਨਾ

-ਅਮਨਪ੍ਰੀਤ ਸਿੰਘ

ਇਹ ਮੇਰੇ ਕਿਸਾਨਾਂ ਦਾ ਖ਼ੂਨ ਪਸੀਨਾ
ਇਹ ਮੇਰੇ ਕਿਸਾਨਾਂ ਦਾ ਚੌੜਾ ਸੀਨਾ
ਪੂੰਜੀਪਤੀਆਂ ਦੇ ਹੱਥ ਖਿਡੌਣਾ ਹੋਇਆ
ਉਨ੍ਹਾਂ ਲਈ ਅੱਗੇ ਆਉਣਾ ਹੋਇਆ।

ਇਹ ਆਦਮ ਜਾਤ ਦੁਨੀਆਂ ਜੋ ਹੋਈ
ਖੜ੍ਹੇ ਦੇਖੇ ਤਮਾਸ਼ਾ ਅੱਖ ਸਾਡੀ ਹੈ ਰੋਈ
ਇਹ ਆਦਮਖੋਰ ਤੇ ਖ਼ੂਨਖਾਰ ਨੇ ਬੰਦੇ
ਸ਼ਾਹੂਕਾਰਾਂ ਦੇ ਹੱਥਾਂ 'ਚ ਨੇ ਗੋਰਖ ਧੰਦੇ
ਛਿੱਲ ਆਪਣੀ ਲੁਹਾ ਕੇ ਰਹੇ ਬੰਦੇ ਦੇ ਬੰਦੇ
ਰੋਟੀ ਖ਼ਾਤਰ ਵਿਕਦੇ ਨੇ ਬਜ਼ਾਰਾਂ ਚ ਬੰਦੇ
ਲੱਗਣ ਚੌਕ ਦੇ ਉੱਤੇ ਮਜ਼ਦੂਰਾਂ ਦੀ ਮੰਡੀ
ਸਾਥੋਂ ਦੇਖੀ ਨਾ ਜਾਵੇ ਇਨਸਾਨ ਦੀ ਭੰਡੀ।
ਆਪਣੇ ਦਮ ਤੇ ਹਰ ਇਕ ਹੀਆ ਕਰਾਂਗੇ
ਹਾਂ ਪੰਛੀ ਗੰਗਾ ਰਾਮ ਅਸੀਂ ਖ਼ੁਦ ਲੜਾਂਗੇ
ਇਨਸਾਨ ਨੂੰ ਅਜ਼ਾਦੀ ਦੇ ਮਾਇਨੇ ਦਿਆਂਗੇ
ਹੱਕ ਆਪਣੇ ਲੈਣ ਲਈ ਅਸੀਂ ਲੜਦੇ ਮਰਾਂਗੇ
ਕਿ ਹੋਵੇ ਸਾਕਾਰ ਇਹ ਸੁਪਨਾ ਲਿਆ ਅਸਾਡਾ
ਕਿ ਹਰ ਇਨਸਾਨ ਮਿਟਾ ਦੇਵੇ ਜੋ ਦੂਰ ਦੁਰਾਡਾ।

ਇਹ ਮੇਰੇ ਕਿਸਾਨਾਂ ਦੀ ਮਿਹਨਤ ਦਾ ਫਲ ਹੈ
ਮੁਲਕ ਭਾਵੇਂ ਹੈ ਰੱਜਦਾ, ਖ਼ਾਲੀ ਉਸ ਦਾ ਕੱਲ੍ਹ ਹੈ
ਕਰਜ਼ੇ ਦੇ ਥੱਲੇ ਕਿਸਾਨ ਦੱਬਿਆ ਏ ਸਰਕਾਰਾਂ
ਹਰੀ ਕ੍ਰਾਂਤੀ ਦੀਆਂ ਚਲਾਕੀਆਂ ਮਾਰੂ ਨੇ ਮਾਰਾਂ
ਅਸੀਂ ਬੋਰੀਆਂ 'ਚ ਚੁੰਝਾਂ ਮਾਰ ਸਭ ਪਾੜ ਸੁੱਟਾਂਗੇ
ਇੱਕ ਇੱਕ ਦਾਣਾ ਕਿਸਾਨਾਂ ਦੇ ਘਰ ਜਾ ਦਿਆਂਗੇ
ਆਓ ਲੋਟੂ ਜਮਾਤ ਨੂੰ ਮਿਲ ਸਬਕ ਸਿਖਾਈਏ
ਇਸ ਗੰਧਲੇ ਸਮਾਜ 'ਚ ਮਾਨਵਤਾ ਲਿਆਈਏ।
ਦਸਾਂਗੇ ਇਨਸਾਨ ਨੂੰ ਫ਼ਿਰਕੂਵਾਦ ਤੋਂ ਬਚਣਾ
ਮੰਦੀ ਤੇ ਭੱਦੀ ਇਸ ਰਾਜਨੀਤੀ ਨੂੰ ਜੜੋਂ ਕੱਟਣਾ
ਜਾਤਾਂ ਪਾਤਾਂ ਦਾ ਪਾਇਆ ਪਾੜਾ ਦੂਰ ਕਰਾਂਗੇ
ਬੁਜ਼ਦਿਲ ਇਨਸਾਨ ਲਈ ਆਪ ਆ ਲੜਾਂਗੇ।
ਅੰਨ ਜਿਸਨੇ ਉਗਾਇਆ ਪਹਿਲ ਉਸਦੀ ਹੋਵੇ
ਕਿਰਤੀਆਂ ਤੋਂ ਬਿਨਾਂ ਕਾਇਨਾਤ ਰੁੱਸਦੀ ਹੋਵੇ।
ਅਸੀਂ ਮਿਹਨਤ ਦੇ ਮੁੱਲ ਦਾ ਸਮਾਜ ਲਿਆਵਾਂਗੇ
ਇਨਸਾਨ ਜੋ ਕਰ ਨਾ ਸਕਿਆ, ਕਰ ਦਿਖਾਵਾਂਗੇ।

## ਮਰ ਰਹੀ ਹੈ ਮੇਰੀ ਭਾਸ਼ਾ

ਮਰ ਰਹੀ ਹੈ ਮੇਰੀ ਭਾਸ਼ਾ
ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ ਸ਼ਬਦ
ਮਰ ਰਹੀ ਹੈ ਮੇਰੀ ਭਾਸ਼ਾ ਵਾਕ ਵਾਕ
ਅੰਮ੍ਰਿਤ ਵੇਲਾ
ਨੂਰ ਪਹਿਰ ਦਾ ਤੜਕਾ
ਧੰਮੀ ਵੇਲਾ
ਪਹੁ-ਫੁਟਾਲਾ
ਛਾਹ ਵੇਲਾ
ਸੂਰਜ ਸਵਾ ਨੇਜ਼ੇ
ਟਿਕੀ ਦੁਪਹਿਰ
ਲਉਢਾ ਵੇਲਾ
ਡੀਗਰ ਵੇਲਾ
ਲੋਏ ਲੋਏ
ਸੂਰਜ ਖੜੇ ਖੜੇ
ਤਰਕਾਲਾਂ
ਡੂੰਘੀਆਂ ਸ਼ਾਮਾਂ
ਦੀਵਾ ਵੱਟੀ
ਖਉਪੀਆ
ਕੌੜਾ ਸੋਤਾ
ਢੱਲਦੀਆਂ ਖਿੱਤੀਆਂ
ਤਾਰੇ ਦਾ ਚੜ੍ਹਾਅ
ਚਿੜੀ ਚੂਕਦੀ ਨਾਲ
ਸਾਝਰਾ, ਸੁਵਖ਼ਤਾ, ਸਰਘੀ ਵੇਲਾ
ਘੜੀਆਂ, ਪਹਿਰ, ਬਿੰਦ, ਪਲ, ਛਿਣ, ਨਿਮਖ
ਵਿਚਾਰੇ
ਮਾਰੇ ਗਏ ਇਕੱਲੇ ਟਾਈਮ ਹੱਥੋਂ ਇਹ ਸ਼ਬਦ ਸਾਰੇ
ਸ਼ਾਇਦ ਇਸ ਲਈ
ਕਿ ਟਾਈਮ ਕੋਲ ਟਾਈਮ-ਪੀਸ ਸੀ
ਹਰਹਟ ਕੀ ਮਾਲਾ, ਚੰਨੇ ਦਾ ਉਹਲਾ, ਗਾਟੀ ਦੇ ਹੂਟੇ
ਕਾਂਜਣ, ਨਿਸਾਰ, ਔਲੂ
ਚੱਕਲੀਆਂ, ਬੂੜੇ, ਭਰ ਭਰ ਡੁੱਲ੍ਹ ਦੀਆਂ ਟਿੰਡਾਂ
ਇਹਨਾਂ ਸਭਨਾਂ ਨੇ ਤਾਂ ਰੁੜ੍ਹ ਹੀ ਜਾਣਾ ਸੀ
ਟਿਊਬ-ਵੈੱਲ ਦੀ ਧਾਰ ਵਿਚ
ਮੈਨੂੰ ਕੋਈ ਹੈਰਾਨੀ ਨਹੀਂ
ਹੈਰਾਨੀ ਤਾਂ ਇਹ ਹੈ ਕਿ
ਅੰਮੀ ਤੇ ਅੱਬਾ ਵੀ ਨਹੀਂ ਰਹੇ
ਬੀਜੀ ਤੇ ਭਾਪਾ ਜੀ ਵੀ ਤੁਰ ਗਏ
ਦਦੇਸਾਂ ਫਫੇਸਾਂ ਮਮੇਸਾਂ ਦੀ ਗੱਲ ਹੀ ਛੱਡੋ
ਕਿੰਨੇ ਰਿਸ਼ਤੇ
ਸਿਰਫ਼ ਆਂਟੀ ਤੇ ਅੰਕਲ ਨੇ ਕਰ ਦਿੱਤੇ ਹਾਲੋਂ ਬੇਹਾਲ
ਤੇ ਕੱਲ੍ਹ ਕਹਿ ਰਿਹਾ ਸੀ ਪੰਜਾਬ ਦੇ ਵਿਹੜੇ ਵਿਚ
ਇਕ ਛੋਟਾ ਜਿਹਾ ਬਾਲ
ਪਾਪਾ ਆਪਣੇ ਟ੍ਰੀ ਦੇ ਸਾਰੇ ਲੀਵਜ਼ ਕਰ ਰਹੇ ਨੇ ਫ਼ਾਲ
ਹਾਂ ਬੇਟਾ, ਆਪਣੇ ਟ੍ਰੀ ਦੇ ਸਾਰੇ ਲੀਵਜ਼ ਕਰ ਰਹੇ ਨੇ
ਫ਼ਾਲ
ਮਰ ਰਹੀ ਹੈ ਅਪਣੀ ਭਾਸ਼ਾ ਪੱਤਾ ਪੱਤਾ ਸ਼ਬਦ
ਸ਼ਬਦ
ਹੁਣ ਤਾਂ ਰੱਬ ਹੀ ਰਾਖਾ ਹੈ
ਮੇਰੀ ਭਾਸ਼ਾ ਦਾ

-ਸੁਰਜੀਤ ਪਾਤਰ

# ਇਨਸਾਨ ਦੀ ਸੋਚ ਅਤੇ ਵਿਸ਼ਵਾਸ

–ਰਜਿੰਦਰ ਕੌਰ
# 98774-73171

ਹਰ ਇਨਸਾਨ ਆਪਣੀ ਸੋਚ ਦਾ ਮਾਲਕ ਹੁੰਦਾ ਹੈ। ਜਿੰਨੀ ਉਚੀ ਸੋਚ ਉਨੀ ਵੱਡੀ ਸਫ਼ਲਤਾ ਹੁੰਦੀ ਹੈ ਸਫ਼ਲਤਾ ਦਾ ਅਰਥ ਹੈ ਅਮੀਰੀ, ਸ਼ਾਨਦਾਰ ਘਰ, ਮਜ਼ੇਦਾਰ ਛੁੱਟੀਆਂ, ਯਾਤਰਾਵਾਂ, ਨਵੀਆਂ ਚੀਜ਼ਾਂ, ਆਰਥਿਕ ਸੁਰੱਖਿਆ, ਆਪਣੇ ਬੱਚਿਆਂ ਨੂੰ ਜ਼ਿਆਦਾ ਖ਼ੁਸ਼ਹਾਲੀ ਦੇਣਾ, ਪ੍ਰਸੰਸਾ ਦਾ ਪਾਤਰ ਬਣਨਾ, ਲੀਡਰ ਬਣਨਾ, ਆਪਣੇ ਬਿਜ਼ਨਸ ਤੇ ਸਮਾਜਿਕ ਜੀਵਨ ਵਿੱਚ ਸਨਮਾਨ ਪਾਉਣਾ।

ਹਰ ਇਨਸਾਨ ਸਫ਼ਲਤਾ ਚਾਹੁੰਦਾ ਹੈ ਜ਼ਿੰਦਗੀ ਸੁੱਖਾਂ ਨਾਲ ਬਿਤਾਉਣਾ ਚਾਹੁੰਦਾ ਹੈ ਇਸ ਨੂੰ ਪ੍ਰਾਪਤ ਕਰਨ ਲਈ ਵਿਸ਼ਵਾਸ ਦਾ ਹੋਣਾ ਜ਼ਰੂਰੀ ਹੈ ਵਿਸ਼ਵਾਸ ਨਾਲ ਪਹਾੜ ਹਿਲਾਏ ਜਾ ਸਕਦੇ ਹਨ। ਜ਼ਿਆਦਾਤਰ ਲੋਕਾਂ ਨੂੰ ਇਹ ਭਰੋਸਾ ਹੀ ਨਹੀਂ ਹੁੰਦਾ ਕਿ ਉਹ ਕੁਝ ਕਰ ਸਕਦੇ ਹਨ ਤਾਂ ਹੀ ਉਹ ਕੁਝ ਕਰ ਨਹੀਂ ਸਕਦੇ। ਮੈਨੂੰ ਭਰੋਸਾ ਹੈ ਕਿ ਮੈ ਇਹ ਕੰਮ ਕਰ ਸਕਦਾ ਹਾਂ ਵਾਲਾ ਰਵੱਈਆ ਸਾਨੂੰ ਉਹ ਸ਼ਕਤੀ, ਯੋਗਤਾ ਤੇ ਊਰਜਾ ਦਿੰਦਾ ਹੈ ਜਿਸਦੇ ਸਹਾਰੇ ਅਸੀਂ ਉਹ ਕੰਮ ਕਰ ਲਵਾਂਗੇ। ਜਿਸ ਮਨੁੱਖ ਨੂੰ ਭਰੋਸਾ ਹੁੰਦਾ ਹੈ ਕਿ ਉਹ ਕੰਮ ਕਰ ਸਕਦਾ ਹੈ ਉਸ ਨੂੰ ਤਰੀਕਾ ਵੀ ਲੱਭ ਜਾਂਦਾ ਹੈ। ਵਿਸ਼ਵਾਸ ਦਿਮਾਗ ਨੂੰ ਪ੍ਰੇਰਿਤ ਕਰਦਾ ਹੈ ਕਿ ਉਹ ਨਿਸ਼ਾਨੇ ਨੂੰ ਪੂਰਾ ਕਰਨ ਲਈ ਢੰਗ ਸਾਧਨ ਤੇ ਉਪਾਅ ਲੱਭੇ। ਜੇਕਰ ਤੁਹਾਨੂੰ ਲੱਗੇ ਕਿ ਤੁਸੀਂ ਸਫ਼ਲ ਹੋ ਸਕਦੇ ਹੋ ਤਾਂ ਤੁਸੀਂ ਹੋ ਹੀ ਜਾਵੇਂਗੇ।

ਦਰਅਸਲ ਅਜੋਕੇ ਦੌਰ ਵਿਚ ਵਿਸ਼ਵਾਸ ਤੇ ਭਰੋਸੇ ਨਾਲ ਪਹਾੜ ਹਿਲਾਉਣ ਤੋਂ ਵੀ ਵੱਡੇ ਕੰਮ ਕਰਨੇ ਮੁਸ਼ਕਲ ਨਹੀਂ ਹਨ। ਅਜੋਕੇ ਪੁਲਾੜ ਪ੍ਰੋਗਰਾਮ ਦਾ ਬੁਨਿਆਦੀ ਅਸੂਲ ਇਹ ਹੈ ਕਿ ਪੁਲਾੜ ਨੂੰ ਜਿਤਿਆ ਜਾ ਸਕਦਾ ਹੈ। ਮਨੁੱਖ ਪੁਲਾੜ ਵਿੱਚ ਯਾਤਰਾ ਕਰ ਸਕਦਾ ਹੈ ਇਸ ਦ੍ਰਿੜ੍ਹ ਵਿਸ਼ਵਾਸ ਤੋਂ ਬਿਨਾਂ ਸਾਡੇ ਵਿਗਿਆਨਕਾਂ ਵਿਚ ਉਹ ਹਿੰਮਤ, ਉਤਸ਼ਾਹ ਤੇ ਰੁਚੀ ਨਹੀਂ ਹੋ ਸਕਦੀ, ਜਿਸ ਤੋਂ ਉਨ੍ਹਾਂ ਨੂੰ ਅੱਗੇ ਵਧਣ ਦਾ ਹੌਸਲਾ ਮਿਲਦਾ ਹੈ। ਅਟੱਲ ਭਰੋਸਾ ਹੀ ਉਹ ਸ਼ਕਤੀ ਹੈ ਜੋ ਮਹਾਨ ਪੁਸਤਕਾਂ, ਨਾਟਕਾਂ ਤੇ ਵਿਗਿਆਨਕ ਖੋਜਾਂ ਦੇ ਪਿਛੇ ਹੁੰਦੀ ਹੈ। ਸਫ਼ਲਤਾ 'ਚ ਵਿਸ਼ਵਾਸ ਹੀ ਉਹ ਬੁਨਿਆਦੀ ਜ਼ਰੂਰੀ ਤੱਤ ਹੈ ਜੋ ਹਰ ਸਫ਼ਲ ਆਦਮੀ ਵਿੱਚ ਪਾਇਆ ਜਾਂਦਾ ਹੈ। ਅਸਫ਼ਲ ਵਿਅਕਤੀ ਕੋਲੋਂ ਇਹ ਗੱਲ ਜ਼ਰੂਰੀ ਸੁਣਨ ਵਿੱਚ ਆਈ ਹੈ 'ਸੱਚ ਕਹਾਂ ਤਾਂ ਮੈਨੂੰ ਲੱਗ ਹੀ ਨਹੀਂ ਰਿਹਾ ਸੀ ਕਿ ਅਸੀਂ ਸਫ਼ਲ ਹੋ ਪਾਵਾਂਗੇ ਜਾਂ ਮੈਂ ਜਦੋਂ ਕੰਮ ਸ਼ੁਰੂ ਕੀਤਾ ਤਾਂ ਉਸ ਤੋਂ ਪਹਿਲਾ ਹੀ ਮੈਨੂੰ ਇਸ ਦੀ ਸਫ਼ਲਤਾ 'ਤੇ ਸ਼ੱਕ ਹੋ ਰਿਹਾ ਸੀ ਮੈਨੂੰ ਜ਼ਰਾ ਵੀ ਹੈਰਾਨੀ ਨਹੀਂ ਹੋਈ।

ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਦੇ ਅਜਿਹੇ ਮਿੱਤਰ ਹੁੰਦੇ ਹਨ ਜੋ ਬਾਗਬਾਨੀ ਦਾ ਸ਼ੌਕ ਰੱਖਦੇ ਹਨ ਜਿਸ ਤਰ੍ਹਾਂ ਬੂਟਿਆਂ ਨੂੰ ਪਾਣੀ ਦੇਣ ਨਾਲ ਉਹ ਤੇਜ਼ੀ ਨਾਲ ਵਧਦੇ ਹਨ ਇਸ ਤਰ੍ਹਾਂ ਹੀ ਜ਼ਿਆਦਾ ਆਤਮ ਵਿਸ਼ਵਾਸ਼ੀ, ਪ੍ਰਭਾਵਸ਼ਾਲੀ ਵਿਅਕਤੀ ਵੱਧ ਸਫ਼ਲਤਾ ਪ੍ਰਾਪਤ ਕਰਦਾ ਹੈ। ਬਹਾਨੇਬਾਜ਼ੀ ਵੀ ਇਕ ਬੀਮਾਰੀ ਹੈ। ਹਰ ਅਸਫ਼ਲ ਵਿਅਕਤੀ ਵਿੱਚ ਇਹ ਬਿਮਾਰੀ ਵਿਕਸਿਤ ਅਵਸਥਾ ਵਿੱਚ ਪਾਈ ਜਾਂਦੀ ਹੈ, ਸਫ਼ਲਤਾ ਦੀ ਪੌੜੀ 'ਤੇ ਬਿਨਾਂ ਰੁਕੇ ਚੜ੍ਹਨ ਵਾਲਾ ਵਿਅਕਤੀ ਬਹਾਨੇਬਾਜ਼ੀ ਦਾ ਰੋਗੀ ਨਹੀਂ ਹੁੰਦਾ, ਜਦਕਿ ਅਸਫ਼ਲਤਾ ਦੀ ਢਲਾਨ ਦੇ ਲਗਾਤਾਰ ਫਿਸਲਣ ਵਾਲਾ ਬੰਦਾ ਬਹਾਨੇਬਾਜ਼ੀ ਦੇ ਗੰਭੀਰ ਰੂਪ ਨਾਲ ਪੀੜਤ ਹੁੰਦਾ ਹੈ। ਆਪਣੇ ਆਸ-ਪਾਸ ਦੇਖਣ ਨਾਲ ਸਾਨੂੰ ਪਤਾ ਚਲਦਾ ਹੈ ਕਿ ਜਿਹੜਾ ਵਿਅਕਤੀ ਜਿੰਨਾ ਸਫ਼ਲ ਹੁੰਦਾ ਹੈ ਉਹ ਉਨੇ ਹੀ ਘੱਟ ਬਹਾਨੇ ਬਣਾਉਂਦਾ ਹੈ ਬਹਾਨੇਬਾਜ਼ੀ ਦੇ ਪ੍ਰਚਲਤ ਰੂਪ **ਪਹਿਲਾ** ਮੈਂ ਕੀ ਕਰਾਂ, ਮੇਰੀ ਸਿਹਤ ਹੀ ਠੀਕ ਨਹੀਂ ਰਹਿੰਦੀ। ਸਿਹਤ ਬਾਰੇ ਫਾਲਤੂ ਚਿੰਤਾ ਕਰਨਾ ਛੱਡ ਦਿਉ। ਉਦਾਹਰਣ ਦੇ ਤੌਰ ਤੇ ਇੱਕ ਐਸਾ ਆਦਮੀ ਜਿਸ ਨੂੰ ਕਿ ਇਹ ਵਹਿਮ ਸੀ ਕਿ ਉਸਦਾ ਗਾਲ ਬਲੈਡਰ (ਪਿੱਤਾ) ਖਰਾਬ ਹੈ ਅੱਠ ਦੱਸ ਵਾਰੀ ਐਕਸਰੇ ਕਰਾਉਣ 'ਤੇ ਡਾਕਟਰਾਂ ਦੇ ਕਹਿਣ 'ਤੇ ਕਿ ਤੁਹਾਡਾ ਗਾਲ ਬਲੈਡਰ ਠੀਕ ਹੈ ਤੁਹਾਨੂੰ ਕੋਈ ਬੀਮਾਰੀ ਨਹੀਂ ਪਰ ਉਸਦਾ ਵਹਿਮ ਨਹੀਂ ਗਿਆ। **ਦੂਜੀ** ਗੱਲ ਇਹ ਹੈ ਕਿ ਜਿੰਨਾਂ ਕੁੱਝ ਤੁਹਾਡੇ ਕੋਲ ਹੈ ਉਸ ਤੇ ਹੀ ਸਬਰ ਕਰਨਾ ਚਾਹੀਦਾ ਹੈ ਜਦੋਂ ਕੋਈ ਆਪਣੇ ਫਟੇ-ਪੁਰਾਣੇ ਬੂਟਾਂ ਵੱਲ ਦੇਖ ਕੇ ਦੁਖੀ ਹੁੰਦਾ ਹੈ ਪਰ ਜਦੋਂ ਉਹ ਇਹੋ ਜਿਹੇ ਇਨਸਾਨ ਨੂੰ ਦੇਖਦਾ ਹੈ ਜਿਸਦੇ ਪੈਰਾਂ ਚ ਕੁੱਝ ਵੀ ਨਹੀਂ ਪਾਇਆ ਹੋਇਆ ਤਾਂ ਉਸਦੀ ਸ਼ਿਕਾਇਤ ਖਤਮ ਹੋ ਗਈ ਉਹ ਸ਼ੁਕਰਗੁਜ਼ਾਰ ਬਣ ਗਿਆ। **ਤੀਜਾ** ਆਪਣੀ ਜ਼ਿੰਦਗੀ ਨੂੰ ਮਜ਼ੇ ਨਾਲ ਜੀਉ ਇਸ ਨੂੰ ਬਰਬਾਦ ਨਾ ਕਰੋ। ਜ਼ਿੰਦਗੀ ਜੀਣ ਦੀ ਬਜਾਇ ਜੇਕਰ ਤੁਸੀਂ ਫਿਕਰ ਕਰਦੇ ਰਹੋਗੇ ਤਾਂ ਤੁਸੀਂ ਛੇਤੀ ਹੀ ਹਸਪਤਾਲ ਪਹੁੰਚ ਜਾਵੋਗੇ।

ਇਹ ਵੀ ਸੁਣਨ ਵਿੱਚ ਆਉਂਦਾ ਹੈ ਕਿ ਜਿਵੇਂ ਸੋਚੋਗੇ ਉਵੇਂ ਹੀ ਹੋਵੇਗਾ। ਜਿਨ੍ਹਾਂ ਲੋਕਾਂ ਨੂੰ ਜ਼ਿਆਦਾ ਸਨਮਾਨ ਮਿਲਦਾ ਹੈ ਉਹ ਜ਼ਿਆਦਾ ਸਫ਼ਲ ਹੁੰਦੇ ਹਨ। ਸੋਚ ਦਾ ਕਾਰਨ ਇਹ ਹੀ ਹੁੰਦਾ ਹੈ ਜਿਸ ਤਰ੍ਹਾਂ ਅਸੀਂ ਦੂਜਿਆਂ ਬਾਰੇ ਸੋਚਦੇ ਹਾਂ ਉਹੀ ਦੇਖਦੇ ਹਾਂ ਜਿਹੜਾ ਅਸੀਂ ਆਪਣੇ ਬਾਰੇ ਸੋਚਦੇ ਹਾਂ ਉਸੇ ਤਰ੍ਹਾਂ ਦਾ ਵਿਵਹਾਰ ਮਿਲਦਾ ਹੈ ਇਸ ਦੇ ਉਲਟ ਜਿਹੜਾ ਆਪਣੇ-ਆਪ ਨੂੰ ਹੀਣ ਘਟੀਆ ਸਮਝਦਾ ਹੈ ਚਾਹੇ ਉਸ ਕੋਲ ਕਿੰਨੀਆਂ ਵੀ ਯੋਗਤਾਵਾਂ ਕਿਉਂ ਨਾ ਹੋਣ, ਉਹ ਸਦਾ ਉਸੇ ਤਰ੍ਹਾਂ ਹੀ ਬਣਿਆ ਰਹੇਗਾ। ਆਪਣੀ ਹੀਣਤਾ ਨੂੰ ਛੁਪਾਉਣ ਦਾ ਯਤਨ ਕਰੇਗਾ ਪਰ ਬੁਨਿਆਦੀ ਭਾਵਨਾ ਛੁਪੀ ਨਹੀਂ ਰਹਿ ਸਕਦੀ। ਦੂਜੇ ਪਾਸੇ ਜਿਹੜਾ ਇਨਸਾਨ ਇਹ ਸਮਝਦਾ ਹੈ ਕਿ ਉਹ ਕੋਈ ਵੀ ਕੰਮ ਕਰ ਸਕਦਾ ਹੈ ਉਹ ਕਰਕੇ ਹੀ ਸਾਹ ਲਏਗਾ। ਇਕ ਗੱਲ ਹੋਰ ਵੀ ਹੈ ਕਿ ਤੁਹਾਡੀ ਦਿੱਖ ਵੀ ਮਹਤਵਪੂਰਨ ਹੋਣੀ ਚਾਹੀਦੀ ਹੈ ਤੁਹਾਡਾ ਵਿਅਕਤੀਤਵ ਬੋਲਦਾ ਹੈ ਤੁਸੀਂ ਕਿਸ ਤਰ੍ਹਾਂ ਦਿਖਦੇ ਹੋ ਇਸ ਨਾਲ ਤੁਹਾਡੀ ਇਮੇਜ਼ ਬਣਦੀ ਹੈ, ਪੱਕਾ ਕਰ ਲਉ ਕਿ ਤੁਹਾਡੇ ਬਾਹਰੀ ਵਿਅਕਤੀਤਵ ਤੋਂ ਹੀ ਤੁਹਾਡੇ ਬਾਰੇ ਸਕਾਰਾਤਮਕ ਛਵੀ ਹੀ ਬਣੇ। ਤੁਹਾਡਾ ਪਹਿਰਾਵਾ ਤੁਹਾਨੂੰ ਕੁੱਝ ਕਹਿੰਦਾ ਹੈ ਪਰ ਇਹ ਦੂਜਿਆਂ ਨੂੰ ਵੀ ਕੁੱਝ ਕਹਿੰਦਾ ਹੈ ਇਸ ਦੀ ਉਦਾਹਰਣ ਇਹ ਹੈ ਕਿ ਇੱਕ ਪਾਸੇ ਮੇਜ਼ 'ਤੇ ਖੁੱਲ੍ਹੇ ਅੰਗੂਰ ਪਏ ਸਨ, ਦੂਜੇ ਪਾਸੇ ਪੋਲੀਥੀਨ ਦੇ ਬੈਗ ਵਿੱਚ ਪੈਕ ਕੀਤੇ ਹੋਏ ਸਨ, ਪੈਕ ਕੀਤੇ ਹੋਏ ਅੰਗੂਰਾਂ ਦੀ ਕੀਮਤ ਜ਼ਿਆਦਾ ਸੀ ਪੁੱਛਣ ਤੇ ਜਵਾਬ ਮਿਲਿਆ ਪੈਕਿੰਗ ਦੀ ਕੀਮਤ ਹੈ। ਇਸ ਤੋਂ ਪਤਾ ਲਗਦਾ ਹੈ ਜਿੰਨੀ ਚੰਗੀ ਤੁਹਾਡੀ ਪੈਕਿੰਗ ਹੋਵੇਗੀ ਉਨੇ ਹੀ ਲੋਕ ਜ਼ਿਆਦਾ ਪਸੰਦ ਕਰਨਗੇ। ਸਫ਼ਲਤਾ ਹਾਸਲ ਕਰਨ ਦੇ ਇਹ ਅਸੂਲ ਹਨ ਸਫ਼ਲਤਾ ਦੂਜੇ ਦੇ ਸਹਿਯੋਗ ਤੇ ਨਿਰਭਰ ਕਰਦੀ ਹੈ, ਇਥੋਂ ਤਕ ਕਿਹਾ ਗਿਆ ਹੈ ਕਿ ਇਨਸਾਨ ਨੇ ਆਪਣੀ ਤਾਕਤ ਦੇ ਬਲ ਤੇ ਸੱਤਾ ਹਾਸਲ ਕੀਤੀ ਹੋਵੇ ਤਾਂ ਵੀ ਉਸਨੂੰ ਲੀਡਰ ਦਾ ਸਹਿਯੋਗ ਜ਼ਰੂਰੀ ਹੈ। ਸਫ਼ਲਤਾ ਹਾਸਲ ਕਰਨ ਲਈ ਦੂਜਿਆਂ 'ਤੇ ਨਿਰਭਰ ਰਹਿਣਾ ਪੈਂਦਾ ਹੈ ਨਾਲ ਇਹ ਗੱਲ ਜ਼ਰੂਰੀ ਹੈ ਕਿ ਜਿੰਨਾ ਤੁਸੀਂ ਲੋਕਾਂ ਬਾਰੇ ਜ਼ਿਆਦਾ ਚੰਗਾ ਸੋਚੋਂਗੇ ਉਹ ਤੁਹਾਨੂੰ ਉਨੇ ਹੀ ਜ਼ਿਆਦਾ ਪਸੰਦ ਕਰਨਗੇ।

ਰਾਸ਼ਟਰਪਤੀ ਲਿੰਡਨ ਜਾਨਸਨ ਨੇ ਪ੍ਰੇਜ਼ੀਡੈਂਟ ਬਣਨ ਲਈ ਪਹਿਲਾਂ ਦਸ ਪ੍ਰੋਗਰਾਮ ਤਿਆਰ ਕੀਤੇ ਸਨ।

1. ਨਾਮ ਯਾਦ ਰੱਖਣੇ ਜੇ ਤੁਸੀਂ ਇਸ ਤਰ੍ਹਾਂ ਨਹੀਂ ਕਰਦੇ, ਉਨ੍ਹਾਂ ਨੂੰ ਲੱਗੇਗਾ ਤੁਹਾਨੂੰ ਕੋਈ ਦਿਲਚਸਪੀ ਨਹੀਂ।

2. ਜਿਹੜੇ ਤੁਹਾਡੇ ਨਾਲ ਹਨ ਉਹਨਾਂ ਨੂੰ ਕੋਈ ਚਿੰਤਾ ਜਾ ਮੁਸ਼ਕਲ ਨਾ ਹੋਵੇ।

3. ਆਪਣਾ ਦਿਮਾਗ ਠੰਡਾ ਰੱਖਣਾ।

4. ਬੜਬੋਲੇ ਨਾ ਹੋਣਾ।

5. ਦਿਲਚਸਪ ਇਨਸਾਨ ਬਣਨਾ ਲੋਕ ਤੁਹਾਡੇ ਨੇੜੇ ਰਹਿਣ।

6. ਆਪਣੇ ਵਿਅਕਤੀਤਵ ਵਿਚੋਂ ਚੁੱਭਣ ਵਾਲੇ ਤੱਤਾਂ ਨੂੰ ਬਾਹਰ ਕੱਢਣਾ।

7. ਸੱਚੀ ਧਾਰਮਿਕ ਭਾਵਨਾ ਰੱਖਣਾ।

8 ਕਿਸੇ ਦੀ ਸਫ਼ਲਤਾ ਤੇ ਵਧਾਈ ਦੇਣ ਦਾ ਮੌਕਾ ਨਾ ਗਵਾਉ, ਦੁੱਖ ਵਿੱਚ ਸਾਥ ਦਿਉ। 9. ਲੋਕਾਂ ਨਾਲ ਗੱਲਾਂ ਕਰਨੀਆਂ ਪਸੰਦ ਕਰੋ।

10 ਲੋਕਾਂ ਨੂੰ ਹੱਲਾਸ਼ੇਰੀ ਦਿਉ।

ਚੰਗੇ ਦੋਸਤ ਖਰੀਦੇ ਨਹੀਂ ਜਾ ਸਕਦੇ ਆਪਣੇ ਵਿਵਹਾਰ ਨਾਲ ਬਣਦੇ ਹਨ। ਇਹ ਸਾਰੀਆਂ ਗੱਲਾਂ ਸਾਨੂੰ ਸਫਲਤਾ ਪ੍ਰਾਪਤ ਕਰਨ ਵਿਚ ਮਦਦ ਕਰਨਗੀਆਂ। ਚੰਗੀ ਸੋਚ ਨਾਲ, ਚੰਗੇ ਵਿਚਾਰਾਂ ਨਾਲ ਲੋਕਾਂ ਦੀ ਸਹਿਮਤੀ ਵਧਦੀ ਹੈ ਅਤੇ ਸਾਨੂੰ ਸਫਲਤਾ ਵੱਲ ਲੈ ਕੇ ਜਾਂਦੀ ਹੈ। ਵੱਡੀ ਤੇ ਚੰਗੀ ਸੋਚ ਹੀ ਜ਼ਿੰਦਾ ਦਿਲੀ ਹੈ। ਵੱਡੀ ਸੋਚ ਜਾਦੂ ਦਾ ਕੰਮ ਕਰਦੀ ਹੈ। -0-

# ਆਰਕਟਿਕ ਦੀ ਬਰਫ਼ ਅਤੇ ਪੁਰਾਣੇ ਵਾਇਰਸ

**ਬਿਪਨਦੀਪ ਅਤੇ ਰਵੀ ਕੁਮਾਰ ਸੰਪਰਕ: 9888777701**

ਮਨੁੱਖੀ ਇਤਿਹਾਸ ਵਿੱਚ ਇਤਿਹਾਸਕ ਤੌਰ 'ਤੇ ਦੇਖੀਏ ਤਾਂ ਮਹਾਂਮਾਰੀਆਂ ਨੇ ਮਨੁੱਖ ਨੂੰ ਅਤੀਤ ਨਾਲੋਂ ਤੋੜ ਕੇ ਨਵੇਂ ਸਮਾਜ ਵਿੱਚ ਸੋਚਣ ਲਾਇਆ ਹੈ ਪਰ ਅਜਿਹੇ ਸਮੇਂ ਵਿੱਚ ਇਹ ਮਹਾਂਮਾਰੀਆਂ ਸਿਰਫ ਮਨੁੱਖ ਲਈ ਹੀ ਸੰਕਟ ਖੜਾ ਨਹੀਂ ਕਰਦੀਆਂ ਸਗੋਂ ਸਾਡੇ ਭੂ-ਭਾਗ ਅਤੇ ਵਾਯੂਮੰਡਲ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਇਉਂ ਹੀ ਅੱਜ ਵਿਸ਼ਵ ਦੇ ਉੱਤਰੀ ਹਿੱਸੇ ਅੰਦਰ ਮਹੱਤਵਪੂਰਨ ਤਬਦੀਲੀਆਂ ਹੋ ਰਹੀਆਂ ਹਨ। ਆਰਕਟਿਕ ਉੱਤਰੀ ਧਰੁਵ ਦਾ ਸਿਖਰ ਹੈ ਅਤੇ ਇਹ ਅੱਠ ਦੇਸ਼ਾਂ ਨਾਲ ਘਿਰਿਆ ਹੋਇਆ ਖੇਤਰ ਹੈ। 'ਨੈਸ਼ਨਲ ਸਨੋ ਐਂਡ ਆਈਸ ਡਾਟਾ ਸੈਂਟਰ' ਅਨੁਸਾਰ ਮਾਰਚ 2020 ਵਿੱਚ ਆਰਕਟਿਕ ਬਰਫ਼ ਦਾ ਸਤਰ 'ਸੈਟੇਲਾਈਟ ਰਿਕਾਰਡ ਡਾਟਾ' ਦੇ ਇਤਿਹਾਸ ਵਿੱਚ ਗਿਆਰ੍ਹਵੀਂ ਵਾਰ ਐਨਾ ਘੱਟ ਅੰਕਿਤ ਹੋਇਆ ਹੈ। ਆਰਕਟਿਕ ਬਰਫ਼ ਦੇ ਪਿਘਲਣ ਕਾਰਨ ਨਵੇਂ ਸਮੁੰਦਰੀ ਰਾਹ, ਤੇਲ ਦੇ ਵਿਸ਼ਾਲ ਭੰਡਾਰ, ਕੁਦਰਤੀ ਗੈਸ ਅਤੇ ਬਹੁਤ ਸਾਰੇ ਹੋਰ ਖਣਿਜ ਸਰੋਤ ਵੀ ਖੁੱਲ੍ਹ ਰਹੇ ਹਨ, ਜੋ ਆਰਥਿਕ, ਭੂਗੋਲਿਕ ਅਤੇ ਰਾਜਨੀਤਿਕ ਪੱਖੋਂ ਕਾਫੀ ਮਹੱਤਵਪੂਰਨ ਹਨ। ਇਸ ਤੋਂ ਇਲਾਵਾ ਆਰਕਟਿਕ ਨੂੰ ਬਹੁਤ ਸਾਰੇ ਜਾਨਲੇਵਾ ਬੈਕਟੀਰੀਆ, ਵਾਇਰਸ ਅਤੇ ਹੋਰ ਜਰਾਸੀਮਾਂ ਦਾ 'ਪੈਂਡੋਰਾ ਬਾਕਸ' (Pandora Box) ਵੀ ਮੰਨਿਆ ਜਾਂਦਾ ਹੈ, ਜੋ ਇਸਦੇ ਬਰਫ਼ ਦੀਆਂ ਤਹਿਆਂ ਹੇਠ ਦੱਬੇ ਹੋਏ ਹਨ। ਆਰਕਟਿਕ ਵਿੱਚ ਲਗਾਤਾਰ ਪਿਘਲ ਰਹੀ ਬਰਫ਼ ਕਾਰਨ ਜਾਨਵਰਾਂ ਅਤੇ ਮਨੁੱਖੀ ਭੋਜਨ ਲੜੀ ਵਿੱਚ ਇਨ੍ਹਾਂ ਮਾਰੂ ਜਰਾਸੀਮਾਂ ਦੇ ਦਾਖ਼ਲ ਹੋਣ ਦੀ ਵੀ ਸੰਭਾਵਨਾ ਹੈ। ਸਾਲ 2015 ਵਿੱਚ ਹੋਏ ਇੱਕ ਅਹਿਮ ਵਿਗਿਆਨਕ ਖੁਲਾਸੇ ਅਨੁਸਾਰ ਸਾਈਬੇਰੀਆ ਵਿੱਚ 30,000 ਸਾਲ ਪੁਰਾਣੇ ਦੋ ਵਾਇਰਸਾਂ ਦਾ ਰਹੱਸ ਸਾਹਮਣੇ ਆਇਆ ਸੀ। ਪ੍ਰਯੋਗਸ਼ਾਲਾ ਵਿੱਚ ਕੀਤੀ ਗਈ ਖੋਜ ਦੌਰਾਨ ਇਹ ਪਤਾ ਲੱਗਿਆ ਕਿ ਇਨ੍ਹਾਂ 'ਚੋਂ ਇੱਕ ਮੌਲੀ-ਵਇਰਸ ਅਮੀਬਾ ਨੂੰ ਸੰਕਰਮਿਤ ਕਰਨ ਵਿੱਚ ਸਫਲ ਰਿਹਾ। ਇਸ ਪ੍ਰਯੋਗ ਦੇ ਆਗੂਕਾਰ ਪ੍ਰੋਫੈਸਰ ਜੀਨ-ਮਿਸ਼ੇਲ ਕਲਾਵੇਰੀ ਦਾ ਮੰਨਣਾ ਹੈ ਕਿ ਆਰਕਟਿਕ ਬਰਫ ਦੇ ਲਗਾਤਾਰ ਪਿਘਲਣ ਨਾਲ ਏਦਾਂ ਦੇ ਬਹੁਤ ਸਾਰੇ ਜਾਨਲੇਵਾ ਵਾਇਰਸ ਬਾਹਰ ਆ ਸਕਦੇ ਹਨ। ਇਸੇ ਤਰ੍ਹਾਂ ਸਾਲ 2016 ਵਿੱਚ, ਇੱਕ ਹੋਰ ਘਟਨਾ ਸਾਹਮਣੇ ਆਈ ਜਦੋਂ ਆਰਕਟਿਕ ਬਰਫ਼ ਦੇ ਪਿਘਲਣ ਕਾਰਨ ਉੱਥੇ ਬਰਫ਼ ਹੇਠ ਦੱਬੀ ਇੱਕ ਰੇਂਡੀਅਰ (ਹਿਰਨ ਜਾਤੀ ਦਾ ਇੱਕ ਦੁਧਾਰੂ ਜਾਨਵਰ ਹੈ) ਦੀ 100 ਸਾਲ ਪੁਰਾਣੀ ਲਾਸ਼ ਬਾਹਰ ਆਈ। ਇਹ ਰੇਂਡੀਅਰ 'ਐਂਥਰੈਕਸ' (Anthrax) ਨਾਂ ਦੇ ਵਾਇਰਸ ਨਾਲ ਮਰਿਆ ਸੀ। ਬਾਹਰ ਆਉਣ 'ਤੇ ਇਹ ਵਾਇਰਸ ਮੁੜ ਕਿਰਿਆਸ਼ੀਲ ਹੋ ਗਿਆ। ਉੱਥੋਂ ਦੇ ਰਹਿਣ ਵਾਲੇ ਚਰਵਾਹਿਆਂ ਦਾ ਇਸ ਮਰੇ ਹੋਏ ਰੇਂਡੀਅਰ ਦੇ ਸੰਪਰਕ ਵਿੱਚ ਆਉਣ ਨਾਲ ਇਹ ਵਾਇਰਸ ਮੁੜ ਰੇਂਡੀਅਰ ਅਤੇ ਮਨੁੱਖਾਂ ਅੰਦਰ ਵੀ ਕਿਰਿਆਸ਼ੀਲ ਹੋ ਗਿਆ।

**ਸਾਲ 2016 ਵਿੱਚ, ਇੱਕ ਘਟਨਾ ਸਾਹਮਣੇ ਆਈ ਜਦੋਂ ਆਰਕਟਿਕ ਬਰਫ਼ ਦੇ ਪਿਘਲਣ ਕਾਰਨ ਉੱਥੇ ਬਰਫ਼ ਹੇਠ ਦੱਬੀ ਇੱਕ ਰੇਂਡੀਅਰ (ਹਿਰਨ ਜਾਤੀ ਦਾ ਇੱਕ ਦੁਧਾਰੂ ਜਾਨਵਰ ਹੈ) ਦੀ 100 ਸਾਲ ਪੁਰਾਣੀ ਲਾਸ਼ ਬਾਹਰ ਆਈ। ਇਹ ਰੇਂਡੀਅਰ 'ਐਂਥਰੈਕਸ' (Anthrax) ਨਾਂ ਦੇ ਵਾਇਰਸ ਨਾਲ ਮਰਿਆ ਸੀ। ਬਾਹਰ ਆਉਣ 'ਤੇ ਇਹ ਵਾਇਰਸ ਮੁੜ ਕਿਰਿਆਸ਼ੀਲ ਹੋ ਗਿਆ। ਉੱਥੋਂ ਦੇ ਰਹਿਣ ਵਾਲੇ ਚਰਵਾਹਿਆਂ ਦਾ ਇਸ ਮਰੇ ਹੋਏ ਰੇਂਡੀਅਰ ਦੇ ਸੰਪਰਕ ਵਿੱਚ ਆਉਣ ਨਾਲ ਇਹ ਵਾਇਰਸ ਮੁੜ ਰੇਂਡੀਅਰ ਅਤੇ ਮਨੁੱਖਾਂ ਅੰਦਰ ਵੀ ਕਿਰਿਆਸ਼ੀਲ ਹੋ ਗਿਆ।**



'ਨੇਚਰ ਰਿਸਰਚ' ਰਸਾਲੇ ਦੁਆਰਾ ਨਵੰਬਰ 2019 ਵਿੱਚ ਪ੍ਰਕਾਸ਼ਿਤ ਵਿਗਿਆਨਿਕ ਰਿਪੋਰਟ ਅਨੁਸਾਰ ਆਰਕਟਿਕ ਸਮੁੰਦਰੀ ਬਰਫ਼ ਪਿਘਲਣ ਨਾਲ ਆਰਕਟਿਕ ਅਤੇ ਉੱਪ-ਆਰਕਟਿਕ ਜਲ-ਰਹਿਤ ਥਣਧਾਰੀ ਜੀਵਾਂ ਵਿਚਕਾਰ ਅੰਤਰ-ਸੰਪਰਕ ਵੱਧ ਰਿਹਾ ਹੈ, ਜਿਸ ਦੇ ਵੱਧਦੇ ਸੰਪਰਕ ਦੇ ਨਤੀਜੇ ਵਜੋਂ Phocine Distemper virus (PDV) ਨਾਂ ਵਰਗੇ ਵਾਇਰਸ ਵੀ ਕਿਰਿਆਸ਼ੀਲ ਹੋ ਸਕਦੇ ਹਨ। 1988 ਵਿੱਚ ਪੀਡੀਵੀ ਵਾਇਰਸ ਦੇ ਕਾਰਨ ਤਕਰੀਬਨ 23,000 ਹਾਰਬਰ ਸੀਲਾਂ ਦੀ ਮੌਤ ਹੋ ਗਈ। ਆਰਕਟਿਕ ਵਿੱਚ 1918 ਵਿੱਚ 'ਇਨਫਲੂਐਨਜ਼ਾ' (Influenza Pandemic) ਨਾਂ ਦੀ ਮਹਾਂਮਾਰੀ ਦੌਰਾਨ ਮਰੇ ਵਿਅਕਤੀਆਂ ਦੇ ਮੁਰਦਾ ਸਰੀਰਾਂ ਨੂੰ ਬਰਫ਼ ਵਿੱਚ ਦਬਾ ਦਿੱਤਾ ਗਿਆ ਸੀ। ਕੁਝ ਸਮੇਂ ਬਾਅਦ ਬਰਫ ਦੇ ਪਿਘਲਣ 'ਤੇ ਉਹ ਲਾਸ਼ਾਂ ਵਾਪਿਸ ਬਾਹਰ ਆਉਣੀਆਂ ਸ਼ੁਰੂ ਹੋ ਗਈਆਂ ਸਨ। ਇਸ ਪ੍ਰਕਾਰ 1890 ਵਿੱਚ 'ਸਮਾਲ ਪੌਕਸ' (Small Pox) ਕਾਰਨ ਸਾਇਬੇਰੀਆ ਵਿੱਚ ਲੋਕਾਂ ਦੀਆਂ ਮੁਰਦਾ ਦੇਹਾਂ ਆਰਕਟਿਕ ਦੀਆਂ ਕੁਦਰਤੀ ਠੰਢੀਆਂ ਸਥਿਤੀਆਂ ਵਿੱਚ ਸੁਰੱਖਿਅਤ ਰਹੀਆਂ। ਭਾਰੀ ਮਾਤਰਾ ਵਿੱਚ ਬਰਫ ਪਿਘਲਣ ਕਾਰਨ ਇਹ ਮੁਰਦਾ ਦੇਹਾਂ ਕੁੱਝ ਸਰਗਰਮ ਜਰਾਸੀਮਾਂ ਦੇ ਨਾਲ ਮੁੜ ਸੁਰਜੀਤ ਹੋਣੇ ਸ਼ੁਰੂ ਹੋ ਗਏ। ਜਲਵਾਯੂ ਬਦਲਾਅ ਦੇ ਅਹਿਮ ਮੁੱਦਿਆਂ ਨੂੰ ਕਿਉਟੋ ਪ੍ਰੋਟੋਕੋਲ (Kyoto Protocol) ਅਤੇ 'ਪੈਰਿਸ ਸਮਝੌਤੇ' (Paris Agreement) ਅਨੁਸਾਰ ਹੱਲ ਕਰਨ ਦੀ ਲੋੜ ਹੈ। ਉਭਰ ਰਹੇ ਜਰਾਸੀਮਾਂ ਬਾਰੇ ਵਿਆਪਕ ਡਾਕਟਰੀ ਖੋਜ ਕਰਨ ਦੀ ਜ਼ਰੂਰਤ ਹੈ। ਵਿਸ਼ਵ ਦੇ ਹਰ ਇੱਕ ਦੇਸ਼ ਨੂੰ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਕੰਮਕਾਰ ਨੂੰ 'ਸੰਯੁਕਤ ਰਾਸ਼ਟਰ ਸੰਘ' ਦੁਆਰਾ ਨਿਰਧਾਰਤ Sustainable Development Goals ਦੇ ਤਹਿਤ ਹੀ ਕਰਨ ਦੀ ਲੋੜ ਹੈ। ਇਸ ਖੇਤਰ ਵਿੱਚ ਨਵੇਂ ਉੱਭਰ ਰਹੇ ਬੈਕਟੀਰੀਆ ਅਤੇ ਵਾਇਰਸਾਂ ਦੀ ਕਾਰਜਸ਼ੀਲਤਾ ਨੂੰ ਬਿਹਤਰ ਤਰੀਕੇ ਨਾਲ ਸਮਝਣ ਦੀ ਲੋੜ ਹੈ। ਅਜਿਹੀਆਂ ਵਿਆਪਕ ਖੋਜਾਂ ਦੁਆਰਾ ਮਹਾਂਮਾਰੀਆਂ ਨਾਲ ਲੜਨ ਲਈ ਨਵੀਆਂ ਦਵਾਈਆਂ ਜਾਂ ਸੰਭਾਵਿਤ ਟੀਕਿਆਂ ਦੇ ਵਿਕਾਸ ਵੱਲ ਹੋਰ ਤੇਜ਼ੀ ਨਾਲ ਵਧਨ ਦੀ ਲੋੜ ਹੈ। ਅੱਜ ਸਮਾਂ ਆ ਗਿਆ ਹੈ ਕਿ ਮਾਨਵ-ਵਿਗਿਆਨੀ ਅਤੇ ਸਮਾਜ-ਸ਼ਾਸਤਰੀ ਮਿਲ ਕੇ ਸਮਾਜਿਕ ਵਿਹਾਰ ਨੂੰ ਸਮਝਣ ਅਤੇ ਮਨੁੱਖਤਾ ਲਈ ਮਿਲਕੇ ਅੱਗੇ ਆਉਣ।

-0-

# प्रोफेसर पूरन सिंघ विज्ञान और आध्यात्म का मिश्रण

अमृत पाल बंसल 98154 – 85668



प्रोफेसर पूरन सिंघ एक प्रसिद्ध सिख कवि और वैज्ञानिक थे तथा उनका पूरा कामकाजी जीवन लेखन के लिए समर्पित था। वह एक महान रहस्यवादी कवि और सिख धर्मग्रंथ के पहले कुछ व्याख्याकारों में से एक थे। आप का जन्म 17 फरवरी 1881 को एक छोटे से गांव सलहद, जिला एबटाबाद, (जो अब पाकिस्तान में है) में हुआ था। 1899 में डी.ए.वी. कालेज, लाहौर से एफ ए परीक्षा पास करने के बाद आप 1900 में जापान के लिए रवाना हुए और टोक्यो विश्वविद्यालय में फार्मास्युटिकल रसायन विज्ञान के विशेष छात्र के रूप में शामिल हुए। आपको जापान में विज्ञान और प्रौद्योगिकी में उच्च अध्ययन के लिए भगत गोकल चंद और रावलपिंडी के एक प्रबुद्ध सिख अभिजात द्वारा प्रायोजित किया गया था। आपने 1900 - 1903 के दौरान टोक्यो विश्वविद्यालय से फार्मास्युटिकल रसायन विज्ञान में प्रशिक्षण प्राप्त किया। आप एक महान प्रतिभाशाली व्यक्ति थे जिन्होंने अध्यात्मवाद और विज्ञान को एकीकृत किया।

प्रो. पूरन सिंघ एक अत्यधिक भावुक युवक थे। आपके विचार और व्यक्तित्व को प्रारंभिक जीवन में चार मुख्य घटनाओं द्वारा वर्णित किया जा सकता है: आपके जापानी अनुभव, वाल्ट व्हिटमैन के साथ आपकी मुलाकात, स्वामी राम तीर्थ की शिष्यता और भाई वीर सिंह जी के साथ आपकी मुलाकात। आप किशोरावस्था में एक युवा सिख थे। आप जापानी जीवन और संस्कृति से इतना अधिक प्रभावित हुए कि आप जापान में बोद्ध भिक्षु बन गये। अपनी जापानी स्मृतियों में अपने जापानी मित्रों, बोद्ध भिक्षुओं, महान कलाकार और लेखक ओकाकुर के साथ अपनी मुलाकातों का जिक्र करते हैं।

बोद्ध धर्म में उनका प्रवेश अल्पकालिक था। स्वामी राम तीर्थ 1902 में अमेरिका जाते समय टोक्यो गये थे। वह एक प्रतिभाशाली गणितज्ञ और वेदांतवादी थे। पूरन सिंघ जी की स्वामी राम तीर्थ जी से मुलाकात हुई और आप बोद्ध भिक्षु से हिन्दू वेदांती बन गये। आपने सन्यासी का पीला वस्त्र पहनना शुरू कर दिया। पूरन सिंघ जी इस मुलाकात के बारे में लिखते हैं: और वहां मेरी मुलाकात एक भारतीय संत से हुई जो भारत से आये थे। उन्होंने मुझे दिव्य ज्ञान से स्पर्श किया और मैं एक सन्यासी बन गया। उन्होंने इन आधुनिक हिन्दू भिक्षुओं के अनुसरण में मेरे दिमाग में कई विचार डाले; राष्ट्र निर्माण, भारत को उसकी महानता के प्रति जागृत करना। मैंने विज्ञान की अपनी सभी किताबें और नोटबुक एक तरफ फेंक दिये और भारत की ओर निकल पड़ा।

आप पुरे एक दशक (1902 - 1912) तक हिंदू सन्यासी के रूप में स्वामी राम तीर्थ जी के अनुयायी बने रहे। 1912 में सियालकोट में आयोजित सिख शैक्षिक सम्मेलन के दौरान आपकी मुलाकात भाई वीर सिंह जी से हुई। भाई वीर सिंह जी इस सम्मेलन के दौरान पूरन सिंघ जी के ओजस्वी भाषण से बहुत प्रभावित हुए। उन्होंने आप को अपने कक्ष में आमंत्रित किया और उनकी इस मुलाकात ने पूरन सिंघ जी का जीवन बदल दिया और उनको सिख धर्म में वापस ला दिया।

आप एक 'ईश्वर - प्रिय' व्यक्ति तथा प्रकृति और सौंदर्य के प्रेमी थे। आपने अंग्रेजी और पंजाबी दोनों भाषाओं में सुंदर कवितायें लिखी। आपने 1923 में खुले मैदान, खुला घुंड और 1926 में खुले आसमानी रंग" नामक तीन खंडों में पंजाबी कविता की रचना की। खुले मैदान में आप 'जवान पंजाब' पर पंजाबी कविता में लिखते हैं:

एह बेपरवाह पंजाब दे, मौत नू मारवोलां करन
मरन तों नहीं डरदे, पिआर नाल एह करन गुलामी
जान को अपनी वार दिंदे पर तें ना मन्नन किसे दी
खालो जान डांगा मोढे ते खिलार के
मन्नन बस अपनी जवानी दे जोर नूं
आखरखंड अलबेले, धुर थीं सतगुरूआं दे
आजाद कीते एह बंदे
पंजाब ना हिंदू ना मुसलमान
पंजाब सारा जींदा गुरूआं दे नां ते।

आपने पंजाबी और अंग्रेजी में लगभग दो दर्ज खंड लिखे, जिनमें कुछ अत्यंत सुंदर अनुवाद कार्य भी शामिल हैं। उदाहरण के लिये, आप 'खालसा' को श्री गुरू गोबिंद सिंघ जी के भावपूर्ण गायन के तरीके से परिभाषित करते हैं:

शेष पन्ना 36 पर

# BHAGAT JAIDEV JI

**Amrit Paul Bansal**

**In the other hymn in the Maru measure, Jaidev expresses his deep devotion in the Real one. He states that he recites the Divine Name for 16 times only with the passing of one breath. In other words, it implies that he does not waste any moment of his breathing and remain engaged in the remembrance of God, who is an epitome of nobility. Thus, he has overcome all distinctions of mine and thine between God and himself. He feels, that he has merged with God, just as a droplet merges with water. The love of the Divine has satisfied all his desires. As such, he realised the God and thus broke the circuit of life and death. Jaidev Ji shares with us a very important event and experience on the way to God-realisation. Through this, he advises and inspires us to make Divine remembrance as integral part of our life so that we are able to achieve the ultimate aim of life now.**

**Bani Incorporated in Sri Guru Granth Sahib Ji:** Bhagat Jai Dev Ji among the 15 Bhagat Sahibans whose Divine Hymans have been included in Sri Guru Granth Sahib Ji. One Divine hymn in Raag Gurji on Page 526 and second shabad in Raag Maroo on Page 1106.

**Prominent writings :** (1) Darshan Ragav (2) Geet Gobinday (3) Chander Lok

**Principal Teachings :** Avoiding Pride and egoism, leaving traditional Karam Kaand (Ritualism). Almighty God can be achieved through meditation of one and only one form of Akaal Purakh (timeless entity)



The former name of Bhagat Jai Dev Ji was Pardharmic. He was born in Bengal in the year 1201 at village Kenduli. His father was Sri Bhoj Dev and mother Srimati Rama Devi. (Bamdevi). He was an extra- ordinarity intelligent child. His parents were disciples of Lord Krishna, so he inherited a religious atmosphere at home. He used to go to temple with his parents and involve himself in worship. The feelings of devotional love, penance and meditation developed spontaneously in his mind. His father sent him to study Sanskrit and Prakrit language with a scholar Pandit (Brahmin). He was still in his childhood, when he lost his parents. The yearning desire to see Almighty God increased further with the tragedy of his parents, who were very dear to him. One more powerful incident happened in his life. His father's friend, whose name was Niranjan, took control of the family properly deceitfully. This properly was to be inherited by Jai Dev. He was shocked by this event. He was deeply affected by how a friend of his father would cheat him. He was saddened with the behaviour of worldly people. He was overwhelmed by the feeling that the friend of his father, who was supposed to give him shelter and protection in the absence of his father, had taken over his entire properly. As Guru Nanak Dev Ji was stated in his Bani on page 469.

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ (੪੬੯)

Suffering is the medicine, and pleasure the disease, because where there is pleasure, there is no desire for God.

The tragic death of his parents and on top of it, his property taken away by his father's friend, helped Jai Dev Ji to move in the direction of God's meditation. He wrote so many devotional songs in the praise of Almighty in a considerate mood and sang these hymns day and night. Whoever heart his hymns was impressed. Apart from being totally engrossed in God's meditation, he had become a scholar of Sanskrit, Prakrit language and his reputation as a scholar and saint spread all over the country. The king of Bengal of that time period, Lachhman Sen was much impressed with his meditation, poetry and education. He approached Jai Dev Ji and appointed him as his royal poet, giving him the title of Rattan (Ruby). He was married to Srimati Padmavati by this time. He fulfilled his duties towards family life as well as writing devotional songs at the same time. He wrote three great books, which were Darshan Raghav, Geet Gobinday and Chander Lok. These writings were

very popular in Bengal and for away villages of other states. His wife too sang the hymns written by him in a very melodious tone and attracted his gratitude. Bhagat Jai Dev Ji spent some time in the service of King Lachman Sen but his soul did not like burden of any kind. He wanted to lead on independent, free life so he left the king's service and went to the forest without telling his wife.

He used to write and sing praises of Lord Krishna. Once, while he was writing his famous book, "Geet Gobinday", he was held up in such a dilemma that he did not know, what to write and what not to write. The whole day was wasted in these to and fro thoughts. He went to take a bath in the stream flowing close by. During his bath, a strange thing happened. Almighty God appeared in his own form and wrote the line on which Jai Dev Ji was held up. After returning from taking a bath, when he opened the book to write the in complete line, he found out that line had already been written. He was shocked but at the same time ego overpowered him. A thought over whelmed him that the songs, written by him are liked by God so much that He Himself appeared and completed his incomplete song. As stated in Gurbani on page 1089.

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥ (੧੦੮੯)

The Dear Lord is not pleased by egotism; the Vedas proclaim this clearly.

In order to rectify Bhagat Ji's ego, Almighty God played a wonderful trick, which ever tree Jai Dev looked at, the entire Geet Gobinday Granth was written on every leaf of that tree. Jai Dev Ji's pride vanished. He begged for forgiveness from God. After this incidence, his love, devotion and unselfish feelings towards God increased Bhai Gurdas Ji mentions all this in his Vaar 10 Pauri 10 as:

ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਬਿੰਦ ਸਹਜ ਧੁਨਿ ਗਾਵੈ॥ (ਵਾਰ-੧੦, ਪਉੜੀ-੧੦)

Getting immersed in the loving devotion, the devotee Jaidev would sing the songs of Govind.

ਲੀਲ੍ਹਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ॥

He would describe the glorious feats accomplished by God and was greatly loved by him.

ਅਖਰ ਇਕੁ ਨ ਆਵੜੈ ਪੁਸਤਕੁ ਬੰਨ੍ਹਿ ਸੰਧਿਆ ਕਰਿ ਆਵੈ॥

Once being unable to guess the words he returns home by packing his note book.

ਗੁਣ ਨਿਧਾਨ ਘਰਿ ਆਇ ਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ॥

God, the repository of all virtues in the guise of the devotee, wrote the song for him.

ਅਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ॥

Jaidev would get elated seeing and reading those words.

ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜ ਸੁਹਾਵੈ॥

Jaidev saw a wonderful tree in the deep forest.

ਗੀਤ ਗੋਬਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ॥

The songs of the Govind were written on each leaf and there was no end to it.

ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ॥

Due to the love for the devotee, God embraced him in person.

ਸੰਤ ਅਨੰਤ ਨ ਭੇਦ ਗਣਾਵੈ ॥

God and saint have no veil in between.

He was always cautions against the evil of egoism because, he did not want it to cling him again. He did not sit under any tree for long just in case its thick shade might become a source of attachment for him. He always tried to become attached to God only. Anything which deviated his mind from the love and meditation of God, he would avoid it right there and then. Many examples of miracles in his life are narrated in "Bhagat Mall". They show how attached, he was to God. In the last years of his life, he stayed at Kenduli, his birth place. The river Ganga flowed at a far off distance from his place. Bhagat Ji had promised to take a holy dip in the Ganga daily. One day, he heard a cosmic voice from heaven directing him, "Bhagat Jai Dev ! You better take holy dip in Ganga in you inner vision only. It will not affect your promise." But Bhagat Ji did not accept it from with in his heart. Strange are the miracles of God, the river Ganga got flooded and it created a new course glowing near the birth place of Bhagat Ji. So God helped his true disciple to keep his promise throughout his life.

Such mysterious ways of Almighty are known only to spiritual personalities. People with rational attitude of life are unable to understand such devotional actions. On the contrary, even the real things happening seem to be unreal and self made. His two divine hymns are entered in Sri Guru Granth Sahib Ji by Sri Guru Arjan Sahib Ji, one is on ang 526 and the other one is on ang 1106. The first shabad contains five couplets. In the first couplet, knowledge and greatness of God are described. The origin of everything is God, who is everywhere in the form of truth, beauty and justice. He is the complete embodiment of love, away from the influence of maya (wealth). He cannot be described completely in words. He is beyond imagination. He is every where. Bhagat ji, in the next two couplets describe the importance of Naam of God, "that, o brother ! The name God has captivated every thing and is a pure

nector. It should be recited daily. The fear of birth and death is liberated with Naam meditation. The misery of old age, unexpected, and undesired events do not give you grief. O brother ! if you want to conquer the angel of death, then indulge in simran (pray) and adopt noble deeds. God is eternal in the past, present and future. He is indestructible and a complete form of divine bliss". In the third couplet, Bhagat is focuses our attention on the things which should be avoided such as greed, adultery, grabbing or stealing someone else's wealth, all bad habits and evil deeds, which are against the religious way of life and then take the shelter of God. In the fourth couplet, Bhagat Ji talks about the disciples of God, who by virtue of their meditation, become recipients of noble living. They do not need method of yoga. These Holy souls do not need any donation and devotional performance. In the fifth couplet, he says, "O mortal ! you should recite God's (Gobind) name only. All the miraculous powers are gained by constant recitation of God's name". When Bhagat Ji narrates his own life experience, he says, "I, Jaidev have left all the shelters and came only in the shelter of God, who was, who is and who will be there for ever for me.

Now let us take a look at the original text form of the poetry of this highly devotional and top scholar saint Bhagat Jai Dev Ji as stated on page 526 of Sri Guru Granth Sahib Ji :

ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ ॥
ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ ॥੧॥
ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ ॥
ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥
ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥
ਭਵ ਭੂਤ ਭਾਵ ਸਮਬ੍ਯ੍ਿਅੰ ਪਰਮੰ ਪ੍ਰਸੰਨਮਿਦੰ ॥੨॥
ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥
ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ ॥੩॥
ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥
ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥੪॥
ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥
ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥੫॥੧॥ (੫੨੬)

In the other hymn in the Maru measure, Jaidev expresses his deep devotion in the Real one. He states that he recites the Divine Name for 16 times only with the passing of one breath. In other words, it implies that he does not waste any moment of his breathing and remain engaged in the remembrance of God, who is an epitome of nobility. Thus, he has overcome all distinctions of mine and thine between God and himself. He feels, that he has merged with God, just as a droplet merges with water. The love of the Divine has satisfied all his desires. As such, he realised the God and thus broke the circuit of life and death. Jaidev Ji shares with us a very important event and experience on the way to God-realisation. Through this, he advises and inspires us to make Divine remembrance as integral part of our life so that we are able to achieve the ultimate aim of life now, let us take a look at the origional text as stated on Ang 1106 of Sri Guru Granth Sahib Ji :

ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥ ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥ ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥ ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥ (੧੧੦੬)

-0-

*पन्ना 33 का शेष*

जिसके हृदय में नाम का दीपक दिन रात जलता रहता है, उसे खालसा, पवित्र जानो।

**अंग्रेजी में उनकी प्रसिद्ध कृतियां है:** द सिस्टर्स आफ दी स्पिनिंग व्हील (1921), अनस्ट्रंग बोडस (1923), द स्पिरिट ऑफ ओरिएंटल पोएट्री (1926), द बुक आफ टेन मास्टर्स और स्पिरिट बार्न पीपल। पूरन सिंघ पहले व्याख्याता थे जिन्होंने गुरू ग्रंथ साहिब जी की कुछ बाणीयों का अपनी मूल शैली में अनुवाद करने की स्वतंत्रता ली। पंजाबी विश्वविद्यालय, पटियाला ने प्रोफेसर पूरन सिंघ की सभी सहित्यिक कृतियों को प्रकाशित किया है जो अंग्रेजी, पंजाबी और हिन्दी में दो दर्जन संस्करणों में है। आपके लेखन की वर्तमान संकट के लिए बहुत प्रासंगिकता है और समस्या का समाधान खोजने के लिए कुछ अदभुत अंतर्दृष्टि प्रदान करती है।

आप प्रशिक्षण और पेशे से एक वैज्ञानिक थे। दुर्भाग्य से, राष्ट्रीय स्तर पर उनके वैज्ञानिक योगदान का मुल्यांकन करने का अब तक कोई प्रयास नहीं किया गया है, हालांकि आप भारत में वन उत्पादों से रसायन विज्ञान के संस्थापक थे। नवंबर 1930 में आप बीमार पड़ गए। रोग ने असाध्य तपेदिक का रूप धारण कर लिया और इस महान रहस्यवादी कवि का 31 मार्च 1931 को 50 वर्ष की आयु में देहरादून में निधन हो गया।

लेखन जगत में आपका जीवन और आपकी रचनायें लेखकों के लिए सदैन प्रोत्साहन, प्रेरणा तथा मार्गदर्शन का काम करती रहेंगी। -0-

# ਗਰਭਵਤੀ ਔਰਤਾਂ ਕਿਹੜੇ ਫਲ ਖਾਣ?

-ਡਾ. ਹਰਸ਼ਿੰਦਰ ਕੌਰ, ਐੱਮ.ਡੀ., 0175-2216783

'ਮਾਂ' ਬਣਨ ਦਾ ਇਹਸਾਸ ਆਪਣੇ ਆਪ ਵਿਚ ਹੀ ਬਹੁਤ ਉੱਚਾ ਅਤੇ ਸੁੱਚਾ ਹੈ। ਆਪਣੇ ਢਿੱਡ ਅੰਦਰ ਪਲ ਰਹੇ ਜੀਵ ਬਾਰੇ ਹਰ ਮਾਂ ਚਿੰਤਿਤ ਹੁੰਦੀ ਹੈ। ਸਿਹਤਮੰਦ ਬੱਚਾ ਅਤੇ ਜੱਚਾ ਵਾਸਤੇ ਖ਼ੁਰਾਕ ਦਾ ਅਹਿਮ ਰੋਲ ਹੁੰਦਾ ਹੈ। ਉਸੇ ਬਾਰੇ ਇਸ ਲੇਖ ਵਿਚ ਜ਼ਿਕਰ ਕਰ ਰਹੀ ਹਾਂ।

ਖੋਜਾਂ ਉੱਤੇ ਆਧਾਰਿਤ ਜਿਹੜੀਆਂ ਚੀਜ਼ਾਂ, ਖ਼ਾਸ ਕਰ ਫਲ, ਵਧੀਆ ਅਸਰ ਵਿਖਾ ਚੁੱਕੇ ਹਨ, ਉਨ੍ਹਾਂ ਦੀ ਹੀ ਗੱਲ ਕਰਾਂਗੇ।

**1. ਖਰਬੂਜਾ :-**

ਸੁਆਦੀ ਤਾਂ ਹੁੰਦਾ ਹੀ ਹੈ, ਪਰ ਖਰਬੂਜਾ ਸਰੀਰ ਅੰਦਰੋਂ ਵਾਧੂ ਲੂਣ ਕੱਢ ਕੇ ਸੋਜਾ ਘਟਾ ਦਿੰਦਾ ਹੈ ਤੇ ਫਾਲਤੂ ਪਾਣੀ ਇਕੱਠਾ ਨਹੀਂ ਹੋਣ ਦਿੰਦਾ। ਇਹ ਸਰੀਰ ਅੰਦਰ ਲੋਹ ਕਣ ਵਧਾਉਂਦਾ ਹੈ ਅਤੇ ਬੱਚੇ ਦੀ ਰੀੜ੍ਹ ਦੀ ਹੱਡੀ ਤੰਦਰੁਸਤ ਰੱਖਣ ਵਿਚ ਵੀ ਸਹਾਈ ਹੁੰਦਾ ਹੈ।

**2. ਹਦਵਾਣਾ :-**

ਇਸ ਵਿਚ ਵਿਟਾਮਿਨ ਏ, ਸੀ, ਬੀ6 ਅਤੇ ਕੇ ਭਰੇ ਪਏ ਹਨ। ਵਿਟਾਮਿਨ ਕੇ ਸਦਕਾ ਲੱਤਾਂ ਵਿਚ ਪਈਆਂ ਖੱਲੀਆਂ ਠੀਕ ਹੋ ਜਾਂਦੀਆਂ ਹਨ ਤੇ ਕੜਵੱਲ ਵੀ ਨਹੀਂ ਪੈਂਦੇ। ਹਦਵਾਣੇ ਵਿਚਲਾ ਮੈਗਨੀਸ਼ੀਅਮ ਪੱਠਿਆਂ ਨੂੰ ਨਰਮ ਪਾ ਦਿੰਦਾ ਹੈ ਅਤੇ ਵਕਤ ਤੋਂ ਪਹਿਲਾਂ ਬੱਚੇਦਾਨੀ ਨੂੰ ਸੁੰਗੜਨ ਤੋਂ ਰੋਕਦਾ ਹੈ ਜਿਸ ਨਾਲ ਸਤਮਾਹੇ ਬੱਚੇ ਜੰਮਣ ਤੋਂ ਬਚਾਓ ਹੋ ਜਾਂਦਾ ਹੈ। ਇਸ ਦੇ ਖਾਣ ਨਾਲ ਸਵਖ਼ਤੇ ਵੇਲੇ ਦਿਲ ਕੱਚਾ ਵੀ ਨਹੀਂ ਹੁੰਦਾ, ਸਰੀਰ ਅੰਦਰ ਪਾਣੀ ਦੀ ਮਾਤਰਾ ਸਹੀ ਰਹਿੰਦੀ ਹੈ ਅਤੇ ਛਾਤੀ ਵਿਚ ਜਲਣ ਵੀ ਨਹੀਂ ਮਹਿਸੂਸ ਹੁੰਦੀ।

**3. ਬਲੂਬੇਰੀ, ਰਸਭਰੀ ਅਤੇ ਸਟਰਾਅਬੇਰੀ :-**

ਇਹ ਭਰੂਣ ਦੇ ਦਿਮਾਗ਼ ਦੇ ਵਿਕਾਸ ਲਈ ਲਾਹੇਵੰਦ ਹਨ। ਬਲੂਬੇਰੀਆਂ ਵਿਚਲੇ ਫਾਈਬਰ, ਵਿਟਾਮਿਨ ਸੀ ਅਤੇ ਫੋਲੇਟ ਸਦਕਾ ਇਹ ਅਸਰ ਦਿਸਦੇ ਹਨ। ਐਂਥੋਸਾਇਆਨਿਨ, ਜੋ ਬਲੂਬੇਰੀਆਂ ਵਿਚ ਭਰਿਆ ਪਿਆ ਹੈ, ਵੀ ਬਹੁਤ ਚੰਗਾ ਅਸਰ ਵਿਖਾਉਂਦਾ ਹੈ।

ਇਹੋ ਜਿਹੇ ਹੀ ਅਸਰ ਬਰੌਕਲੀ, ਕੇਲਪੱਤਾ, ਪਾਲਕ, ਸਲਾਦ ਪੱਤਾ, ਗੋਭੀ ਅਤੇ ਐਸਪੈਰਾਗਸ ਖਾਣ ਨਾਲ ਵੀ ਦਿਸਦੇ ਹਨ।

**4. ਅਨਾਰ, ਨਾਸ਼ਪਾਤੀ, ਸੇਬ, ਨਿੰਬੂ :-**

ਵਿਟਾਮਿਨ ਸੀ ਅਤੇ ਫਲੇਵੋਨਾਇਡ ਸਦਕਾ ਇਨ੍ਹਾਂ ਨੂੰ ਖਾਣ ਨਾਲ ਬੱਚੇਦਾਨੀ ਅੰਦਰਲੀਆਂ ਰਸੌਲੀਆਂ ਬਣਨ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਇਸ ਦੇ ਨਾਲੋ-ਨਾਲ ਅੰਦਰੂਨੀ ਅੰਗ ਵੀ ਤੰਦਰੁਸਤ ਰਹਿੰਦੇ ਹਨ ਅਤੇ ਅੰਡਕੋਸ਼ ਦੇ ਕੈਂਸਰ ਹੋਣ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ।

ਨਿੰਬੂ ਪਾਣੀ ਰੋਜ਼ ਸਵੇਰੇ ਪੀਂਦੇ ਰਹਿਣ ਨਾਲ ਵਿਟਾਮਿਨ ਸੀ ਵੀ ਪੂਰਾ ਹੋ ਜਾਂਦਾ ਹੈ, ਬੀਮਾਰੀਆਂ ਹੋਣ ਦਾ ਖ਼ਤਰਾ ਘਟਦਾ ਹੈ, ਦਿਲ ਕੱਚਾ ਨਹੀਂ ਹੁੰਦਾ, ਹਾਜ਼ਮਾ ਠੀਕ ਰਹਿੰਦਾ ਹੈ ਅਤੇ ਕਬਜ਼ ਵੀ ਨਹੀਂ ਹੁੰਦੀ।



**5. ਤਿਲ :-**

ਰੈਗੂਲਰ ਤੌਰ ਉੱਤੇ ਰੋਜ਼ ਅੱਧਾ ਚਮਚ ਤਿਲ ਖਾਂਦੇ ਰਹਿਣ ਨਾਲ ਭਰੂਣ ਦੇ ਦਿਮਾਗ਼ ਉੱਤੇ ਵਧੀਆ ਅਸਰ ਪੈਂਦਾ ਹੈ ਅਤੇ ਉਸ ਦੀ ਯਾਦਾਸ਼ਤ ਵੀ ਚੰਗੀ ਹੋਣ ਦੇ ਆਸਾਰ ਵੱਧ ਜਾਂਦੇ ਹਨ।

**6. ਸੰਤਰਾ :-**

ਸਰੀਰ ਅੰਦਰ ਪਾਣੀ ਪੂਰਾ ਕਰਨ ਦੇ ਨਾਲੋ ਨਾਲ ਇਸ ਵਿਚਲੇ ਪੋਟਾਸ਼ੀਅਮ, ਫੋਲੇਟ ਅਤੇ ਵਿਟਾਮਿਨ ਸੀ ਵੀ ਲਾਹੇਵੰਦ ਸਾਬਤ ਹੋ ਚੁੱਕੇ ਹਨ। ਜੇ ਸਬਜ਼ੀ ਖਾਣ ਤੋਂ ਬਾਅਦ ਸੰਤਰਾ ਖਾਧਾ ਜਾਵੇ ਤਾਂ ਸਬਜ਼ੀ ਵਿਚਲੇ ਲੋਹ ਕਣ, ਸੰਤਰੇ ਵਿਚਲੇ ਵਿਟਾਮਿਨ ਸੀ ਰਾਹੀਂ ਵਧੀਆ ਹਜ਼ਮ ਹੋ ਜਾਂਦੇ ਹਨ।

**7. ਐਵੋਕੈਡੋ :-**

ਇਸ ਵਿਚ ਬਾਕੀ ਫਲਾਂ ਨਾਲੋਂ ਸਭ ਤੋਂ ਵੱਧ ਫੋਲੇਟ ਹੁੰਦਾ ਹੈ। ਇਸ ਦੇ ਨਾਲੋ-ਨਾਲ ਮੈਗਨੀਸ਼ੀਅਮ, ਵਿਟਾਮਿਨ ਸੀ, ਬੀ, ਕੇ, ਫਾਈਬਰ ਅਤੇ ਕੋਲੀਨ ਵੀ ਹੈ। ਲੱਤਾਂ ਵਿਚਲੇ ਕੜਵੱਲ ਇਸ ਨੂੰ ਖਾਣ ਨਾਲ ਠੀਕ ਹੋ ਜਾਂਦੇ ਹਨ। ਕੋਲੀਨ ਭਰੂਣ ਦੇ ਦਿਮਾਗ਼ ਲਈ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਚੁੱਕਿਆ ਹੈ।

**8. ਅੰਬ :-**

ਇੱਕ ਅੰਬ ਵਿਚਲਾ ਵਿਟਾਮਿਨ ਸੀ ਸਰੀਰ ਦੀ ਰੋਜ਼ਾਨਾ ਦੀ ਲੋੜੀਂਦੀ ਮਾਤਰਾ ਪੂਰੀ ਕਰ ਦਿੰਦਾ ਹੈ। ਵਿਟਾਮਿਨ ਸੀ ਅੰਤੜੀਆਂ ਅਤੇ ਸਾਹ ਦੀਆਂ ਬੀਮਾਰੀਆਂ ਹੋਣ ਤੋਂ ਰੋਕਣ ਵਿਚ ਮਦਦ ਕਰਦਾ ਹੈ। ਵਾਧੂ ਅੰਬ ਖਾਣ ਨਾਲ ਟੱਟੀਆਂ ਵੀ ਲੱਗ ਸਕਦੀਆਂ ਹਨ।

**9. ਕੇਲਾ :-**

ਪੋਟਾਸ਼ੀਅਮ, ਪੈਕਟਿਨ, ਵਿਟਾਮਿਨ ਬੀ6, ਅਤੇ ਫਾਈਬਰ ਭਰਪੂਰ ਹੋਣ ਦੇ ਨਾਲ-ਨਾਲ ਇੱਕ ਸੰਪੂਰਨ ਖ਼ੁਰਾਕ ਵਜੋਂ ਜਾਣਿਆ ਜਾਂਦਾ ਹੈ। ਵਿਟਾਮਿਨ ਬੀ6 ਜਿੱਥੇ ਵਾਲਾਂ ਲਈ ਵਧੀਆ ਹੈ, ਉੱਥੇ ਦਿਲ ਕੱਚਾ ਅਤੇ ਉਲਟੀ ਵੀ ਠੀਕ ਕਰਦਾ ਹੈ। ਜੇ ਇੱਕ ਕੇਲਾ ਰੋਜ਼ ਖਾਧਾ ਜਾਵੇ ਤਾਂ ਕਬਜ਼ ਨਹੀਂ ਹੁੰਦੀ, ਪਰ ਜ਼ਿਆਦਾ ਖਾਣ ਨਾਲ ਅਫ਼ਾਰਾ ਹੋ ਸਕਦਾ ਹੈ।

**ਕਬਜ਼ ਦੀ ਦਿੱਕਤ ਬਹੁਤੀਆਂ ਗਰਭਵਤੀ ਔਰਤਾਂ ਨੂੰ ਹੋ ਜਾਂਦੀ ਹੈ। ਇਸ ਦੇ ਕਾਰਨ ਹਨ:-**

1. ਬੱਚੇਦਾਨੀ ਦੇ ਵਧੇ ਆਕਾਰ ਸਦਕਾ ਅੰਤੜੀਆਂ ਦਾ ਦੱਬਿਆ ਜਾਣਾ
2. ਬਹੁਤ ਤਣਾਓ ਰਹਿਣਾ
3. ਘਬਰਾਹਟ ਹੁੰਦੀ ਰਹਿਣੀ
4. ਘੱਟ ਫਾਈਬਰ ਵਾਲੀ ਖ਼ੁਰਾਕ ਖਾਣੀ
5. ਆਇਰਨ ਦੀਆਂ ਗੋਲੀਆਂ ਖਾਣ ਸਦਕਾ

**10. ਸੇਬ :-**

ਇਸ ਵਿਚ ਵੀ ਫਾਈਬਰ, ਵਿਟਾਮਿਨ ਸੀ, ਪੋਟਾਸ਼ੀਅਮ ਤੇ ਪੈਕਟਿਨ ਭਰਿਆ ਗਿਆ ਹੈ। ਪੈਕਟਿਨ ਚੰਗੇ ਕੀਟਾਣੂਆਂ ਦੀ ਗਿਣਤੀ ਅੰਤੜੀਆਂ

ਵਿਚ ਵਧਾ ਦਿੰਦਾ ਹੈ।

**11. ਫਲਾਂ ਦਾ ਰਸ :-**

ਜੂਸ ਪੀਣ ਦੀ ਸਲਾਹ ਆਮ ਹੀ ਘਰ ਵਿੱਚੋਂ ਮਿਲਦੀ ਰਹਿੰਦੀ ਹੈ। ਜੂਸ ਵਿਚ ਬਹੁਤੇ ਵਧੀਆ ਅੰਸ਼ ਨਦਾਰਦ ਹੁੰਦੇ ਹਨ। ਇਸੇ ਲਈ ਨਿਰਾ ਮਿੱਠਾ ਪਾਣੀ ਪੀਣ ਨਾਲੋਂ ਫਲ ਖਾਣੇ ਹੀ ਬਿਹਤਰ ਹਨ। ਇੰਜ ਹੀ ਸੁੱਕੇ ਫਲ ਜਿਵੇਂ ਅੰਜੀਰ ਆਦਿ, ਵਿਚ ਲੋੜੋਂ ਵੱਧ ਮਿੱਠਾ ਹੁੰਦਾ ਹੈ, ਜੋ ਸਹੀ ਨਹੀਂ ਹੁੰਦਾ।

**12.** ਰੋਜ਼ 8-12 ਗਿਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਲੂਣ ਵੀ ਸਿਰਫ਼ ਆਇਓਡੀਨ ਵਾਲਾ ਹੀ ਖਾਣਾ ਚਾਹੀਦਾ ਹੈ, ਪਹਾੜੀ ਲੂਣ ਨਹੀਂ! ਆਇਓਡੀਨ ਦੀ ਕਮੀ ਨਾਲ ਮੰਦਬੁੱਧ ਬੱਚਾ ਪੈਦਾ ਹੋਣ ਦੇ ਆਸਾਰ ਵੱਧ ਜਾਂਦੇ ਹਨ।

ਕੁੱਝ ਸਬਜ਼ੀਆਂ ਜਿਵੇਂ ਆਲੂ, ਪੁੰਗਰੀਆਂ ਦਾਲਾਂ, ਸਰ੍ਹੋਂ, ਗਾਜਰ, ਹਰੀਆਂ ਫਲੀਆਂ, ਖੁੰਭ, ਮਟਰ, ਸ਼ਲਗਮ ਅਤੇ ਚੁਕੰਦਰ ਵੀ ਖਾਂਦੇ ਰਹਿਣਾ ਚਾਹੀਦਾ ਹੈ।

ਪ੍ਰੋਟੀਨ ਦੀ ਵੱਧ ਲੋੜ ਨੂੰ ਪੂਰਾ ਕਰਨ ਲਈ ਅੰਡਾ, ਸੈਲਮਨ ਮੱਛੀ, ਦਾਲਾਂ, ਦੁੱਧ, ਪਨੀਰ, ਮੂੰਗਫਲੀ, ਪਿਸਤਾ, ਕਾਜੂ, ਬਦਾਮ, ਅਖਰੋਟ ਆਦਿ, ਵੀ ਖਾਂਦੇ ਰਹਿਣ ਦੀ ਲੋੜ ਹੈ।

**13. ਪਪੀਤਾ :-** ਜ਼ਰੂਰ ਹਰ ਰੋਜ਼ ਇੱਕ ਫਾੜੀ ਖਾ ਲੈਣੀ ਚਾਹੀਦੀ ਹੈ।

ਰਾਗੀ ਦਾ ਆਟਾ, ਛਾਣਬੂਰੇ ਵਾਲੀ ਕਣਕ ਦਾ ਆਟਾ, ਬਾਜਰਾ, ਮੱਕੀ ਵੀ ਵਾਧੂ ਈਸਟਰੋਜਨ ਹਾਰਮੋਨ ਨੂੰ ਕਾਬੂ ਵਿਚ ਰੱਖਣ ਵਿਚ ਮਦਦ ਕਰਦੇ ਹਨ, ਸੋ ਰੋਜ਼ ਦੇ ਖਾਣੇ ਵਿਚ ਸ਼ਾਮਲ ਕਰ ਲੈਣੇ ਚਾਹੀਦੇ ਹਨ।

**14. ਲਾਲ ਰਸਭਰੀ ਦੇ ਪੱਤਿਆਂ ਦੀ ਚਾਹ:-**

ਇੱਕ ਖੋਜ ਵਿਚ ਇਸ ਚਾਹ ਦੇ ਬੱਚੇਦਾਨੀ ਉੱਤੇ ਵਧੀਆ ਅਸਰ ਵੇਖੇ ਗਏ ਹਨ। ਇਹ ਚਾਹ ਮਾਹਵਾਰੀ ਰੈਗੂਲਰ ਕਰਨ ਦੇ ਨਾਲ ਬੱਚਾ ਠਹਿਰਨ ਦੇ ਆਸਾਰ ਵੀ ਵਧਾ ਦਿੰਦੀ ਹੈ, ਬੱਚੇਦਾਨੀ ਤੰਦਰੁਸਤ ਰੱਖਦੀ ਹੈ ਤੇ ਜੰਮਣ ਪੀੜਾਂ ਵੀ ਘਟਾ ਦਿੰਦੀ ਹੈ। ਇਸ ਨੂੰ ਪੀਂਦੇ ਰਹਿਣ ਨਾਲ ਬੱਚਾ ਜੰਮਣ ਬਾਅਦ ਮਾਂ ਨੂੰ ਲਹੂ ਵੀ ਘੱਟ ਪੈਂਦਾ ਹੈ। ਖ਼ਿਆਲ ਰਹੇ, ਇਹ ਚਾਹ ਡਾਕਟਰੀ ਸਲਾਹ ਤੋਂ ਬਗ਼ੈਰ ਨਹੀਂ ਪੀਣੀ ਚਾਹੀਦੀ।

**ਕਿੰਨੀ ਮਾਤਰਾ ਵਿਚ ਫਲ ਸਬਜ਼ੀਆਂ ਖਾਧੀਆਂ ਜਾਣ :-**

**ਫਲ :-** ਇੱਕ ਸੰਤਰੇ ਜਿੰਨੇ ਆਕਾਰ ਦਾ ਇੱਕ ਫਲ ਰੋਜ਼ ਦੋ ਵੇਲੇ ਜਾਂ ਇੱਕ ਕੱਪ ਕੱਟਿਆ ਫਲ ਦਿਨ ਵਿਚ ਦੋ ਵਾਰ

**ਸਬਜ਼ੀਆਂ :-** ਇੱਕ ਵੇਲੇ ਇੱਕ ਕੌਲੀ ਕੱਚੀ ਜਾਂ ਪੱਕੀ ਹੋਈ ਸਬਜ਼ੀ, ਦਿਨ ਵਿਚ ਇੱਕ ਵਾਰ ਸਬਜ਼ੀਆਂ ਦਾ ਸੂਪ ਅਤੇ ਰੋਜ਼ ਪਲੇਟ ਭਰ ਕੇ ਖਾਧਾ ਕੱਚਾ ਸਲਾਦ!

**ਸਾਰ :-** ਅੱਜ ਦੇ ਦਿਨ ਗਰਭ ਦੌਰਾਨ ਅਤੇ ਬੱਚੇ ਦੇ ਜਨਮ ਸਮੇਂ 830 ਔਰਤਾਂ ਹਰ ਰੋਜ਼ ਮੌਤ ਦੇ ਮੂੰਹ ਵਿਚ ਜਾ ਰਹੀਆਂ ਹਨ। ਪੂਰੀ ਦੁਨੀਆ ਵਿੱਚੋਂ ਜਨਮ ਦੇਣ ਦੇ ਸਮੇਂ ਮਾਵਾਂ ਦੀਆਂ ਮੌਤਾਂ ਦੀ ਗਿਣਤੀ ਜੇ ਕਰੀਏ ਤਾਂ 99 ਫੀਸਦੀ ਵਿਕਾਸਸ਼ੀਲ ਦੇਸਾਂ ਵਿਚ ਹੈ। ਇਨ੍ਹਾਂ ਵਿੱਚੋਂ ਬਹੁਤੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਜੇ ਖ਼ੁਰਾਕ ਸਹੀ ਕਰ ਲਈਏ ਤਾਂ ਇਹ ਸੰਭਵ ਹੋ ਸਕਦਾ ਹੈ।

-0-

# ਸਵਾਲ ਮਾਪਿਆਂ ਦੇ, ਜਵਾਬ ਡਾਕਟਰ ਦੇ

**ਡਾ. ਹਰਸ਼ਿੰਦਰ ਕੌਰ # 0175-2216783**

**ਸਵਾਲ:** ਮੇਰੀ ਪੰਜ ਸਾਲ ਦੀ ਬੇਟੀ ਦੇ ਪਿਛਲੇ ਅੱਠ ਦਿਨਾਂ ਤੋਂ ਪਲੇਟਲੈੱਟ ਸੈੱਲ ਘਟ ਰਹੇ ਹਨ। ਕੀ ਕਾਰਨ ਹੋ ਸਕਦਾ ਹੈ?

**ਜਵਾਬ:** ਜੇ ਪਹਿਲਾਂ ਤੋਂ ਠੀਕ ਠਾਕ ਬੱਚੇ ਦੇ ਵਾਇਰਲ ਬੁਖ਼ਾਰ ਤੋਂ ਤਿੰਨ ਚਾਰ ਹਫ਼ਤਿਆਂ ਬਾਅਦ ਚਮੜੀ ਵਿੱਚ ਲਾਲ ਦਾਣੇ ਦਿਸਣ ਲੱਗ ਪੈਣ ਜਾਂ ਮਸੂੜਿਆਂ ਵਿੱਚੋਂ ਲਹੂ ਵਗ ਪਏ ਅਤੇ ਜਿਗਰ ਜਾਂ ਤਿਲੀ ਨਾ ਵਧੇ ਹੋਣ ਤੇ ਨਾ ਹੀ ਗਲੇ ਵਿੱਚ ਕੋਈ ਗਿਲਟੀਆਂ ਹੋਣ ਤਾਂ ਇਸ ਨੂੰ ਥਰੌਂਬੋਸਾਈਟੋਪੀਨਿਕ ਪੁਰਪੁਰਾ ਕਹਿੰਦੇ ਹਨ। ਕਈ ਵਾਰ ਤਾਂ ਬਗ਼ੈਰ ਦਵਾਈ ਦੇ ਅਤੇ ਕਈ ਵਾਰ ਦਵਾਈ ਨਾਲ ਇਹ ਬਿਮਾਰੀ ਜਿਸ ਵਿੱਚ ਪਲੇਟਲੈੱਟ ਸੈੱਲ ਘਟ ਜਾਂਦੇ ਹਨ, ਆਪਣੇ ਆਪ ਹੀ 6 ਮਹੀਨਿਆਂ ਦੇ ਅੰਦਰ ਅੰਦਰ ਠੀਕ ਹੋ ਜਾਂਦੀ ਹੈ। ਜੇ ਠੀਕ ਨਾ ਹੋਵੇ ਤਾਂ ਕਈ ਵਾਰ 10 ਕੁ ਫ਼ੀਸਦੀ ਬੱਚਿਆਂ ਵਿੱਚ ਇਹ ਲੰਬੀ ਬਿਮਾਰੀ ਦੀ ਸ਼ਕਲ ਇਖ਼ਤਿਆਰ ਕਰ ਲੈਂਦੀ ਹੈ ਜਿਸ ਵਿੱਚ ਡਾਕਟਰ ਦੀ ਸਲਾਹ ਨਾਲ ਮਹਿੰਗਾ ਇਲਾਜ ਕਰਵਾਉਣਾ ਪੈ ਜਾਂਦਾ ਹੈ।

ਜੇ ਤੇਜ਼ ਬੁਖ਼ਾਰ ਵਿੱਚ ਪਲੇਟਲੈੱਟ ਘਟ ਰਹੇ ਹੋਣ ਤਾਂ ਡੇਂਗੂ ਬੁਖ਼ਾਰ ਵੀ ਇੱਕ ਕਾਰਨ ਹੋ ਸਕਦਾ ਹੈ। ਇਸ ਵਿੱਚ ਅੱਖਾਂ ਵਿੱਚ ਦਰਦ ਤੇ ਤਿੱਖਾ ਪਿਠ ਦਰਦ ਹੋਣ ਲੱਗ ਪੈਂਦਾ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਬਿਮਾਰੀਆਂ ਦਾ ਇਹ ਇੱਕ ਲੱਛਣ ਹੋ ਸਕਦਾ ਹੈ ਜੋ ਇੱਕ ਮਾਹਿਰ ਡਾਕਟਰ ਦੀ ਸਲਾਹ ਲੈਣ ਤੋਂ ਬਾਅਦ ਹੀ ਪਤਾ ਲੱਗ ਸਕਦਾ ਹੈ।

**ਸਵਾਲ:** ਮੇਰਾ ਡੇਢ ਸਾਲ ਦਾ ਬੱਚਾ ਹਾਲੇ ਤਕ ਤੁਰਨ ਨਹੀਂ ਲੱਗਿਆ। ਇਸ ਦਾ ਕੀ ਕਾਰਨ ਹੋ ਸਕਦਾ ਹੈ? ਨੌਂ ਮਹੀਨੇ ਦੀ ਉਮਰ ਵਿੱਚ ਉਹ ਬੈਠਣ ਲੱਗ ਗਿਆ ਸੀ।

**ਜਵਾਬ:** ਕਈ ਵਾਰ ਜੰਮਣ ਲੱਗਿਆਂ ਜੇ ਬੱਚਾ ਕੁਝ ਮਿੰਟ ਲੇਟ ਰੋਏ ਤਾਂ ਉਸ ਦੇ ਦਿਮਾਗ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ। ਇਸ ਨਾਲ ਦਿਮਾਗ ਤੋਂ ਨਿਕਲਦੀਆਂ ਨਸਾਂ ਦੀ ਖ਼ਰਾਬੀ ਹੋ ਜਾਂਦੀ ਹੈ ਤੇ ਬੱਚਾ ਆਮ ਬੱਚਿਆਂ ਨਾਲੋਂ ਸਰੀਰਕ ਤੇ ਦਿਮਾਗੀ ਪੱਖੋਂ ਪੱਛੜ ਜਾਂਦਾ ਹੈ। ਇਸੇ ਕਰਕੇ ਇਹ ਜ਼ਰੂਰੀ ਹੈ ਕਿ ਬੱਚੇ ਦਾ ਜਨਮ ਕਿਸੇ ਚੰਗੇ ਡਾਕਟਰ ਦੀ ਦੇਖ ਰੇਖ ਹੇਠਾਂ ਹੀ ਹੋਵੇ।

ਇਸ ਤੋਂ ਇਲਾਵਾ ਕੁਝ ਜਮਾਂਦਰੂ ਬਿਮਾਰੀਆਂ ਵਿੱਚ ਵੀ ਬੱਚਾ ਆਮ ਬੱਚਿਆਂ ਨਾਲੋਂ ਪਛੜ ਸਕਦਾ ਹੈ ਜਿਨ੍ਹਾਂ ਵਿੱਚੋਂ ਬਹੁਤੀਆਂ ਬਾਰੇ ਭਰੂਣ ਦੇ ਟੈਸਟ ਜਾਂ ਮਾਪਿਆਂ ਦੇ ਲਹੂ ਦੇ ਟੈਸਟ ਕਰਕੇ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ।

ਕੁਝ ਬੱਚਿਆਂ ਵਿੱਚ ਜਮਾਂਦਰੂ ਥਾਇਰਾਈਡ ਹਾਰਮੋਨਾਂ ਦੀ ਕਮੀ ਕਰਕੇ ਵੀ ਅਜਿਹਾ ਵੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਕਾਰਨ ਹਨ ਜਿਹੜੇ ਕਿਸੇ ਚੰਗੇ ਡਾਕਟਰ ਤੋਂ ਚੈੱਕਅਪ ਜ਼ਰੂਰ ਕਰਵਾ ਲੈਣੇ ਚਾਹੀਦੇ ਹਨ ਤਾਂ ਜੋ ਘੱਟੋ-ਘੱਟ ਪੁਸ਼ਤ ਦਰ ਪੁਸ਼ਤ ਚੱਲਣ ਵਾਲੀਆਂ ਬਿਮਾਰੀਆਂ ਬਾਰੇ ਤਾਂ ਵੇਲੇ ਸਿਰ ਪਤਾ ਲੱਗ ਸਕੇ।

**ਸਵਾਲ:** ਮੇਰੇ ਬੱਚੇ ਨੂੰ ਥੈਲੇਸੀਮੀਆ ਹੈ ਤੇ ਇਸ ਨੂੰ ਹਰ ਤਿੰਨ ਹਫ਼ਤਿਆਂ ਬਾਅਦ ਲਹੂ ਚੜ੍ਹਾਉਣਾ ਪੈਂਦਾ ਹੈ। ਕੀ ਇਸ ਰੋਗ ਵਾਸਤੇ ਕੋਈ ਨਵੀਂ ਦਵਾਈ ਆਈ ਹੈ?

**ਜਵਾਬ:** ਲਗਾਤਾਰ ਲਹੂ ਚੜ੍ਹਾਉਂਦੇ ਰਹਿਣ ਕਾਰਨ ਬੱਚੇ ਦੇ ਸਰੀਰ ਅੰਦਰ ਲੋਹ ਕਣਾਂ ਦਾ ਢੇਰ ਲੱਗ ਜਾਂਦਾ ਹੈ ਜਿਹੜਾ ਸਰੀਰ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਤਰ੍ਹਾਂ ਜਿਗਰ, ਤਿਲੀ, ਪੈਨਕਰੀਆਜ਼, ਥਾਈਰਾਇਡ ਤੇ ਦਿਲ ਦੇ ਕੰਮਕਾਰ 'ਤੇ ਬਹੁਤ ਮਾੜਾ ਅਸਰ ਪੈ ਜਾਂਦਾ ਹੈ ਤੇ ਇਨ੍ਹਾਂ ਅੰਗਾਂ ਦੀਆਂ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ ਜੋ ਮੌਤ ਦਾ ਕਾਰਨ ਬਣਦੀਆਂ ਹਨ। ਲੋਹ ਕਣਾਂ ਦੇ ਭੰਡਾਰ ਨੂੰ ਘਟਾਉਣ ਵਾਸਤੇ 10 ਤੋਂ 20 ਵਾਰ ਲਹੂ ਚੜ੍ਹਾਉਣ ਤੋਂ ਬਾਅਦ ਡਾਕਟਰ ਦੀ ਦੇਖ-ਰੇਖ ਹੇਠ ਡੇਸਫੇਰੀਆਕਸਾਮੀਨ ਦੇ ਟੀਕੇ, ਡੇਫਰੀਪਰੋਨ ਗੋਲੀ ਜਾਂ ਡੇਫਰਾਸੀਰੋਕਸ ਦਵਾਈ ਸ਼ੁਰੂ ਕੀਤੀ ਜਾ ਸਕਦੀ ਹੈ। ਲਹੂ ਚੜ੍ਹਾਉਣ ਦੇ ਨਾਲ ਨਾਲ ਇਨ੍ਹਾਂ ਦਵਾਈਆਂ ਨਾਲ ਹੁਣ ਅਜਿਹੇ ਬੱਚਿਆਂ ਦੀ ਜ਼ਿੰਦਗੀ ਏਨੀ ਲੰਬੀ ਹੋਣ ਲੱਗ ਪਈ ਹੈ ਕਿ ਅਜਿਹੇ ਬੱਚੇ ਹੁਣ ਆਪ ਵੀ ਮਾਪੇ ਬਣ ਸਕਦੇ ਹਨ।

**ਸਵਾਲ:** ਕੀ ਭਰੂਣ ਨੂੰ ਵੀ ਲਹੂ ਚੜ੍ਹਾਇਆ ਜਾ ਸਕਦਾ ਹੈ?

**ਜਵਾਬ:** ਜੀ ਹਾਂ! ਵੀਹ ਹਫ਼ਤਿਆਂ ਦੇ ਭਰੂਣ ਨੂੰ ਉਸ ਦੀ ਬਿਮਾਰੀ ਦੇ ਹਿਸਾਬ ਨਾਲ ਲਹੂ ਵਿਚਲੇ ਲਾਲ ਸੈੱਲ ਜਾਂ ਪਲੇਟਲੈੱਟ ਚੜ੍ਹਾਏ ਜਾ ਸਕਦੇ ਹਨ। ਜਿੱਥੇ ਲਾਲ ਸੈੱਲ 5-10 ਮਿਲੀਲਿਟਰ ਪ੍ਰਤੀ ਮਿੰਟ ਚੜ੍ਹਾਏ ਜਾਂਦੇ ਹਨ, ਉੱਥੇ ਪਲੇਟਲੈੱਟ ਸੈਲ 1-5 ਮਿਲੀਲਿਟਰ ਪ੍ਰਤੀ ਮਿੰਟ ਤੋਂ ਤੇਜ਼ ਨਹੀਂ ਦਿੱਤੇ ਜਾ ਸਕਦੇ। -0-

-ਡਾ. ਪਰਦੀਪ ਸਿੰਘ ਚਾਵਲਾ

# ਮੋਟੇ ਅਨਾਜਾਂ ਵੱਲ ਪਰਤਣਾ ਸਮੇਂ ਦੀ ਲੋੜ

ਵਾਤਾਵਰਨ ਦੇ ਵੱਖ-ਵੱਖ ਮੁੱਦਿਆਂ ਤੇ ਗ਼ਲਤ ਖੇਤੀ ਅਭਿਆਸਾਂ ਕਾਰਨ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਸਰਕਾਰਾਂ, ਖੇਤੀਬਾੜੀ ਵਿਭਾਗ ਤੇ ਕਿਸਾਨ ਭਲਾਈ ਸੰਸਥਾਵਾਂ ਵੱਲੋਂ ਸੁਧਾਰ ਦੇ ਮੰਤਵ ਤਹਿਤ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਖਾਣ-ਪੀਣ ਦੀਆਂ ਗ਼ਲਤ ਆਦਤਾਂ ਤੇ ਉਤਪਾਦਨ ਦੇ ਰੂਪ 'ਚ ਤਬਦੀਲੀਆਂ ਦੇ ਨਤੀਜੇ ਵਜੋਂ ਮਿੱਟੀ, ਪਾਣੀ, ਹਵਾ ਅਤੇ ਭੋਜਨ ਦਾ ਪ੍ਰਦੂਸ਼ਣ ਹੁੰਦਾ ਹੈ, ਜਿਸ ਦਾ ਸਿੱਧਾ ਸਬੰਧ ਸਾਡੀ ਸਿਹਤ ਨਾਲ ਹੈ।

ਵਾਤਾਵਰਨ ਦੇ ਵੱਖ-ਵੱਖ ਮੁੱਦਿਆਂ ਤੇ ਗ਼ਲਤ ਖੇਤੀ ਅਭਿਆਸਾਂ ਕਾਰਨ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਸਰਕਾਰਾਂ, ਖੇਤੀਬਾੜੀ ਵਿਭਾਗ ਤੇ ਕਿਸਾਨ ਭਲਾਈ ਸੰਸਥਾਵਾਂ ਵੱਲੋਂ ਸੁਧਾਰ ਦੇ ਮੰਤਵ ਤਹਿਤ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਖਾਣ-ਪੀਣ ਦੀਆਂ ਗ਼ਲਤ ਆਦਤਾਂ ਤੇ ਉਤਪਾਦਨ ਦੇ ਰੂਪ 'ਚ ਤਬਦੀਲੀਆਂ ਦੇ ਨਤੀਜੇ ਵਜੋਂ ਮਿੱਟੀ, ਪਾਣੀ, ਹਵਾ ਅਤੇ ਭੋਜਨ ਦਾ ਪ੍ਰਦੂਸ਼ਣ ਹੁੰਦਾ ਹੈ, ਜਿਸ ਦਾ ਸਿੱਧਾ ਸਬੰਧ ਸਾਡੀ ਸਿਹਤ ਨਾਲ ਹੈ। ਅੱਜ ਹਰ ਘਰ 'ਚ ਸ਼ੂਗਰ ਤੇ ਬਲੱਡ ਪ੍ਰੈਸ਼ਰ ਦਾ ਮਰੀਜ਼ ਤਾਂ ਹੈ ਹੀ ਪਰ ਕੈਂਸਰ, ਕਾਲਾ ਪੀਲੀਆ ਤੇ ਹੋਰ ਅਨੇਕਾਂ ਭਿਆਨਕ ਬਿਮਾਰੀਆਂ ਦੇ ਮਰੀਜ਼ਾਂ ਨਾਲ ਹਸਪਤਾਲ ਭਰੇ ਨਜ਼ਰ ਆ ਰਹੇ ਹਨ।



**ਮੁੜੀਏ ਕੁਦਰਤੀ ਖੇਤੀ ਵੱਲ**

ਅੱਜ ਖੇਤੀ 'ਚ ਕੀਟਨਾਸ਼ਕ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ, ਪਰਾਲੀ ਨੂੰ ਅੱਗ ਲਾਉਣ ਦਾ ਰੁਝਾਨ ਤੇ ਧਰਤੀ ਹੇਠਲੇ ਪਾਣੀ ਦੇ ਪੱਧਰ 'ਚ ਆ ਰਹੀ ਭਾਰੀ ਗਿਰਾਵਟ ਵੱਡੀ ਵਾਤਾਵਰਨੀ ਤੇ ਸਮਾਜਿਕ ਸਮੱਸਿਆ ਹੈ, ਜੋ ਗੰਭੀਰ ਚਿੰਤਾ ਤੇ ਚੁਣੌਤੀ ਦਾ ਵਿਸ਼ਾ ਹੈ। ਇਸ ਲਈ ਕੁਦਰਤੀ ਖੇਤੀ ਵੱਲ ਮੁੜਨਾ ਅਤੇ 'ਮਿਲੇਟ' (ਮੋਟੇ ਅਨਾਜ) ਵਰਗੀਆਂ ਫ਼ਸਲਾਂ ਦੀ ਬਿਜਾਈ ਤੇ ਕਾਸ਼ਤ ਕਰਨਾ ਸਮੇਂ ਦੀ ਲੋੜ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਾਲ 2018 ਨੂੰ ਭਾਰਤ 'ਚ 'ਮਿਲੇਟਜ਼ ਦੇ ਸਾਲ' ਵਜੋਂ ਮਨਾਇਆ ਗਿਆ ਸੀ। ਕਿਸਾਨ ਭਲਾਈ ਤੇ ਖੇਤੀਬਾੜੀ ਮੰਤਰਾਲਾ, ਭਾਰਤ ਸਰਕਾਰ ਵੱਲੋਂ 'ਤਾਕਤਵਰ ਮੂਲ ਅਨਾਜ' ਮਿਲਟ, ਜਿਸ ਨੂੰ ਪਾਵਰ ਹਾਊਸ ਵੀ ਕਿਹਾ ਜਾਂਦਾ ਹੈ, ਸਬੰਧੀ ਜਨਤਕ ਜਾਗਰੂਕਤਾ ਵਧਾਉਣ ਦੇ ਮੰਤਵ ਤਹਿਤ ਵੱਖ-ਵੱਖ ਮੁਹਿੰਮਾਂ ਤੇ ਸਰਗਰਮੀਆਂ ਆਲਮੀ ਪੱਧਰ 'ਤੇ ਕਰਵਾ ਕੇ ਮੂਲ ਅਨਾਜਾਂ ਨੂੰ ਹਰਮਨ ਪਿਆਰਾ ਬਣਾਉਣ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਮਿਲੇਟ ਭੋਜਨ ਨਾਲ ਹੋਣ ਵਾਲੇ ਸਿਹਤ ਸੁਧਾਰਾਂ, ਬਿਮਾਰੀਆਂ ਤੋਂ ਨਿਜਾਤ, ਮੋਟੇ ਅਨਾਜਾਂ ਦੀ ਬਿਜਾਈ ਤੇ ਕਾਸ਼ਤ, ਕਿਸਾਨਾਂ ਦੀ ਆਮਦਨ 'ਚ ਵਾਧਾ ਅਤੇ ਖੇਤੀ ਵਿਚ ਵਿਭਿੰਨਤਾ ਆਦਿ ਵਿਸ਼ਿਆਂ ਸਬੰਧੀ ਵੱਧ ਤੋਂ ਵੱਧ ਜਾਣਕਾਰੀ ਦੁਨੀਆ ਭਰ 'ਚ ਪਹੁੰਚ ਸਕੇ।

**ਪੰਜਾਬ 'ਚ ਕੀਤੀ ਜਾਵੇ ਮੋਟੇ ਅਨਾਜ ਦੀ ਖੇਤੀ**

ਮੂਲ ਅਨਾਜਾਂ ਦੇ ਉਤਪਾਦਕ ਭਾਰਤ ਦੇ ਪ੍ਰਮੁੱਖ ਸੂਬਿਆਂ 'ਚ ਰਾਜਸਥਾਨ, ਮਹਾਂਰਾਸ਼ਟਰ, ਕਰਨਾਟਕ, ਗੁਜਰਾਤ ਅਤੇ ਮੱਧ ਪ੍ਰਦੇਸ਼ ਸ਼ਾਮਿਲ ਹਨ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਿਸ ਦੀ 65 ਫ਼ੀਸਦੀ ਤੋਂ ਵੱਧ ਆਬਾਦੀ ਖੇਤੀਬਾੜੀ 'ਤੇ ਹੀ ਨਿਰਭਰ ਕਰਦੀ ਹੈ ਪਰ ਪਰਾਲੀ ਦੇ ਪ੍ਰਬੰਧਨ, ਪਾਣੀ ਦੀ ਬੱਚਤ ਅਤੇ ਕੀਟਨਾਸ਼ਕ ਦਵਾਈਆਂ ਦੀ ਦੁਰਵਰਤੋਂ ਵਰਗੇ ਮਸਲਿਆਂ ਕਾਰਨ ਪੰਜਾਬ 'ਤੇ ਵਾਤਾਵਰਨ ਦੂਸ਼ਿਤ ਕਰਨ ਦਾ ਠੱਪਾ ਲੱਗਾ ਹੋਇਆ ਹੈ, ਇਸੇ ਲਈ ਖੇਤੀ ਮਾਹਿਰਾਂ ਮੁਤਾਬਕ ਪੰਜਾਬ ਨੂੰ ਖੇਤੀ ਚੱਕਰ 'ਚ ਮੋਟੇ ਅਨਾਜਾਂ ਦੀ ਖੇਤੀ ਨੂੰ ਸ਼ਾਮਿਲ ਕਰ ਕੇ ਬਹੁਤ ਲਾਭ ਹੋ ਸਕਦਾ ਹੈ ਪਰ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ, ਸਹੀ ਕੁਆਲਟੀ ਦੇ ਬੀਜ, ਪਨੀਰੀ, ਖੇਤੀ ਸਿਖਲਾਈ, ਨਿਗਰਾਨੀ ਤੇ ਸਲਾਹ, ਸਟੋਰੇਜ ਤੇ ਸਾਂਭ-ਸੰਭਾਲ, ਮੰਡੀਕਰਨ, ਮਾਰਕੀਟਿੰਗ ਆਦਿ ਅਤੇ ਸਭ ਤੋਂ ਵੱਡਾ ਮੁੱਦਾ ਜਿਸ 'ਤੇ ਬਾਕੀ ਮੁੱਦੇ ਨਿਰਭਰ ਕਰਦੇ ਹਨ, ਮੋਟੇ ਅਨਾਜਾਂ ਦੀ ਮੰਗ ਆਦਿ ਮੀਲ ਪੱਥਰਾਂ ਨੂੰ ਪ੍ਰਾਪਤ ਕਰਨ ਸਬੰਧੀ ਸਪੱਸ਼ਟਤਾ ਹੋਵੇ।

ਮੂਲ ਅਨਾਜਾਂ ਨੂੰ ਸ਼ੁਰੂਆਤੀ ਦੌਰ 'ਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਹੋਸਟਲਾਂ, ਖੇਡ ਵਿੰਗਾਂ, ਹਸਪਤਾਲਾਂ, ਨਸ਼ਾ ਛੁਡਾਊ ਕੇਂਦਰਾਂ, ਆਂਗਨਵਾੜੀ ਸੈਂਟਰਾਂ, ਸਮੁਦਾਇਕ ਰਸੋਈਆਂ, ਸੁਧਾਰ ਘਰਾਂ 'ਚ ਪਰੋਸੇ ਜਾਂਦੇ ਖਾਣੇ 'ਚ ਹਫ਼ਤੇ ਦੇ 1-2 ਦਿਨ ਖਾਣਾ-ਸਮਾਂ ਸਾਰਣੀ 'ਚ ਸ਼ਾਮਲ ਕੀਤਾ ਜਾ ਸਕਦਾ ਹੈ। ਪੰਜਾਬ ਦੇ ਸਰਕਾਰੀ ਅਤੇ ਸਹਾਇਤਾ-ਪ੍ਰਾਪਤ ਸਕੂਲਾਂ 'ਚ ਹੀ ਲੱਖਾਂ ਵਿਦਿਆਰਥੀ ਹਰ ਰੋਜ਼ ਮਿਡ-ਡੇ-ਮੀਲ ਖਾਂਦੇ ਹਨ।

ਹਸਪਤਾਲਾਂ 'ਚ ਸਟਾਫ, ਦਾਖ਼ਲ ਮਰੀਜ਼ ਤੇ ਉਨ੍ਹਾਂ ਦੇ ਕੇਅਰ ਟੇਕਰਾਂ ਦੀ ਗਿਣਤੀ ਵੀ ਕੋਈ ਘੱਟ ਨਹੀਂ, ਸੁਧਾਰ ਘਰਾਂ 'ਚ ਸਜ਼ਾ ਕੱਟ ਰਹੇ ਕੈਦੀਆਂ ਤੇ ਬੱਚਿਆਂ ਦੇ ਭੋਜਨ 'ਚ ਵੀ ਕਦੇ-ਕਦੇ ਮਿਲੇਟ ਭੋਜਨ ਸ਼ਾਮਿਲ ਕੀਤਾ ਜਾ ਸਕਦਾ ਹੈ। ਧਾਰਮਿਕ ਸੰਸਥਾਵਾਂ ਜਿੱਥੇ ਹਰ ਰੋਜ਼ ਲੱਖਾਂ ਸ਼ਰਧਾਲੂ ਲੰਗਰ ਛਕਦੇ ਹਨ-ਗੁਰਦੁਆਰੇ, ਮੰਦਰ ਅਤੇ ਹੋਰ ਪਵਿੱਤਰ ਅਸਥਾਨ ਆਦਿ 'ਚ ਵਰਤਾਇਆ ਜਾਂਦਾ ਪ੍ਰਸ਼ਾਦ-ਹਲਵਾ, ਖੀਰ ਅਤੇ ਲੰਗਰ 'ਚ ਕੁਝ ਕੁ ਦਿਨਾਂ ਬਾਅਦ ਇੱਕ-ਦੋ ਵਾਰ ਮੂਲ ਅਨਾਜਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਪੈਦਾ ਹੋਈ ਮਿਲੇਟ ਭੋਜਨ ਦੀ ਵੱਡੀ ਮੰਗ ਨੂੰ ਸਥਾਨਕ ਸਪਲਾਈ ਦੀ ਲੋੜ ਹੋਵੇਗੀ।

ਸਰਕਾਰ ਨੂੰ ਚਾਹੀਦਾ ਹੈ ਕਿ ਖੇਤੀ ਵਿਰਾਸਤ ਮਿਸ਼ਨ ਅਤੇ ਅਜਿਹੀਆਂ ਹੋਰ ਗ਼ੈਰ-ਮੁਨਾਫ਼ਾ ਸੰਸਥਾਵਾਂ ਦੇ ਸਹਿਯੋਗ ਨਾਲ ਪੰਜਾਬ ਦੇ ਖੇਤਾਂ, ਖ਼ੁਰਾਕ ਅਤੇ ਵਾਤਾਵਰਨ ਨੂੰ ਜ਼ਹਿਰ ਮੁਕਤ ਬਣਾਉਣ, ਕੁਦਰਤ ਬਚਾਉਣ ਅਤੇ ਸਮਾਜ ਬਚਾਉਣ ਦੇ ਟੀਚੇ ਸਬੰਧੀ ਵਿਸ਼ੇਸ਼ ਜਾਣ-ਪਛਾਣ ਅਤੇ ਸਿਖਲਾਈ ਪ੍ਰੋਗਰਾਮ ਤਹਿਤ ਕਿਸਾਨਾਂ ਦੇ ਨਾਲ-ਨਾਲ ਸਿਹਤ ਕਾਮਿਆਂ, ਅਧਿਆਪਕਾਂ, ਆਸ਼ਾ ਵਰਕਰਾਂ ਅਤੇ ਆਂਗਨਵਾੜੀ ਸਟਾਫ ਲਈ ਵਰਕਸ਼ਾਪ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਸੂਬੇ ਭਰ 'ਚ ਇਸ ਮਿਸ਼ਨ ਦਾ ਸੁਨੇਹਾ ਘਰ-ਘਰ ਪਹੁੰਚ ਸਕੇ।

**ਲੋਕਾਂ 'ਚ ਪੈਦਾ ਕੀਤੀ ਜਾਵੇ ਜਾਗਰੂਕਤਾ**

ਭਾਰਤ ਵੱਲੋਂ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ 'ਚ ਸਾਲ 2023 ਨੂੰ ਮਿਲੇਟ ਭੋਜਨ-ਮੂਲ ਅਨਾਜਾਂ ਦਾ ਅੰਤਰਰਾਸ਼ਟਰੀ ਸਾਲ ਐਲਾਨ ਕਰਨ ਸਬੰਧੀ ਸਪਾਂਸਰ ਕੀਤਾ ਗਿਆ ਸੀ, ਜਿਸ ਦਾ 70 ਤੋਂ ਵੱਧ ਦੇਸ਼ਾਂ ਨੇ ਸਮਰਥਨ ਕੀਤਾ ਹੈ। ਮੋਟੇ ਅਨਾਜ 5000 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਭਾਰਤੀ ਉਪ-ਮਹਾਂਦੀਪ 'ਚ ਰਵਾਇਤੀ ਤੌਰ 'ਤੇ ਉਗਾਏ ਅਤੇ ਖਾਧੇ ਜਾਂਦੇ ਹਨ। ਮੂਲ ਅਨਾਜ ਕੰਗਨੀ, ਕੋਧਰਾ, ਬਾਜਰਾ, ਜਵਾਰ, ਜੌਂ, ਗੁੱਟਕੀ ਆਦਿ ਬੀਜਣ ਲਈ ਉਤਸ਼ਾਹਿਤ ਕਰਨ, ਇਨ੍ਹਾਂ ਤੋਂ ਵੱਖ-ਵੱਖ ਖਾਣ ਵਾਲੀਆਂ ਵਸਤਾਂ ਤਿਆਰ ਕਰਨ ਅਤੇ ਆਮ ਲੋਕਾਂ ਨੂੰ ਮੂਲ ਅਨਾਜਾਂ ਨੂੰ ਰੋਜ਼ਾਨਾ ਖ਼ੁਰਾਕ ਦਾ ਹਿੱਸਾ ਬਣਾਉਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਉਪਰਾਲੇ ਜਾਰੀ ਹਨ। -0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 360:** ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 363:** ਲੁਧਿਆਣਾ ਵਾਸੀ, ਜਨਮ 28-09-1991, ਕੱਦ 5'-7", 12, One year diploma in Manifold, Manifold Operator in Mediway Hospital ਲਈ ਦਾਜ ਰਹਿਤ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98882-91607

**ਫਾਰਮ ਨੰ. 365:** ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

**ਫਾਰਮ ਨੰ. 366:** ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੌਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDI ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਖ਼ੇਮੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 382:** ਲੁਧਿਆਣਾ ਵਾਸੀ, ਜਨਮ ਮਿਤੀ 1-10-1994, ਕੱਦ 6'-1", M.Tech IIT Kanpur, Service in MNC at Banglore, Earning Twenty Seven Lakh PA, ਲਈ Well Qualified, Tall, Slim, Working Girl ਦੀ ਲੋੜ ਹੈ। ਸੰਪਰਕ: 99142-47653

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

-0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਅਪ੍ਰੈਲ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 7 ਪਿੰਡਾਂ ਅਤੇ ਇੱਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ (ਸੁਰ ਸਿੰਘ) ਵਿਖੇ ਬੱਚਿਆਂ ਨੇ ਗੁਰਬਾਣੀ ਪਾਠ ਅਤੇ ਕੀਰਤਨ ਦੀ ਹਾਜ਼ਰੀ ਭਰੀ। ਉਪਰੰਤ ਪ੍ਰਚਾਰਕ ਭਾਈ ਨਿਰਮਲ ਸਿੰਘ ਜੀ ਨੇ ਬੱਚਿਆਂ ਨੂੰ ਵਿਸਾਖੀ ਦਾ ਮਹੱਤਵ ਦਸਦੇ ਹੋਏ ਕੌਮੀ ਇਤਿਹਾਸ ਤੋਂ ਜਾਣੂ ਕਰਵਾਇਆ।

**2. ਪਰਿੰਗੜੀ (ਤਰਨਤਾਰਨ)-** ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਜੀ ਵਲੋਂ ਸੋਮਵਾਰ ਨੂੰ ਆਦਰਸ਼ ਸਕੂਲ ਸੰਗਵਾਂ, ਪਿੰਡ ਸੁਹਾਵਾ ਵਿਖੇ ਮੰਗਲਵਾਰ, ਬੁੱਧਵਾਰ ਤੋਂ ਲੈ ਕੇ ਐਤਵਾਰ ਤੱਕ ਪਿੰਡ ਪਰਿੰਗੜੀ ਵਿਖੇ, ਐਤਵਾਰ ਨੂੰ ਰੂੜੇਆਸਲ ਵਿਖੇ, ਸ਼ੁੱਕਰਵਾਰ ਨੂੰ ਸ.ਸ.ਸ.ਸ. ਹੀਰਾ ਸਿੰਘ ਸਕੂਲ ਨੰਦਪੁਰ ਵਿਖੇ ਕਲਾਸ ਲਗਾਈ ਜਾਂਦੀ ਹੈ। ਵਿਸਾਖੀ ਪੁਰਬ ਮੌਕੇ 14 ਅਪ੍ਰੈਲ ਨੂੰ ਪਿੰਡ ਪਰਿੰਗੜੀ ਵਿਖੇ ਬੱਚਿਆਂ ਦੇ ਕਵੀਸ਼ਰੀ, ਕਵਿਤਾ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ।

**ਮਾਲਵਾ:-**

**3. ਘਨੌਲੀ (86998-99996)-** ਕੇਂਦਰ ਦੇ ਪ੍ਰਚਾਰਕ ਭਾਈ ਅਜੀਤ ਸਿੰਘ ਵਲੋਂ 17 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਧਰਮ ਪ੍ਰਚਾਰ ਟਰੱਸਟ ਵਲੋਂ ਸਿੱਖੀ ਦੇ ਪ੍ਰਚਾਰ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

**4. ਕਾਲੇਕੇ (97791-68108)-** ਕੇਂਦਰ ਦੇ ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਪਿੰਡ ਵਿੱਚ ਰੋਜ਼ਾਨਾ ਸਵੇਰੇ ਕਥਾ ਵਿਚਾਰ ਕੀਤੀ ਜਾਂਦੀ ਹੈ ਅਤੇ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। 8 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

**5. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 4 ਪਿੰਡਾਂ ਵਿਚ ਅਤੇ 5 ਸਕੂਲਾਂ ਵਿਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 8 ਅਪ੍ਰੈਲ ਨੂੰ ਗੁ: ਗੁਰੂਸਰ ਗੁੱਜਰਵਾਲ ਜੋੜ ਮੇਲੇ ਦੌਰਾਨ ਕਿਤਾਬਾਂ ਦੀ ਸਟਾਲ ਲਗਾਈ ਗਈ। 10 ਅਪ੍ਰੈਲ ਨੂੰ ਬੱਸੀਆਂ ਸਕੂਲ 'ਚ ਦਸਤਾਰ ਤੇ ਦੁਮਾਲਾ ਮੁਕਾਬਲੇ ਕਰਵਾਏ ਗਏ ਅਤੇ ਬੱਚਿਆਂ ਨੂੰ ਇਨਾਮ ਵੰਡੇ ਗਏ। 12 ਅਪ੍ਰੈਲ ਨੂੰ ਪਿੰਡ ਭੈਣੀ ਬੜਿੰਗਾ ਵਿਖੇ ਹੋਏ ਗੁਰਮਤਿ ਮੁਕਾਬਲਿਆਂ ਵਿੱਚ ਜੇਤੂ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਲਾਇਬ੍ਰੇਰੀ ਕਾਲਖ ਵਲੋਂ ਕਿਤਾਬਾਂ ਦੀ ਸਟਾਲ ਲਗਾਈ ਗਈ। ਕੇਂਦਰ ਦੇ 10 ਬੱਚਿਆਂ ਨੇ ਪੁਜੀਸ਼ਨਾਂ ਹਾਸਿਲ ਕੀਤੀਆਂ। 8 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ, 2 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**6. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 4 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਪਿੰਡ ਕੜਿਆਲ ਵਿਖੇ ਹੋਏ ਗੁਰਮਤਿ ਸਮਾਗਮ ਵਿੱਚ ਸੰਗਤ ਨਾਲ ਕਥਾ-ਵਿਚਾਰਾਂ ਦੀ ਸਾਂਝ ਪਾਈ ਗਈ। 2 ਬੱਚਿਆਂ ਨੂੰ ਐਲੀਮੈਂਟਰੀ ਕੋਰਸ ਸ਼ੁਰੂ ਕਰਵਾਇਆ ਗਿਆ। 30 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ।

**7. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਬੱਚਿਆਂ ਨੂੰ ਸਕੂਲ ਵਿੱਚ ਨੈਤਿਕ ਕਦਰਾਂ-ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਸਵੇਰ ਦੀ ਸਭਾ ਵਿੱਚ ਬੱਚੇ **ਜਪੁਜੀ ਸਾਹਿਬ** ਦਾ ਪਾਠ ਕਰਦੇ ਹਨ। ਬੱਚੇ ਸਕੂਲ ਵਿੱਚ ਸਹਿਜ ਪਾਠ ਕਰਦੇ ਹਨ। ਬੱਚਿਆਂ ਨੂੰ ਗੁਰਮਤਿ ਮੁਕਾਬਲਿਆਂ ਲਈ ਤਿਆਰ ਕੀਤਾ ਜਾਂਦਾ ਹੈ। ਸਾਰੇ ਬੱਚਿਆਂ ਨੂੰ ਪ੍ਰਸ਼ਾਦਾ ਛੱਕਣ ਤੋਂ ਪਹਿਲਾਂ ਤੇ ਬਾਅਦ ਅਰਦਾਸ ਕੰਠ ਕਰਵਾਈ ਜਾਂਦੀ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਏ ਸਮਾਗਮ ਵਿੱਚ ਸਕੂਲ ਵਿਚ ਬੱਚਿਆਂ ਵਲੋਂ ਕਵਿਤਾ, ਲੈਕਚਰ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਵਿਸਾਖੀ ਮੌਕੇ ਕਰਵਾਏ ਗਏ ਸਮਾਗਮ ਵਿਚ ਬੱਚਿਆਂ ਨੇ ਕਵਿਤਾ, ਕੀਰਤਨ ਅਤੇ ਲੈਕਚਰ ਪੇਸ਼ ਕੀਤੇ ਹਨ।

**8. ਰਤਨਗੜ੍ਹ ਸਿੰਧੜਾ (84370-63450)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਚੈਨ ਸਿੰਘ ਵੱਲੋਂ 2 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਐਤਵਾਰ ਨੂੰ 4 ਪਿੰਡਾਂ ਵਿੱਚ ਗੁਰਮਤਿ ਕਲਾਸ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ ਅਤੇ ਇਤਿਹਾਸ ਬਾਰੇ ਪੜ੍ਹਾਇਆ ਜਾਂਦਾ ਹੈ। ਐਤਵਾਰ ਨੂੰ ਖਨਾਲ ਕਲਾਂ ਦੇ ਬੱਚਿਆਂ ਵਲੋਂ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਵਜੀਦ ਕੇ ਖੁਰਦ (75268-46700)-** ਪ੍ਰਚਾਰਕ ਭਾਈ ਲਖਵਿੰਦਰ ਸਿੰਘ ਵਲੋਂ ਵਜੀਦ ਕੇ ਖੁਰਦ (ਬਰਨਾਲਾ) ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਨਿਤਨੇਮ ਅਤੇ ਸੰਗਤ ਨਾਲ ਕਥਾ-ਵੀਚਾਰ ਕੀਤੀ ਜਾਂਦੀ ਹੈ। ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਐਤਵਾਰ ਨੂੰ ਸਵੇਰੇ ਸੰਗਤ ਨਾਲ ਆਸਾ ਦੀ ਵਾਰ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਸੰਗਤ ਨੂੰ ਨਾਨਕਸ਼ਾਹੀ ਕੈਲੰਡਰ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਨਾਨਕਸ਼ਾਹੀ ਕੈਲੰਡਰ ਵੰਡੇ ਗਏ। 14 ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕਥਾ-ਵਿਚਾਰਾਂ ਕੀਤੀਆਂ ਗਈਆਂ। ਸੰਗਤ ਘਰਾਂ ਵਿੱਚ ਸਹਿਜ ਪਾਠ ਕਰ ਰਹੀਆਂ ਹਨ।

**10. ਬੁਗਰਾ (70097-82466)-** ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ 13 ਅਪ੍ਰੈਲ ਨੂੰ ਦਸਤਾਰ ਮੁਕਾਬਲੇ ਕਰਵਾਏ ਗਏ। 5 ਅਪ੍ਰੈਲ ਤੋਂ 12 ਅਪ੍ਰੈਲ ਤੱਕ ਦਸਤਾਰ ਕੈਂਪ ਲਗਾਇਆ ਗਿਆ। 14 ਅਪ੍ਰੈਲ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਾਏ ਗਏ ਅਤੇ ਗੁਰਮਤਿ ਕਲਾਸ ਦੇ ਬੱਚਿਆਂ ਨੂੰ ਦਸਤਾਰਾਂ ਦਿੱਤੀਆਂ ਗਈਆਂ। 16 ਅਪ੍ਰੈਲ ਨੂੰ ਕੰਪਿਊਟਰ ਕਲਾਸ ਵਾਲੇ ਬੱਚਿਆਂ ਦੇ ਪੇਪਰ ਲਏ ਗਏ। ਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਦੀਵਾਨ ਸਜਾਏ ਗਏ ਅਤੇ ਬੱਚਿਆਂ ਨੂੰ ਇਨਾਮ ਦਿੱਤੇ ਗਏ। ਹਰ ਰੋਜ਼ ਕੰਪਿਊਟਰ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਸਵੇਰ ਵੇਲੇ ਕਥਾ-ਵਿਚਾਰ ਕੀਤੀ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**11. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਨਾਭਾ ਵਿਖੇ 4 ਸਕੂਲਾਂ ਵਿੱਚ 3 ਦਿਨ ਕਲਾਸਾਂ ਅਤੇ ਲੈਕਚਰ ਦੀ ਸੇਵਾ ਨਿਭਾਈ ਗਈ। 3 ਪਿੰਡਾਂ ਵਿਚ ਹੋਏ ਸਮਾਗਮਾਂ ਵਿਚ ਕਥਾ-ਵਿਚਾਰ ਕੀਤੀ ਗਈ। 8 ਸਕੂਲਾਂ ਵਿੱਚ ਮਹੀਨੇ ਦੀਆਂ 2-2 ਕਲਾਸਾਂ ਲਗਾਈਆਂ ਜਾਂਦੀਆਂ ਹਨ। 25 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**12. ਕੁਲਾਰ (94654-93275)-** ਕੇਂਦਰ ਦੇ ਪ੍ਰਚਾਰਕ ਵਲੋਂ ਰੋਜ਼ਾਨਾ ਅੰਮ੍ਰਿਤ ਵੇਲੇ ਸ਼ਬਦ ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸਵੇਰੇ ਸੰਗਤ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸੋਮਵਾਰ ਅਤੇ ਮੰਗਲਵਾਰ ਸਵੇਰੇ ਸਰਕਾਰੀ ਮਿਡਲ ਸਕੂਲ ਕੁਲਾਰ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ।

**13. ਨਾਭਾ (ਪਟਿਆਲਾ) (98039-13133) -** ਕੇਂਦਰ ਦੇ ਪ੍ਰਚਾਰਕ ਭਾਈ ਸੰਦੀਪ ਸਿੰਘ ਹਲਵਾਰਾ ਵਲੋਂ 14 ਅਪ੍ਰੈਲ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਕਰਵਾਏ ਗਏ ਸਮਾਗਮ ਵਿੱਚ ਭਾਈ ਸੁਖਵਿੰਦਰ ਸਿੰਘ ਦਦੇਹਰ ਜੀ ਨੇ ਕਥਾ-ਵਿਚਾਰ ਕੀਤੀ ਹੈ। ਭਾਈ ਅਲੰਕਾਰ ਸਿੰਘ ਜੀ (ਮੁਖੀ ਗੁਰਮਤਿ ਸੰਗੀਤ ਚੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੇ ਸੰਗਤ ਨੂੰ ਕੀਰਤਨ ਸਰਵਣ ਕਰਵਾਇਆ। ਇਸ ਸਲਾਨਾ ਸਮਾਗਮ ਵਿੱਚ ਬੱਚਿਆਂ ਨੂੰ ਇਨਾਮ ਵੰਡੇ ਗਏ ਅਤੇ ਸਕੂਲ ਟੀਚਰਜ਼ ਤੇ ਪ੍ਰਿੰਸੀਪਲ ਜੀ ਨੂੰ ਵੀ ਸਨਮਾਨਿਤ ਕੀਤਾ ਗਿਆ। ਵਿਸਾਖੀ ਵਾਲੇ ਦਿਨ ਲਿਟਰੇਚਰ ਦਾ ਸਟਾਲ ਲਗਾਇਆ ਗਿਆ। ਗੁ: ਪਾਤਸ਼ਾਹੀ ਨੌਵੀਂ ਰੋਹਟਾ ਸਾਹਿਬ ਲੜੀਵਾਰ ਕਥਾ ਵਿਚਾਰ ਕੀਤੀ ਜਾਂਦੀ ਹੈ। ਮਹੀਨੇ ਦੇ ਪਹਿਲੇ ਐਤਵਾਰ ਗੁ: ਭਗਤ ਨਾਮਦੇਵ ਜੀ ਅਲੌਹਰਾਂ ਗੇਟ ਵਿਖੇ ਨਿਤਨੇਮ ਅਤੇ ਕਥਾ-ਵਿਚਾਰ ਕੀਤੀ ਜਾਂਦੀ ਹੈ।

**ਦੁਆਬਾ**

**14. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਵਲੋਂ 10 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਬਾਣੀ ਸੰਥਿਆ ਅਤੇ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਵਿਸਾਖੀ ਦੇ ਦਿਹਾੜੇ ਨੂੰ ਮੁੱਖ ਰਖਦਿਆਂ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਅਤੇ ਗੁਰਦੁਆਰਾ ਨਾਨਕ ਦਰਬਾਰ ਸਾਹਿਬ ਵਿਖੇ ਸੰਗਤ ਨਾਲ ਕਥਾ-ਵਿਚਾਰਾਂ ਕੀਤੀਆਂ ਗਈਆਂ। 33 ਬੱਚੇ ਸਹਿਜ ਪਾਠ ਕਰ ਰਹੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**15. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਕੇਂਦਰ ਦੇ ਦੋ ਗੁਰਦੁਆਰਿਆਂ ਵਿੱਚ ਗੁਰਮਤਿ ਕਲਾਸ, ਕੀਰਤਨ ਕਲਾਸ ਅਤੇ ਗਤਕੇ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 13 ਅਪ੍ਰੈਲ ਨੂੰ ਵਿਸਾਖੀ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਗੁਰਦੁਆਰਾ ਫਲਾਹੀ ਸਾਹਿਬ ਵਿਖੇ ਗੁਰਮਤਿ ਕਲਾਸਾਂ ਵਿਚ ਹਾਜ਼ਰੀ ਭਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। 14 ਅਪ੍ਰੈਲ ਨੂੰ ਵਿਸਾਖੀ ਨੂੰ ਸਮਰਪਿਤ ਪਿੰਡ ਹੇਰਾਂ ਵਿਖੇ ਕਲਾਸ ਵਿੱਚ ਆਉਣ ਵਾਲੇ ਬੱਚਿਆਂ ਵਲੋਂ ਹੀ ਕਵਿਤਾ, ਕਵੀਸ਼ਰੀ ਅਤੇ ਲੈਕਚਰ ਰਾਹੀ ਸੰਗਤ ਨੂੰ ਨਿਹਾਲ ਕੀਤਾ ਗਿਆ ਅਤੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤਾ ਹੈ, ਇੱਕ ਬੱਚੇ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ ਅਤੇ 60 ਬੱਚੇ ਸਹਿਜ ਪਾਠ ਕਰ ਰਹੇ ਹਨ।

**16. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਨਿਤਨੇਮ ਅਤੇ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। ਵਿਸਾਖੀ ਦੇ ਦਿਹਾੜੇ ਦੇ ਸਬੰਧ ਵਿੱਚ ਵੱਖ-ਵੱਖ ਪਿੰਡਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ। ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕਥਾ-ਵਿਚਾਰਾਂ ਕੀਤੀਆਂ ਗਈਆਂ। 2 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**17. ਇੰਫਾਲ (ਮਨੀਪੁਰ)-**ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**18. ਗਾਂਧੀਧਾਮ (ਗੁਜਰਾਤ) (98057-08111)-** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਬੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

**19. ਸਿੰਬਲ ਕੈਂਪ (ਜੰਮੂ) (90865-31984)-**ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਗੁਰਦੁਆਰਾ ਸਾਹਿਬ ਟਾਹਲੀ ਮੋੜ, ਗੁਰਦੁਆਰਾ ਮੁਰਾਲੀਆਂ ਮੀਰਾਂ ਸਾਹਿਬ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਉਆਂ ਵਿਖੇ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਗੁਰਬਾਣੀ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਗੁਰਦੁਆਰਾ ਵਿੰਦਰ ਆਰ. ਐਸ.ਪੁਰਾ ਵਿਖੇ ਸ਼ਾਮ ਨੂੰ ਬੱਚਿਆਂ ਦੀ ਸਭਾ ਲਗਾਈ ਜਾਂਦੀ ਹੈ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਉਆਂ ਆਰ. ਐਸ.ਪੁਰਾ ਵਿਖੇ ਸੰਗਤ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ।

**20. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**21. ਜਰਮਨ (0049-1631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲਸਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**22. ਦੁਰਗ (ਛੱਤੀਸਗੜ੍ਹ)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ੍ਰੀ ਗੁਰੂ ਨਾਨਕ ਪਥ ਦੁਰਗ ਵਿਖੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

-0-

## ਅੰਮ੍ਰਿਤਾ ਦੇ ਮਿਹਣੇ ਦਾ ਵਾਰਸ ਸ਼ਾਹ ਵਲੋਂ ਜਵਾਬ

**-ਸੁਖਵਿੰਦਰ ਸਿੰਘ ਰਟੌਲ**

ਸੁਣ ਮਿਹਣੇ ਵਾਰਸ ਸ਼ਾਹ ਦੀ, ਪਿਆ ਕਬਰਾਂ ਵਿਚੋਂ ਬੋਲ।
ਫਿਰ ਲੀਰਾਂ ਹੀ ਲੀਰਾਂ ਨਿਕਲੀਆਂ, ਜਦ ਖਿੱਦੋ ਦਿੱਤੀ ਫੋਲ।
ਗੱਲ ਸੁਣ ਨੀ ਚਲਾਕੋ ਮਾਸੀਏ! ਕਿਉਂ ਝੂਠੇ ਪਾਉਂਦੀ ਵੈਣ।
ਤੈਨੂੰ ਦਿੱਲੀ ਦੀਆਂ ਸਰਪ੍ਰਸਤੀਆਂ, ਤੇਰੀ ਸਹੇਲੀ ਇੰਦਰਾ ਭੈਣ।
ਤੇਰੇ ਸਾਹਵੇਂ ਸੜਦੇ ਸਿੱਖ ਸੀ, ਗਲ ਮੱਚਦੇ ਬਲਦੇ ਟਾਇਰ।
ਕਲਮ ਉੱਠੀ ਕਲਮੂੰਹੀਂ ਨਾ, ਤੇਰੇ ਅੰਦਰੋਂ ਮਰ ਗਿਆ ਸ਼ਾਇਰ।
ਸਿੱਖ ਧੀਆਂ ਦੀ ਪੱਤ ਲੁੱਟਦਾ, ਤੇਰੇ ਸ਼ਹਿਰ 'ਚ ਰਿਹਾ ਹਜੂਮ।
ਤੂੰ ਕਰਦੀ ਰਹੀ ਅਯਾਸ਼ੀਆਂ, ਤੈਨੂੰ ਦਿਖਿਆ ਨਾ ਮਜ਼ਲੂਮ।
ਬੇ-ਫਿਕਰ ਜ਼ਮਾਨਾ ਹੋ ਗਿਆ, ਹਰ ਪਾਸੇ ਦੀ ਕੋਹਰਾਮ।
ਤੇਰੀ ਕਲਮ ਨੂੰ ਪੈ ਗਈ ਮੌਤ ਸੀ, ਰਹੀ ਬੈਠੀ ਨਾਲ ਅਰਾਮ।
ਤੂੰ ਮਰ ਗਈ ਪੀਂਦੀ ਸਿਗਰਟਾਂ, ਗਈ ਕੌਮ ਨੂੰ ਪਿੱਠ ਵਿਖਾ।
ਜਾ ਦਫਾ ਹੋ ਜਾ ਮੇਰੀ ਕਬਰ ਤੋਂ, ਕੋਈ ਦਾਗ ਨਾ ਦੇਵੀਂ ਲਾ।
ਸੁਣ ਮਿਹਣੇ ਵਾਰਸ ਸ਼ਾਹ ਦੀ, ਪਿਆ ਕਬਰਾਂ ਵਿਚੋਂ ਬੋਲ।
ਫਿਰ ਲੀਰਾਂ ਹੀ ਲੀਰਾਂ ਨਿਕਲੀਆਂ, ਜਦ ਖਿੱਦੋ ਦਿੱਤੀ ਫੋਲ।

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਬੀਬੀ ਜਸਮੀਨ ਕੌਰ ਮੈਰੀਮੈਂਟ ਪਬਲਿਕ ਸਕੂਲ (ਲੁਧਿਆਣਾ) ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਉਂਦਿਆਂ।



ਕੈਪਟਨ ਅਵਤਾਰ ਸਿੰਘ ਮੈਰੀਮੈਂਟ ਪਬਲਿਕ ਸਕੂਲ (ਲੁਧਿਆਣਾ) ਵਿਖੇ ਅਧਿਆਪਕਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ।



ਕੇਂਦਰ ਰਤਨਗੜ੍ਹ ਸਿਧੜਾ ਦੇ ਪਿੰਡ ਮੁਨਸ਼ੀਵਾਲਾ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਕੁੱਬਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਅਧਿਆਪਕਾਂ ਦੇ ਸਹਿਯੋਗ ਸਦਕਾ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਬੁਗਰਾ ਵਿਖੇ ਲੱਗ ਰਹੀ ਬੱਚਿਆਂ ਦੀ ਕੰਪਿਊਟਰ ਕਲਾਸ।



ਕੇਂਦਰ ਨਵਾਂਸ਼ਹਿਰ ਦੇ ਦੁਆਬਾ ਆਰੀਆ ਸਕੂਲ ਵਿਖੇ 4 ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਖਨਾਲ ਕਲਾਂ ਦੇ ਸਰਕਾਰੀ ਹਾਈ ਸਕੂਲ ਜਨਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਸਾਈਂ ਪਬਲਿਕ ਸੀ. ਸੈ. ਸਕੂਲ ਲੁਧਿਆਣਾ ਵਿਖੇ ਗੁਰਮਤਿ ਕੈਂਪ ਸਮਾਪਤੀ ਮੌਕੇ ਡਾਇਰੈਕਟਰ ਮੈਡਮ ਸਰੋਜ ਮੰਨਣ ਨੂੰ ਸਨਮਾਨਤ ਕੀਤਾ ਗਿਆ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month




# ਗੁਰਮਤਿ ਗਿਆਨ ਮਿਸ਼ਨਰੀ ਕਾਲਜ

# ਦਾਖਲਾ ਨੋਟਿਸ

**ਗੁਰਬਾਣੀ ਸੰਥਿਆ, ਇਤਿਹਾਸ, ਫਿਲਾਸਫੀ, ਸਿੱਖ ਰਹਿਤ ਮਰਿਯਾਦਾ, ਕਥਾ-ਕੀਰਤਨ ਆਦਿ ਲਈ ਪ੍ਰਚਾਰਕ ਦਾ ਤਿੰਨ ਸਾਲਾ ਡਿਪਲੋਮਾ ਕੋਰਸ (2½ ਸਾਲ ਕਾਲਜ ਵਿਖੇ ਅਤੇ 6 ਮਹੀਨੇ ਫੀਲਡ ਟ੍ਰੇਨਿੰਗ) ਦਾਖਲਾ ਸ਼ੁਰੂ ਹੈ।**

**ਯੋਗਤਾ :** 10+2 ਪਾਸ, ਵੱਧ ਪੜ੍ਹੇ ਲਿਖੇ ਨੂੰ ਤਰਜੀਹ, ਖਾਸ ਹਾਲਤਾਂ ਵਿਚ ਮੈਟ੍ਰਿਕ ਪਾਸ।

**ਉਮਰ :** 18 ਤੋਂ 28 ਸਾਲ।

**ਦਾਖਲਾ ਮਿਤੀ (ਲੜਕੇ) : 6 ਜੁਲਾਈ 2024 (ਸ਼ਨੀਵਾਰ)**

ਦਾਖਲੇ ਵਾਲੇ ਚਾਹਵਾਨ ਉਮੀਦਵਾਰ 6 ਜੁਲਾਈ 2022 ਦਿਨ ਬੁੱਧਵਾਰ ਨੂੰ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤਕ, ਕਾਲਜ ਵਿਖੇ ਆਪਣੇ ਅਸਲੀ ਸਰਟੀਫਿਕੇਟ ਅਤੇ 2 ਫੋਟੋਆਂ ਲੈ ਕੇ ਆਪਣੇ ਖਰਚੇ ਉੱਤੇ ਕਾਲਜ ਦੇ ਪਤੇ 'ਤੇ ਪਹੁੰਚ ਸਕਦੇ ਹਨ।

ਨੋਟ : 1. ਯੋਗ ਵਿਦਿਆਰਥੀਆਂ ਨੂੰ ਟ੍ਰੇਨਿੰਗ ਉਪਰੰਤ ਸਹੂਲਤਾਂ ਦੇ ਕੇ ਪ੍ਰਚਾਰਕ ਨਿਯੁਕਤ ਕੀਤਾ ਜਾਂਦਾ ਹੈ।
2. ਗੁਰਮਤਿ ਕੋਰਸ ਕਰ ਚੁੱਕੇ ਵੀਰ ਪ੍ਰਚਾਰਕ ਸੇਵਾ ਲਈ ਸੰਪਰਕ ਕਰਨ।

ਟ੍ਰੇਨਿੰਗ ਦੌਰਾਨ ਪੜ੍ਹਾਈ, ਰਿਹਾਇਸ਼, ਲੰਗਰ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਾਲਜ ਵਲੋਂ ਫ੍ਰੀ ਕੀਤਾ ਜਾਵੇਗਾ

ਦਾਖਲਾ ਫੀਸ 2000/- ਕਿਤਾਬਾਂ 3500/-

**ਸੰਪਰਕ ਕਰੋ: 98146-35655, 99155-29725, 98555-98855**

## ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਜਵੱਦੀ, ਲੁਧਿਆਣਾ ਫੋਨ: 0161-2521700

Email: gurmatgian@rediffmail.com Website: gurmatgian.org